# ਅਚਰਜ ਗ੍ਰਹਿ ਦੀ
## ਗਾਥਾ



Pb
028.5
Sh 63 A

ਤਾਜੀਮਾ ਸ਼ਿਨਜੀ

Sh 63 A

INDIAN INSTITUTE
OF
ADVANCED STUDY
LIBRARY, SHIMLA

# ਅਚਰਜ ਗ੍ਰਿਹ ਦੀ ਗਾਥਾ

**ਤਾਜੀਮਾ ਸ਼ਿਨਜੀ**

ਪੰਜਾਬੀ ਅਨੁਵਾਦ

**ਗੁਲਵੰਤ 'ਫ਼ਾਰਿਗ'**

ਚਿੱਤਰ

**ਗੀਤਾ ਵਡੇਰਾ**

ਸਾਹਿਤ ਅਕਾਦੇਮੀ

*Acharaja Graha Di Gatha* : Punjabi translation by Gulwant 'Farigh' of Tajima Shinji's short-stories collection *The Legend of Planet Surprise*, in English. Sahitya Akademi, New Delhi (1995), Rs.30.

P
028.5
Sh 63 A

© ਸਾਹਿਤ ਅਕਾਦੇਮੀ
ਪਹਿਲੀ ਵਾਰ : 1993
ਦੂਜੀ ਵਾਰ : 1995

ਸਾਹਿਤ ਅਕਾਦੇਮੀ

**ਮੁੱਖ ਦਫ਼ਤਰ**

ਰਵਿੰਦਰ ਭਵਨ, 35, ਫ਼ੀਰੋਜ਼ਸ਼ਾਹ ਮਾਰਗ, ਨਵੀਂ ਦਿੱਲੀ 110 001
ਵਿਕਰੀ ਕੇਂਦਰ : ਸੁਆਤੀ , ਮੰਦਿਰ ਮਾਰਗ, ਨਵੀਂ ਦਿੱਲੀ 110 001

**ਪ੍ਰਦੇਸ਼ਿਕ ਦਫ਼ਤਰ**

ਜੀਵਨਤਾਰਾ ਬਿਲਡਿੰਗ, ਚੌਥੀ ਮੰਜਿਲ, 23-ਏ44 ਐਕਸ, ਡਾਇਮੰਡ ਹਾਰਬਰ ਰੋਡ, ਕਲਕੱਤਾ 700 053
172, ਮੁੰਬਈ ਮਰਾਠੀ ਗ੍ਰੰਥ ਸੰਗ੍ਰਹਾਲਯ ਮਾਰਗ, ਦਾਦਰ, ਬੰਬਈ 400 014
ਗੁਨਾ ਬਿਲਡਿੰਗ, ਦੂਸਰੀ ਮੰਜ਼ਿਲ, 304-305, ਅੰਨਾ ਸਲਾਈ, ਤੇਨਾਮਪੇਟ, ਮਦਰਾਸ 600 018
ਏ. ਡੀ. ਏ. ਰੰਗਮੰਦਿਰ, 109, ਜੇ. ਸੀ. ਰੋਡ, ਬੰਗਲੌਰ 560 002

ਮੁੱਲ : 30 ਰੁਪਏ

ISBN 81-7201-525-9

Indian Institute of Advanced Study
116220
23/11/2004
SHIMLA

Library IIAS, Shimla
P 028.5 Sh 63 A
00116220

**Printed at** :
Mona Enterprises, Naveen Shahdara
Delhi-110032



## ਤਤਕਰਾਂ


ਹੋਮਹਿੱਲ ਵਾਲਾ ਕੌਨਕੀਚੀ 7
ਅਚਰਜ ਗ੍ਰਹਿ ਦੀ ਗਾਥਾ 22
ਕੋਈ 35
ਰੇਗਿਸਤਾਨ ਦਾ ਡਾਈਨੋਸੌਰ 42
ਬਹਾਰ ਆਉਂਦੀ ਹੈ ਕਿਥੋਂ ? 48

# ਲੇਖਕ ਵਲੋਂ

ਅਸੀਂ ਇਹ ਕਿਸ ਕਿਸਮ ਦੇ ਸਮਿਆਂ ਵਿੱਚ ਜੀਊ ਰਹੇ ਹਾਂ ?

ਜਿੱਥੋਂ ਤੱਕ ਮਨੁੱਖ ਜਾਤੀ ਦੇ ਭਵਿੱਖ ਦਾ ਸੰਬੰਧ ਹੈ, ਕੀ ਇਸ ਵਿੱਚ ਆਸ-ਉਮੀਦ ਹੈ ਜਾਂ ਨਹੀਂ?

ਕੀ ਮਨੁੱਖਤਾ ਆਸ਼ਾ ਸਿਰਜ ਸਕਦੀ ਹੈ, ਜਾਂ ਫਿਰ ਇਹ ਸੰਭਵਂ ਨਹੀਂ ?

ਇਹ ਆਪਣੇ-ਆਪ ਵਿੱਚ ਹੀ, ਸਾਡੀ ਨਵੀਂ ਅਤੇ ਪੁਰਾਣੀ ਨਸਲ ਲਈ, ਸੱਭ ਤੋਂ ਮਹੱਤਵਪੂਰਨ ਸਵਾਲ ਹੈ, ਜਦ ਕਿ ਅਸੀਂ, ਨਵੀਂ ਸਦੀ ਵਿੱਚ ਦਾਖ਼ਲ ਹੋ ਰਹੇ ਹਾਂ।

ਇਸ ਤੋਂ ਇਲਾਵਾ, ਇਹਨਾਂ ਸਵਾਲਾਂ ਦੇ ਜਵਾਬ ਢੂੰਡਣ ਦਾ ਔਖਾ ਕੰਮ, ਅੱਜ ਦੇ ਬੱਚਿਆਂ 'ਤੇ ਵੀ ਆ ਪੈਂਦਾ ਹੈ, ਬੱਚੇ ਜੋ ਸੱਭ ਤੋਂ ਸੰਵੇਦਨਸ਼ੀਲ ਜੀਵ ਹਨ ਅਤੇ ਜੋ ਭਵਿੱਖ ਵਿੱਚ ਵਧਣ-ਵਿਗਸਣ ਦਾ ਯਤਨ ਕਰ ਰਹੇ ਹਨ। ਗ੍ਰਹਿਣਸ਼ੀਲ ਅਤੇ ਅਤਿਅੰਤ ਪ੍ਰਭਾਵਸ਼ੀਲ ਅਤੇ ਨਾਲ ਹੀ ਸ਼ਕਤੀ ਨਾਲ ਭਰਪੂਰ, ਉਹ ਦਿਨ-ਬ-ਦਿਨ, ਬਾਲਗ਼-ਸੰਸਾਰ ਨੂੰ, ਗਹੁ ਨਾਲ ਵੇਖਦੇ-ਵਾਚਦੇ ਵੀ ਹਨ ਅਤੇ ਉਸ ਉੱਤੇ ਝੁੱਟੀ ਵੀ ਮਾਰਦੇ ਹਨ, ਅਤੇ ਸਮਕਾਲੀ ਸੱਭਿਅਤਾ ਨਾਲ ਸੰਬੰਧਿਤ ਬਹੁਤ ਸਾਰੀਆਂ ਸਮੱਸਿਆਵਾਂ ਨੂੰ, ਆਪਣੇ ਮਨਾਂ ਵਿੱਚ, ਡੂੰਘੀ ਤਰ੍ਹਾਂ ਸਮੋਈ ਵੀ ਜਾਂਦੇ ਹਨ।

ਅਸੀਂ ਆਪਣੇ-ਆਪ ਨੂੰ, ਕਾਗ਼ਜ਼ ਦੀ ਕਿਸ਼ਤੀ ਵਿੱਚ ਕੈਦ ਮੁਸਾਫ਼ਿਰ ਸਮਝ-ਚਿਤਵ ਸਕਦੇ ਹਾਂ, ਜੋ ਕਿ ਇੱਕ ਗਰਜਦੀ-ਗੜ੍ਹਕਦੀ ਆਬਸ਼ਾਰ ਦੇ ਹੇਠਾਂ, ਤੂਫ਼ਾਨੀ ਪਾਣੀਆਂ ਵਿੱਚ ਘਿਰੀ ਬੇਵਸ, ਬੇਸਹਾਰਾ ਹੇਠਾਂ-ਉੱਪਰ ਡੋਲਦੀ, ਡਿੱਕੋ-ਡੋਲੇ ਖਾਂਦੀ, ਅੱਗੇ-ਪਿੱਛੇ ਧੱਕੀ-ਧਕੇਲੀ ਜਾਂਦੀ ਹੈ। ਅਸੀਂ ਵੱਡੇ ਭਲਾ ਉਹਨਾਂ ਕਹਿਰੀ ਵਿਕਾਸਾਂ ਦੀ ਵਾਸਤਵਿਕ ਸੰਭਾਵਨਾ ਬੱਚਿਆਂ ਨੂੰ ਕਿਵੇਂ ਪਹੁੰਚਾ ਤੇ ਸਮਝਾ ਸਕਦੇ ਹਾਂ, ਜਿਹਨਾਂ ਛੇਤੀ ਹੀ, ਉਹਨਾਂ ਦੀ ਹਕੀਕਤ ਬਣਨਾ ਹੈ ? ਕੀ ਅੱਜ ਦੇ ਵੱਡਿਆਂ ਨੂੰ, ਮਨੁੱਖਤਾ ਦੀ ਨੱਈਆਂ ਸਾਂਤ-ਸਾਗਰਾਂ ਵਲ ਲਿਜਾਣ ਲਈ, ਬਿਪਤਾ ਨੂੰ ਫ਼ੈਸਲਾਕੁਨ ਢੰਗ ਨਾਲ ਰੋਕਣ ਵਿੱਚ, ਸਫ਼ਲਤਾ ਪ੍ਰਾਪਤ ਨਹੀਂ ਕਰਨੀ ਚਾਹੀਦੀ, ਤਾਂ ਜੋ ਅਗਲੀ ਪੀੜ੍ਹੀ, ਸਵਾਲਾਂ ਨੂੰ ਆਪਣੇ ਹੱਥ ਵਿੱਚ ਲੈਣ ਅਤੇ ਖ਼ਤਰੇ ਦੀ ਪਹੁੰਚ ਤੋਂ ਪਰ੍ਹੇ ਜਾਣ ਲਈ ਤਿਆਰ-ਬਰ-ਤਿਆਰ ਹੋ ਸਕੇ !

ਇਹ ਬੱਚਿਆਂ ਲਈ ਹੀ ਹੈ, ਜਿਹੜੇ ਕਿ ਇਸ ਸਥਿਤੀ ਵਿੱਚ ਘਿਰ ਗਏ ਹਨ, ਅਤੇ ਉਹਨਾਂ ਵੱਡਿਆਂ ਵਾਸਤੇ ਵੀ, ਜੋ ਉਹਨਾਂ ਲਈ ਸੱਚੇ ਦਿਲੋਂ ਫ਼ਿਕਰਮੰਦੀ ਮਹਿਸੂਸ ਕਰਦੇ ਹਨ, ਕਿ ਮੈਂ ਪਿਛਲੇ ਪੰਦਰਾਂ ਵਰ੍ਹਿਆਂ ਵਿੱਚ ਇਹ ਕਹਾਣੀਆਂ ਰਚੀਆਂ ਹਨ, ਜੋ ਇਸ ਪੁਸਤਕ ਵਿੱਚ ਸ਼ਾਮਿਲ ਹਨ। ਇਹ ਮੇਰੀ ਅੰਤਰ-ਆਤਮਾ ਦੀ ਚੀਤਕਾਰ ਹੈ।

ਮੈਂ ਇਸ ਤਰ੍ਹਾਂ ਦੀਆਂ ਕਹਾਣੀਆਂ, ਜੋ ਮਨੁੱਖ-ਜਾਤੀ ਨੂੰ ਆਸ਼ਾ ਅਤੇ ਨਿਰਾਸ਼ਾ ਦੇ ਦੋ ਉਚੇ-ਉਚੇ ਪਰਬਤਾਂ ਵਿਚਕਾਰ ਘਿਰੀ ਵਾੱਦੀ ਵਿੱਚ ਰੱਖ ਕੇ, ਚਿਤ੍ਰਿਤ ਕਰਦੀਆਂ ਹਨ, ਲਿਖਣ ਦੀ ਮਜਬੂਰੀ ਕਿਉਂ ਮਹਿਸੂਸ ਕੀਤੀ?

ਸਾਰੀਆਂ ਕਿਸਮਾਂ ਦੇ ਪ੍ਰਾਣੀਆਂ ਲਈ ਹੋਂਦ ਦੀ ਹਕੀਕਤ ਅਸੰਖਾਂ ਆਸ਼ਾਵਾਂ ਅਤੇ ਨਿਰਾਸ਼ਾਵਾਂ ਦੇ ਵਿਪਰੀਤ ਉਹਨਾਂ ਨੂੰ ਪਰਵਾਨ ਚੜ੍ਹਾਉਂਦੀ ਹੈ ਅਤੇ ਜੇਕਰ ਵਿਅਕਤੀ ਨੇ ਆਪਣੇ ਜੀਵਨ ਦੀ ਅਤੇ ਆਪਣੇ ਜੀਵਨ ਜੀਉਣ ਦੀ ਸਹੀ ਸੂਝ-ਸਮਝ ਵਿਕਸਿਤ ਕਰਨੀ ਹੈ, ਤਾਂ ਉਸ ਲਈ ਬਚਪਨ ਤੋਂ ਹੀ ਇਸ ਗੱਲ ਦੀ ਪ੍ਰਤੀਤੀ ਅਤਿਅੰਤ ਜ਼ਰੂਰੀ ਹੈ। ਮੈਨੂੰ ਸੱਭ ਤੋਂ ਵੱਧ ਚਿੰਤਾ ਇਸ ਗੱਲ ਦੀ ਹੈ ਕਿ ਜਿਹਨਾਂ ਬੱਚਿਆਂ ਨੇ ਨਵੇਂ ਯੁੱਗ ਦਾ ਸੁਆਗਤ ਕਰਨਾ ਹੈ, ਉਹਨਾਂ ਨੂੰ, ਅਜਿਹੀ ਕਠਿਨ ਸੂਝ-ਸਮਝ ਵਿਕਸਿਤ ਕਰਨ ਦੇ ਵਸੀਲਿਆਂ ਤੋਂ ਵੰਚਿਤ ਨਾ ਰੱਖਿਆ ਜਾਵੇ।

ਹਰ ਸਜੀਵ ਚੀਜ਼ ਦੀ ਹੋਂਦ ਇੱਕ ਬੱਚੇ ਦੀ ਹੋਂਦ ਵਰਗੀ ਹੀ ਹੁੰਦੀ ਹੈ, ਕਿਉਂਕਿ ਸਾਰੇ ਹੀ ਰੌਸ਼ਨੀ ਅਤੇ ਸ਼ਕਤੀ ਦੀ ਤਲਾਸ਼ ਵਿੱਚ, ਉਸੇ ਸੂਰਜ ਵਲ ਵੇਖਦੇ ਹਨ, ਜੋ ਵੱਧੋ-ਵਿਕਾਸ ਨੂੰ ਜਗਾਉਂਦਾ ਅਤੇ ਪ੍ਰੇਰਿਤ ਕਰਦਾ ਹੈ। ਇੱਕੀਵੀਂ ਸਦੀ ਦੇ ਨੌਜਵਾਨਾਂ ਨੂੰ ਦਰਪੇਸ਼ ਵੰਗਾਰ ਘੁੱਪ-ਘੋਰ ਹਨੇਰੇ ਵਿੱਚ, ਰੌਸ਼ਨੀ ਦੀ ਇੱਕ ਰਿਸ਼ਮ ਜਗਾਉਣਾ ਹੈ।

ਇਹ ਪੁਸਤਕ ਵੱਖ-ਵੱਖ ਕੌਮੀਅਤਾਂ ਦੇ ਬਹੁਤ ਸਾਰੇ ਵਿਅਕਤੀਆਂ ਦੇ ਸੁਹਿਰਦ ਸਹਿਯੋਗ ਅਤੇ ਦਿਲਾਂ ਨੂੰ ਮਿਲਾਉਣ ਵਾਲੀ ਮਿੱਤਰਤਾ ਸਦਕਾ ਹੋਂਦ ਵਿੱਚ ਆ ਸਕੀ ਹੈ। ਉਹਨਾਂ ਪ੍ਰਤਿ ਆਪਣੀ ਕਿਰਤੱਗਤਾ ਪੂਰੀ ਤਰ੍ਹਾਂ ਪ੍ਰਗਟ ਕਰਨ ਲਈ, ਮੇਰੇ ਪਾਸ ਸ਼ਬਦ ਨਹੀਂ। ਮੈਂ ਵਿਸ਼ੇਸ਼ ਤੌਰ 'ਤੇ ਧੰਨਵਾਦੀ ਹਾਂ, ਏਸ਼ੀਆ ਅਤੇ ਸ਼ਾਂਤਮਹਾ ਸਾਗਰੀ ਖੇਤਰ ਦੇ ਅਨੇਕਾਂ ਮਿੱਤਰਾਂ ਦਾ, ਜਿਹਨਾਂ ਦੇ ਅਥਾਹ ਪਿਆਰ ਅਤੇ ਉਤਸ਼ਾਹ ਸਦਕਾ ਮੇਰੇ ਯਤਨਾਂ ਵਿੱਚ ਵਾਧਾ ਹੋਇਆ ਹੈ। ਇਹ ਪੁਸਤਕ ਉਹਨਾਂ ਨੂੰ ਹੀ ਸਮਰਪਿਤ ਹੈ।

ਬੱਚਿਉ, ਉੱਠੋ-ਆਪਣੇ ਅੰਦਰ ਨਿਸ਼ਠਾ-ਭਾਵਨਾ ਪੈਦਾ ਕਰੋ-ਮਿਹਨਤ ਲਈ ਤਿਆਰ ਹੋ ਜਾਉ - ਸੱਭ ਤੋਂ ਵੱਧ ਇੱਕ ਦਰਦਮੰਦ ਤੇ ਆਸ਼ਾਵਾਦੀ ਦਿਲ ਰੱਖੋ ਤੇ ਉਸ ਨੂੰ ਵਿਕਸਿਤ ਕਰੋ ਅਤੇ ਹਿੰਮਤ ਤੇ ਹੌਸਲੇ ਨਾਲ, ਇੱਕੀਵੀਂ ਸਦੀ ਦੀ ਉਸਾਰੀ ਕਰੋ। ਇਹ ਸਦੀ ਤੁਹਾਡੀ ਹੈ।

2 ਮਾਰਚ 1988 — ਤਾਜੀਮਾ ਸ਼ਿਨਜੀ

ਟੋਕੀਉ, ਜਾਪਾਨ



# ਹੋਮਹਿੱਲ ਵਾਲਾ ਕੌਨਕੀਚੀ

ਫ਼ਰਵਰੀ ਦਾ ਮਹੀਨਾ ਸੀ, ਅਤੇ ਸਿਆਲ ਦੇ ਸੂਰਜ ਦੀਆਂ ਕਿਰਨਾਂ ਬਰਫ਼ 'ਤੇ ਪੈ ਕੇ ਖ਼ੂਬ ਚਮਕ ਰਹੀਆਂ ਸਨ। ਜਿੱਥੋਂ ਤੱਕ ਨਜ਼ਰ ਜਾਂਦੀ ਹਰੇਕ ਚੀਜ਼ ਨੂੰ ਬਰਫ਼ ਨੇ ਢਕ ਰੱਖਿਆ ਸੀ। ਉਂਝ ਤਾਂ ਇਸ ਮੌਸਮ ਵਿਚ ਇਹਨਾਂ ਪਹਾੜੀਆਂ ਵਿਚ ਰਹਿਣ ਵਾਲਾ ਹਰ ਇੱਕ ਪਸ਼ੂ ਸਿਆਲ ਦੀ ਸਿੱਥਲਤਾ ਵਿੱਚ, ਹਾਲੇ ਵੀ ਘੂਕ ਸੁੱਤਾ ਪਿਆ ਹੁੰਦਾ, ਪਰ ਇਸ ਸਾਲ ਇੱਕ ਅਜਿਹਾ ਜਾਨਵਰ ਸੀ, ਜੋ ਜਾਗ ਰਿਹਾ ਸੀ।

ਭਾਵੇਂ ਕਿ ਬਹਾਰ ਦੀ ਪਹਿਲੀ ਨਿੱਘੀ ਪੌਣ ਅਜੇ ਬਹੁਤ ਦੂਰ ਸੀ, ਕੌਨਕੀਚੀ ਨਾਂ ਦਾ ਲੂੰਮੜ ਆਪਣੇ ਉਸ ਡੂੰਘੇ ਘੁਰਨੇ 'ਚੋਂ ਰੀਂਗ ਕੇ, ਬਾਹਰ ਆ ਗਿਆ ਸੀ, ਜਿਹੜਾ ਉਸ ਨੇ, ਸੌਂ ਕੇ ਸਿਆਲ ਕੱਟਣ ਲਈ ਖੋਦਿਆ ਹੋਇਆ ਸੀ। ਨਿੱਕਚੂ-ਜਿਹਾ ਕੌਨਕੀਚੀ ਡੂੰਘੀਆਂ ਸੋਚਾਂ ਵਿੱਚ ਡੁੱਬਾ ਹੋਇਆ ਸੀ। ਹੁਣ, ਇਸ ਤੋਂ ਪਹਿਲਾਂ ਕਿ ਤੁਸੀਂ ਇਹ ਆਖੋ ਕਿ ਇਹ ਲੂੰਮੜ, ਇੱਕ ਜਾਨਵਰ, ਸੰਭਵ ਤੌਰ 'ਤੇ ਡੂੰਘੀਆਂ ਸੋਚਾਂ ਵਿਚ ਡੁੱਬਾ ਹੋਇਆ ਨਹੀਂ ਸੀ ਹੋ ਸਕਦਾ; ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਲੂੰਮੜ ਦੀਆਂ ਵੀ ਭਾਵਨਾਵਾਂ ਹੁੰਦੀਆਂ ਹਨ ਅਤੇ ਜਦੋਂ ਉਹ ਬਹੁਤ ਸੁਖੀ ਜਾਂ ਦੁਖੀ ਹੁੰਦਾ ਹੈ, ਤਾਂ 'ਕੌਨ' ਦੀ ਉੱਚੀ ਆਵਾਜ਼ ਕੱਢਦਾ ਹੈ। ਅੱਜ-ਕੱਲ੍ਹ ਲੂੰਮੜ ਨੂੰ ਵੀ ਬਹੁਤ ਸਾਰੀਆਂ ਗੱਲਾਂ ਦੀ ਚਿੰਤਾ ਲੱਗੀ ਹੁੰਦੀ ਹੈ।

ਏਨਾ ਲੰਮਾ ਸਿਆਲ ! ਜਾਪਦਾ ਸੀ ਕਿ ਇਹ ਕਦੇ ਨਹੀਂ ਮੁੱਕੇਗਾ। ਕੌਨਕੀਚੀ ਸੋਚਦਾ ਰਿਹਾ ਸੀ। ਬੱਸ ਸੋਚਦਾ ਹੀ ਰਿਹਾ ਸੀ, ਉਹਨੇ ਸੌਣ ਲਈ ਇੱਕ ਵਾਰ ਵੀ ਆਪਣੀਆਂ ਅੱਖਾਂ ਨਹੀਂ ਸਨ ਮੀਚੀਆਂ ਤਾਂ ਫਿਰ , ਇਸ ਵਿਚ ਹੈਰਾਨੀ ਦੀ ਭਲਾ ਕੀ ਗੱਲ ਹੋਈ, ਕਿ ਜਦ ਉਹ ਆਪਣੇ ਘੁਰਨੇ ਵਿਚੋਂ ਬਾਹਰ ਆਇਆ, ਤਾਂ ਉਸ ਦੀਆਂ ਅੱਖਾਂ ਥੱਕੀਆਂ ਹੋਈਆਂ ਅਤੇ ਲਹੂ-ਚੋਂਦੀਆਂ ਲਾਲ ਸੁਰਖ਼ ਸਨ, ਉਸ ਦੀ ਸਮੂਰ ਦੀ ਖੱਲ ਸੁਕੜੀ-ਸੁੰਗੜੀ ਹੋਈ ਸੀ, ਅਤੇ ਉਸ ਦੀ ਪੂਛ, ਜਿਸ ਉੱਤੇ ਉਸ ਨੂੰ ਬਹੁਤ ਨਾਜ਼ ਸੀ; ਆਪਣੀ ਚਾਂਦੀ-ਵੰਨੀ ਚਮਕ ਗੁਆ ਚੁੱਕੀ ਸੀ।

ਉਹ ਗੱਲ, ਜਿਸ ਬਾਰੇ ਕੌਨਕੀਚੀ ਡੂੰਘੀਆਂ ਸੋਚਾਂ ਵਿੱਚ ਡੁੱਬਾ ਰਿਹਾ ਸੀ, ......... ਹਾਂ, ਤੇ ਉਹ ਗੱਲ ਗਾਲਫ਼ ਦੇ ਇੱਕ ਮੈਦਾਨ ਬਾਰੇ ਸੀ। ਗਾਲਫ਼ ਦਾ ਮੈਦਾਨ? ! ਭਲਾ ਇੱਕ ਲੂੰਮੜ ਨੂੰ ਗਾਲਫ਼ ਨਾਲ ਕੀ ?

ਪਿਛਲੇ ਸਾਲ, ਬਹਾਰ ਦੇ ਮੌਸਮ ਤੋਂ ਹੀ, ਜਦ ਕਿ ਪਹਾੜੀ ਨੂੰ ਖੋਦ ਕੇ, ਗਾਲਫ਼ ਦਾ ਮੈਦਾਨ ਬਣਾ ਦਿੱਤਾ ਗਿਆ ਸੀ, ਕੌਨਕੀਚੀ ਬੜੇ ਹੀ ਰਸ਼ਕ ਨਾਲ ਮਨੁੱਖੀ ਆਕਾਰਾਂ ਨੂੰ ਗਾਲਫ਼ ਕਲੱਬਾਂ ਵਿੱਚ, ਝੂਮਦੇ-ਝਾਮਦੇ, ਗਾਲਫ਼ ਦੇ ਮੈਦਾਨ ਵਿੱਚ, ਏਧਰ-ਓਧਰ ਘੁੰਮਦੇ-ਫਿਰਦੇ, ਮਟਰ-ਗਸ਼ਤ ਕਰਦੇ, ਵੇਖਦਾ ਰਿਹਾ ਸੀ। ਇਹ ਬੰਦੇ, ਜਿਨ੍ਹਾਂ ਨੂੰ "ਕਾਰੋਬਾਰੀ ਬੰਦੇ" ਆਖਿਆ ਜਾਂਦਾ ਸੀ, ਜਦੋਂ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਆਪਣੇ ਦਫ਼ਤਰਾਂ ਨੂੰ ਆਉਂਦ-ਜਾਂਦੇ, ਤਾਂ ਚੁਸਤ-ਪੁਸਤ ਨਕਟਾਈਆਂ ਪਾਉਂਦੇ ਅਤੇ ਜਦੋਂ ਸਪਤਾਹ-ਅੰਤ ਆਉਂਦਾ, ਤਾਂ ਇਉਂ ਜਾਪਦਾ ਕਿ ਉਹਨਾਂ ਦਾ ਕੰਮ, ਹਰੀਆਂ-ਭਰੀਆਂ ਪਹਾੜੀਆਂ 'ਤੇ ਨਿਕਲ ਆਉਣਾ, ਨਿੱਕੀਆਂ-ਨਿੱਕੀਆਂ ਚਿੱਟੀਆਂ-ਸਫ਼ੈਦ ਗੇਂਦਾਂ ਨੂੰ ਖੂੰਟੀਆਂ ਨਾਲ ਫੁੰਡਣਾ, ਹਵਾ ਵਿੱਚ ਮਾਰਨਾ ਅਤੇ ਫਿਰ ਨਿੱਕੀਆਂ-ਨਿੱਕੀਆਂ, ਗੋਲ ਮੋਰੀਆਂ ਵਿਚ ਪਾਉਣਾ-ਪੇਲਣਾ ਅਤੇ ਇੰਜ ਮੌਜ-ਮਸਤੀ ਕਰਨਾ ਹੀ ਹੁੰਦਾ।

ਕੌਨਕੀਚੀ ਗਾਲਫ਼ ਦੇ ਮੈਦਾਨ ਦੇ ਆਲੇ-ਦੁਆਲੇ ਉੱਗੇ, ਉੱਚੇ-ਉੱਚੇ ਘਾਹ ਵਿੱਚ ਛੁਪ ਜਾਂਦਾ ਅਤੇ ਲੁਕ-ਛੁਪ ਕੇ ਚੁਸਤ-ਪੁਸਤ ਪੋਸ਼ਾਕ ਪਾਈ, ਉਹਨਾਂ ਬੰਦਿਆਂ ਨੂੰ ਗਾਲਫ਼ ਦਾ ਆਨੰਦ ਮਾਣਦਿਆਂ ਵੇਖਦਾ ਅਤੇ ਮਨ ਹੀ ਮਨ ਸੋਚਦਾ, "ਨਿਸ਼ਚੇ ਹੀ, ਅਸੀਂ ਲੂੰਮੜ ਜੋ ਜ਼ਿੰਦਗੀ ਜੀਉਂਦੇ ਹਾਂ, ਉਹ ਬਹੁਤ ਔਖੀ ਤੇ ਅਕਾਊ ਹੈ, ਜੰਗਲੀ ਚੂਹਿਆਂ ਤੇ ਖ਼ਰਗੋਸ਼ਾਂ



ਦਾ ਪਿੱਛਾ ਕਰਨਾ ਅਤੇ ਕਿਸਾਨ ਦੇ ਚੂਜ਼ਿਆਂ ਪਿੱਛੇ ਭੱਜਦਿਆਂ, ਉਸ ਤੋਂ ਆਪਣਾ ਪਿੱਛਾ ਕਰਾਉਣਾ ।"

"ਆਹ, ਮੈਂ ਤਾਂ ਮਨੁੱਖ ਬਣਨਾ ਚਾਹੁੰਦਾਂ ! ਮੈਂ ਇੱਕ ਕਾਰੋਬਾਰੀ ਮਨੁੱਖ ਦਾ ਜੀਵਨ ਜੀਊਣ ਦਾ ਯਤਨ ਕਰਨਾ ਪਸੰਦ ਕਰਾਂਗਾ। ਉਫ਼ ! ਮੈਂ ਕੀ ਕਰ ਸਕਦਾ ਹਾਂ ? ਮੈਂ ਭਲਾ, ਸਦਾ ਲਈ ਮਨੁੱਖ ਕਿਉਂ ਨਹੀਂ ਬਣ ਜਾਂਦਾ ! ਹਾਏ ! ਕਾਸ਼ ਮੈਂ ਮਨੁੱਖ ਬਣ ਸਕਦਾ ......!" ਇਹ ਸੀ, ਉਹ ਸਮੱਸਿਆ, ਜਿਸ ਨੇ ਸਾਰਾ ਸਿਆਲ, ਕੌਨਕੀਚੀ ਨੂੰ ਜਾਗਦਿਆਂ ਰੱਖਿਆਂ ਸੀ, ਸੌਣ ਨਹੀਂ ਸੀ ਦਿੱਤਾ ਅਤੇ ਉਲਝਾਈ-ਭੁਚਲਾਈ ਰੱਖਿਆ ਸੀ।

ਹੁਣੇ-ਹੁਣੇ ਹੀ, ਜਦ ਅਸੀਂ ਕੌਨਕੀਚੀ ਦੀਆਂ, ਸਿਆਲ ਦੀਆਂ ਸੋਚਾਂ ਬਾਰੇ ਪਤਾ ਲਾ ਰਹੇ ਸਾਂ, ਉਹ ਆਪਣੇ ਘੁਰਨੇ ਦੇ ਲਾਂਘੇ ਤੱਕ ਆਇਆ ਸੀ ਅਤੇ ਬਹਿੱਸ, ਬੇ-ਹਰਕਤ ਬੈਠਾ ਰਿਹਾ ਸੀ, ਇਹਨਾਂ ਸਵਾਲਾਂ ਬਾਰੇ ਸੋਚਦਿਆਂ ਅਤੇ ਫਿਰ, ਅਚਨਚੇਤ ਹੀ ਉਹ ਉੱਠ ਖਲੋਤਾ ਸੀ ਅਤੇ ਉਹਨੇ ਆਪਣੇ-ਆਪ ਨੂੰ ਨੱਕ ਦੀ ਘੋੜੀ ਤੋਂ, ਪੂਛ ਦੀ ਨੋਕ ਤੱਕ ਝੂਣਿਆ-ਝੰਜੋੜਿਆ ਸੀ। "ਮੈਂ ਲੂੰਮੜ ਹੋਣਾ ਛੱਡਿਆ।" ਉਹ ਉੱਚੀ-ਉੱਚੀ ਚੀਕਿਆ-ਉਆਂਕਿਆ। ਉਸ ਦੀ ਤੇਜ਼-ਤਿੱਖੀ ਆਵਾਜ਼ ਪੈਲੀਆਂ ਤੇ ਪਰਬਤਾਂ 'ਤੇ ਪਸਰ ਗਈ ....., ਆਵਾਜ਼ ਏਨੀ ਉੱਚੀ ਸੀ ਕਿ ਸਾਗਰਾਂ-ਸਮੁੰਦਰਾਂ ਤੱਕ ਪੁੱਜ ਗਈ, ਲਹਿਰਾਂ 'ਤੇ ਤਰਨ-ਉਡਨ ਲੱਗ ਪਈ ਅਤੇ ਸਾਰੇ ਸੰਸਾਰ ਵਿਚ ਗੂੰਜ ਉੱਠੀ ।

"ਹੁਣ ਤੋਂ ਮਗਰੋਂ, ਮੈਂ ਮਨੁੱਖ ਬਣ ਰਿਹਾ ਹਾਂ, ਮੈਂ ਇੱਕ ਮਨੁੱਖ ਬਣਾਂਗਾ ........।" ਕੌਨਕੀਚੀ ਆਪਣੇ-ਆਪ ਵਿੱਚ ਮਿਣ-ਮਿਣਾਇਆ, ਬੁੜ-ਬੁੜਾਇਆ।

ਕੌਨਕੀਚੀ ਨੇ 'ਕੈਨ-ਪੌਨ-ਟੈਨ' ਜਾਦੂ ਦੀ ਵਰਤੋਂ ਕਰਨ ਦਾ ਫ਼ੈਸਲਾ ਕੀਤਾ। ਇਸ 'ਕੈਨ-ਪੌਨ-ਟੈਨ' ਜਾਦੂ ਦੀ ਜਾਣਕਾਰੀ ਸਿਰਫ਼ ਲੂੰਮੜਾਂ ਨੂੰ ਹੀ ਹੁੰਦੀ ਹੈ। ਇਹ ਉਹ ਤਰੀਕਾ ਹੈ, ਜਿਸ ਨਾਲ, ਲੂੰਮੜ ਆਪਣਾ ਰੂਪ ਵਟਾ ਕੇ, ਮਨੁੱਖ ਬਣ ਜਾਂਦੇ ਹਨ। ਸਿਰ 'ਤੇ ਸ਼ਾਹ ਬਲੂਤ ਦਾ ਇੱਕ ਪੱਤਾ ਰੱਖ ਕੇ ਅਤੇ 'ਕੈਨ' ਆਖ ਕੇ, ਕੋਈ ਜਣਾ ਇੰਨ-ਬਿੰਨ ਮਨੁੱਖ ਵਾਂਗ ਬੋਲਣ, ਗੱਲਾਂ ਕਰਨ ਦੇ ਯੋਗ ਹੋ ਜਾਂਦਾ ਹੈ। ਫਿਰ 'ਪੌਨ' ਆਖ ਕੇ, ਲੂੰਮੜ ਦੇ ਸਰੀਰ ਨੂੰ, ਉਸ ਤਰ੍ਹਾਂ ਦੇ ਮਨੁੱਖ ਵਿਚ ਬਦਲ ਸਕਦਾ ਹੈ, ਜਿਸ ਤਰ੍ਹਾਂ ਦਾ ਮਨੁੱਖ ਬਣਨ ਦੀ ਉਹਦੀ ਰੀਝ ਹੁੰਦੀ ਹੈ। ਬੱਸ ਉਸ ਵੇਲੇ ਤੱਕ ਲੂੰਮੜ ਦੀ ਪੂਛ ਕਾਇਮ ਰਹਿੰਦੀ ਹੈ। ਅਖ਼ੀਰ — ਹਾਂ, ਸੱਚ-ਮੁੱਚ ਹੀ ਅਖ਼ੀਰ, 'ਟੈਨ' ਆਖਣ 'ਤੇ ਪੂਛ ਵੀ ਅਲੋਪ ਹੋ ਜਾਂਦੀ ਹੈ ਅਤੇ ਉਹ ਲੂੰਮੜ, ਜਿਸ ਨੇ ਇਹ ਜਾਦੂ ਵਰਤਿਆ ਹੁੰਦਾ ਹੈ, ਮੁਕੰਮਲ ਤੌਰ ਤੇ ਇੱਕ ਮਨੁੱਖ ਬਦ ਜਾਂਦਾ ਹੈ ਅਤੇ ਮੁੜ ਫਿਰ ਕਦੇ ਵੀ, ਲੂੰਮੜ ਨਹੀਂ ਬਣ ਸਕਦਾ ! ਕੌਨਕੀਚੀ ਦੀ ਮਾਂ ਨੇ ਉਸ ਨੂੰ ਕਈ ਵਾਰ ਖ਼ਬਰਦਾਰ ਕੀਤਾ ਸੀ, ਕਿ ਇਹ ਤਿਨੇ ਸ਼ਬਦ ਉੱਕਾ ਹੀ ਮੂੰਹੋਂ ਨਾ ਕੱਢੇ, ਪਰ ਹੁਣ ਉਹਨੇ, ਆਪਣੀ ਮਾਂ ਦੀ ਸਲਾਹ ਨੂੰ ਅਣਗੌਲੀ ਕਰਨ ਦੀ ਪੱਕੀ ਠਾਣ ਲਈ ਸੀ।

ਨਿੱਕੇ ਲੂੰਮੜ ਨੇ, ਆਪਣੇ ਸਿਆਲੀ ਘੁਰਨੇ ਦੇ ਅੰਦਰ ਪਿਆ ਸ਼ਾਹ ਬਲੂਤ ਦਾ ਇੱਕ ਪੁਰਾਣਾ, ਸੁੱਕਾ ਪੱਤਾ ਚੁੱਕਿਆ ਅਤੇ ਆਪਣੇ ਸਿਰ ਦੇ ਉੱਪਰ ਰੱਖ ਲਿਆ।

"ਕੌਨਕੀਚੀ ! ਜ਼ਰਾ ਸੋਚ ਨਾ, ਤੂੰ ਕੀ ਕਰ ਰਿਹਾ ਏਂ !" ਉਸਦੀ ਮਾਂ ਨੇ, ਉਸ ਨੂੰ ਉਸ ਥਾਂ ਤੋਂ ਹੀ ਆਖਿਆ, ਜਿੱਥੇ ਕਿ ਉਹ, ਪਹਾੜੀ ਦੇ ਇੱਕ ਪਾਸੇ 'ਤੇ, ਆਪਣੇ ਘਰ ਦੇ ਬੂਹੇ 'ਤੇ ਬੈਠੀ ਸੀ। "ਮੇਰੇ ਬੇਟੇ, ਮੈਨੂੰ ਪਤਾ ਹੈ ਕਿ ਤੂੰ ਇਹ ਸਾਰਾ ਸਿਆਲ ਕੀ ਸੋਚਦਾ ਰਿਹਾ ਏਂ ਪਰ ਇੱਕ ਮਨੁੱਖ ਦੇ ਤੌਰ 'ਤੇ ਜੀਵਨ ਏਨਾ ਆਨੰਦਮਈ ਨਹੀਂ, ਜਿੰਨਾ ਕਿ ਉਹ ਦੂਸਰਿਆਂ ਨੂੰ ਜਾਪਦਾ ਹੈ, ਜੋ ਕਿ ਉਸ ਨੂੰ ਸਿਰਫ਼ ਬਾਹਰੋਂ ਹੀ ਵੇਖ ਸਕਦੇ ਹਨ।"

"ਮਾਂ , ਮੈਂ ਆਪਣਾ ਮਨ ਬਣਾ ਚੁੱਕਾ ਹਾਂ। ਕੋਈ ਗੱਲ ਨਹੀਂ, ਵੇਖੀ ਜਾਊ; ਮੈਂ ਮਨੁੱਖ ਬਣ ਜਾਵਾਂਗਾ। ਏਥੇ, ਪਹਾੜੀਆਂ ਵਿੱਚ ਫਸੇ ਰਹਿਣਾ, ਸਿਆਲ ਵਿੱਚ ਭੋਜਨ ਤੋਂ ਬਗ਼ੈਰ; ਅਤੇ ਫਿਰ ਹਰ ਪਾਸੇ ਬੰਦਿਆਂ ਤੇ ਬੰਦੂਕਾਂ ਦੁਆਰਾ, ਪਿੱਛਾ ਕੀਤਾ ਜਾਣਾ——ਕਾਫ਼ੀ ਹੋ ਗਿਆ, ਮੈਂ ਤਾਂ ਤੰਗ ਆ ਗਿਆਂ ! ਮੈਂ ਸ਼ਹਿਰ ਵਿਚ ਇੱਕ ਕਾਰੋਬਾਰੀ ਆਦਮੀ ਬਣ ਰਿਹਾਂ। ਜੋ ਤਨਖ਼ਾਹ ਮੈਨੂੰ ਮਿਲੇਗੀ, ਉਸ ਨਾਲ ਮੈਂ ਬਹੁਤ ਸਾਰੇ ਸੁਆਦਲੇ ਖ਼ਰਗੋਸ਼ ਖ਼ਰੀਦਾਂਗਾ ਅਤੇ ਤੇਰੇ ਪਾਸ ਲੈ ਕੇ ਆਵਾਂਗਾ........।" ਕੌਨਕੀਚੀ ਨੇ ਉੱਤਰ ਦਿੱਤਾ। ਆਪਣੀ ਸੰਖੇਪ ਜਿਹੀ ਗੱਲ ਨੂੰ ਤੇਜ਼ੀ ਨਾਲ ਖ਼ਤਮ ਕਰਦਿਆਂ, ਛੋਟੇ ਲੂੰਮੜ ਨੇ, ਆਪਣਾ ਤਿੱਖਾ ਨੱਕ ਉੱਪਰ ਆਕਾਸ਼ ਵਲ ਨੂੰ ਚੁੱਕਿਆ, ਜਾਦੂ ਦਾ ਮੰਤਰ ਉਚਾਰਨ ਲਈ।

"ਕੌਨਕੀਚੀ !" ਉਸ ਦੀ ਮਾਂ ਮੁੜ ਕੂਕੀ, "ਮੈਂ ਤੈਨੂੰ ਪਹਿਲਾਂ ਕਦੇ ਨਹੀਂ ਦੱਸਿਆ, ਪਰ ਸਾਡੇ ਸੈਆਂ ਲੂੰਮੜ ਮਿੱਤਰਾਂ ਨੇ, ਮਨੁੱਖ ਬਣਨ ਲਈ "ਕੈਨ-ਪੌਨ-ਟੈਨ" ਜਾਦੂ-ਮੰਤਰ ਦੀ ਵਰਤੋਂ ਕੀਤੀ। ਅਤੇ ਫਿਰ ਉਹ ਇਹਨਾਂ ਪਹਾੜੀਆਂ ਨੂੰ ਛੱਡ ਗਏ। ਕੋਈ ਨਹੀਂ ਜਾਣਦਾ ਕਿ ਉਸ ਪਿਛੋਂ ਉਹਨਾਂ ਦਾ ਕੀ ਬਣਿਆ ! ਮੇਰੇ ਪਿਆਰੇ ਪੁੱਤਰ, ਵਾਸਤਾ ਈ ਮੇਰਾ, ਤੂੰ ਇਸ 'ਤੇ ਮੁੜ ਵਿਚਾਰ ਕਰ .....।" ਇਸ ਤੋਂ ਪਹਿਲਾਂ ਕਿ ਕੌਨਕੀਚੀ ਦੀ ਪਿਆਰੀ ਮਾਂ ਆਪਣੀ ਗੱਲ ਪੂਰੀ ਕਰਦੀ; ਉਹ ਉੱਚੀ ਤਾਈਂ ਚਿੱਲਾਇਆ, "ਮਾਂ, ਮੈਂ ਜਾ ਰਿਹਾਂ।" ਅਤੇ ਏਨਾ ਆਖ ਕੇ, ਕੌਨਕੀਚੀ ਨੇ ਸ਼ਾਹ ਬਲੂਤ ਦਾ ਪੱਤਾ, ਆਪਣੇ ਅਗਲੇ ਸੱਜੇ ਪੰਜੇ ਨਾਲ, ਪੱਕੀ ਤਰ੍ਹਾਂ, ਆਪਣੇ ਸਿਰ 'ਤੇ ਸਜਾਇਆ ਅਤੇ ਉੱਚੀ ਤਾਈਂ ਅੜੂਕਿਆ, "ਕੈਨ-ਪੌਨ-ਟੈ.....ਨ ...।"

ਤੇ ਫਿਰ, ਉਦੋਂ ਤੇ ਉਥੇ ਹੀ, ਜਿੱਥੇ ਕਿ ਕੌਨਕੀਚੀ ਬੈਠਾ ਸੀ, ਇੱਕ ਨੌਜਵਾਨ ਆ ਖੜਾ ਹੋਇਆ, ਜਿਸ ਨੇ ਆਪਣਾ ਸੱਜਾ ਹੱਥ ਆਪਣੇ ਸਿਰ ਉਤੇ ਰੱਖਿਆ ਹੋਇਆ ਸੀ, ਉੱਚਾ-ਲੰਮਾ ਗੱਭਰੂ, ਚੁਸਤ-ਪੁਸਤ ਗੂੜ੍ਹੇ ਨੀਲੇ ਸੂਟ ਵਿਚ ਸਜਿਆ-ਫਬਿਆ ਲਾਲ ਨਕਟਾਈ ਲਾਈ। ਆਪਣੇ ਨਵੇਂ ਮਨੁੱਖੀ ਰੂਪ ਵਿੱਚ, ਕੌਨਕੀਚੀ ਨੇ, ਹੌਲੀ-ਹੌਲੀ, ਆਪਣਾ ਹੱਥ, ਆਪਣੇ ਸਿਰ ਤੋਂ ਹੇਠਾਂ ਲਿਆਂਦਾ, ਅਤੇ ਝਕਦਿਆਂ-ਝਿਜਕਦਿਆਂ, ਆਪਣੀ ਛਾਤੀ 'ਤੇ ਲਟਕਾਈ ਨਕਟਾਈ ਨੂੰ ਛੋਹਿਆ। ਫਿਰ ਉਹਨੇ ਹੌਲੀ-ਹੌਲੀ, ਆਪਣਾ ਹੱਥ, ਆਪਣੇ ਪਿੱਛੇ ਫੈਲਾਇਆ ਅਤੇ ਟੋਹ ਕੇ ਵੇਖਿਆ... ਪੂਛ ਨਹੀਂ ਸੀ ! ਉਹ ਮਨੁੱਖ ਦੀਆਂ ਧੁਨੀਆਂ-ਆਵਾਜ਼ਾਂ ਅਤੇ ਸ਼ਬਦਾਂ 'ਚੋ ਗੱਲ-ਬਾਤ ਵੀ ਕਰ ਸਕਦਾ ਸੀ। ਇੱਕ ਮਨੁੱਖ ਵਜੋਂ ਆਪਣੇ ਸ਼ਾਨਦਾਰ ਭਵਿੱਖ ਅਤੇ

ਮੁੜ ਕਦੇ ਵੀ ਲੂੰਮੜ ਨਾ ਬਣਨ ਬਾਰੇ ਸੋਚਦਿਆਂ, ਕੌਨਕੀਚੀ ਸੱਚ-ਮੁੱਚ ਹੀ, ਖ਼ੁਸ਼ ਸੀ, ਬਹੁਤ ਹੀ ਖ਼ੁਸ਼।

ਜਦੋਂ ਕੌਨਕੀਚੀ ਖ਼ੁਸ਼ੀ ਵਿਚ ਖਿੜ ਰਿਹਾ ਸੀ, ਉਸਦੀ ਮਾਂ ਖ਼ਾਲੀ-ਖ਼ਾਲੀ ਉਸ ਨੂੰ ਬਿਟ-ਬਿਟ ਝਾਕ ਰਹੀ ਸੀ ਅਤੇ ਉਸ ਦੀਆਂ ਅਪਲਕ ਅੱਖਾਂ ਵਿੱਚ ਅੱਥਰੂ ਆ ਗਏ ਅਤੇ ਉਸ ਦੇ ਚਿਹਰੇ ਤੋਂ ਹੇਠਾਂ ਤਤੀਰੀਆਂ ਬਣ ਵਹਿ ਤੁਰੇ। ਉਸ ਦੇ ਰੂਪ-ਵਟੇ ਬੇਟੇ ਨੇ, ਉਸ ਨੂੰ ਦੁੱਖ ਵਿਚ ਵੇਖ ਕੇ ਆਖਿਆ, "ਮੈਂ ਛੇਤੀ ਹੀ ਮੁੜ ਆਵਾਂਗਾ ਮਾਂ, ..... ਹੱਛਾ ! ......" ਅਤੇ ਉਹ ਬੜੀ ਤੇਜ਼ੀ ਨਾਲ ਪਹਾੜੀ ਦੇ ਪਾਸੇ ਤੋਂ ਹੇਠਾਂ ਗ਼ਾਇਬ ਹੋ ਗਿਆ।

ਪਹਾੜੀਆਂ ਤੋਂ ਹੇਠਾਂ ਦੌੜਦਿਆਂ, ਕੌਨਕੀਚੀ ਨੇ ਛੇਤੀ ਹੀ, ਆਪਣੇ-ਆਪ ਨੂੰ ਸ਼ਹਿਰ ਦੀਆਂ ਗਲੀਆਂ ਵਿਚ ਪਾਇਆ। ਹਾਂ, ਪਹਿਲਾਂ ਉਸ ਨੂੰ ਇਸ ਗੱਲ ਦੀ ਚਿੰਤਾ ਸੀ ਕਿ ਕਿਧਰੇ ਕੋਈ ਅਚਨਚੇਤ ਹੀ, ਇਸ ਤਰ੍ਹਾਂ ਚਿੱਲਾ ਨਾ ਉੱਠੇ, "ਅਹੁ ਵੇਖੋ ਜੀ ਲੂੰਮੜ ! ਏਥੇ, ਸੂਟ ਵਿਚ ਸਜਿਆ, ਜਾ ਰਿਹਾ ਹੈ, ਸੱਚ-ਮੁੱਚ ਦਾ ਲੂੰਮੜ ।" ਇਸ ਲਈ ਉਹ ਘਬਰਾਇਆ ਹੋਇਆ, ਸਿੱਧਾ ਕਿਸੇ ਵਲ ਵੇਖਣ ਤੋਂ ਬਚ-ਬਚਾ ਰਿਹਾ ਸੀ। ਪਰ ਜਿਉਂ-ਜਿਉਂ ਉਹ ਸ਼ਹਿਰ ਵਿਚੋਂ ਦੀ ਅੱਗੇ ਵਧਦਾ ਗਿਆ, ਕਿਸੇ ਵੀ ਬੰਦੇ ਨੂੰ ਉਸ ਉਤੇ ਸ਼ੱਕ ਹੋਇਆ ਨਹੀਂ ਸੀ ਜਾਪਦਾ ! ਹੌਲੀ-ਹੌਲੀ ਕੌਨਕੀਚੀ ਦੇ ਵਿਸ਼ਵਾਸ ਵਿੱਚ ਵਾਧਾ ਹੁੰਦਾ ਗਿਆ, ਹੱਤਾਕਿ ਉਹ ਛਾਤੀ ਅੱਗੇ ਨੂੰ ਫੁਲਾ ਕੇ ਅਤੇ ਮੋਢੇ ਪਿੱਛੇ ਨੂੰ ਸਿਕੋੜ ਕੇ ਤੁਰਨ ਲੱਗਾ, ਏਥੋਂ ਤੱਕ ਕਿ ਉਹ ਪਿੱਛੇ ਨੂੰ ਡਿੱਗਣ-ਡਿੱਗਣ ਵੀ ਕਰਦਾ ਰਿਹਾ ! ਉਸ ਨੂੰ ਨਿਸ਼ਚਾ ਹੋ ਗਿਆ ਸੀ ਕਿ ਹੁਣ ਉਹ ਵਾਕਈ ਸੌ ਫ਼ੀਸਦੀ ਮਨੁੱਖ ਹੀ ਸੀ।

ਫਿਰ ਉਹ ਰੁਕ ਗਿਆ ਅਤੇ ਇੱਕ ਚੌਰਾਹੇ ਤੇ ਖੜਾ ਹੋ ਗਿਆ । ਉਹ ਆਪਣੇ ਆਲੇ-ਦੁਆਲੇ, ਉੱਚੀਆਂ-ਉੱਚੀਆਂ ਗਗਨ-ਚੁੰਬੀ, ਝੰਮ-ਝੰਮ ਕਰਦੀਆਂ ਇਮਾਰਤਾਂ ਵਲ ਵੇਖ ਰਿਹਾ ਸੀ। ਜਿਉਂ ਹੀ ਉਸ ਦੀਆਂ ਅੱਖਾਂ, ਉਹਨਾਂ ਅੰਬਰ-ਛੋਹੀ ਇਮਾਰਤਾਂ ਵਿਚੋਂ, ਇੱਕ ਨਾਲ ਟਕੱਰਾਈਆਂ, ਉਹਨੇ ਕੰਧ ਉੱਤੇ ਲੱਗਾ ਇੱਕ ਵੱਡਾ ਸਾਰਾ ਇਸ਼ਤਿਹਾਰ ਵੇਖਿਆ :

*ਇੱਕ ਕੰਪਨੀ-ਕਰਮਚਾਰੀ ਦੀ ਤੁਰੰਤ ਲੋੜ ਹੈ।*
*ਸਾਨੂੰ ਅਜਿਹੇ ਆਦਮੀ ਦੀ ਤਲਾਸ਼ ਹੈ,*
*ਜਿਸ ਨੂੰ ਪਸ਼ੂਆਂ ਵਿਚ ਦਿਲਚਸਪੀ ਹੋਵੇ।*
*ਉਮਰ 25 ਸਾਲ ਜਾਂ ਉਸ ਤੋਂ ਘੱਟ।*
*ਵਧੀਆ ਤਨਖ਼ਾਹ। ਪੁੱਛ-ਗਿੱਛ ਅੰਦਰ।*
*ਮਾਉਂਟੇਨ ਫ਼ੈਸ਼ਨਜ਼ ਕੰਪਨੀ, ਲਿਮਿਟਿਡ।*

"ਇਹ ਮੇਰੇ ਲਈ ਹੀ ਹੈ।" ਕੌਨਕੀਚੀ ਨੇ ਆਪਣੇ ਆਪ ਨੂੰ ਆਖਿਆ, ਅਤੇ ਉਹ ਬੜੀ ਫੁਰਤੀ ਨਾਲ, ਸਾਹਮਣੇ ਵਾਲੇ, ਵੱਡੇ ਸਾਰੇ ਦਰਵਾਜ਼ੇ ਤੱਕ ਜਾ ਪੁੱਜਾ। ਉਹਨੇ ਧੱਕਾ ਮਾਰ ਕੇ ਉਸ ਦਰਵਾਜ਼ੇ ਨੂੰ ਖੋਲ੍ਹਿਆ ਅਤੇ ਇਮਾਰਤ ਦੇ ਅੰਦਰ ਜਾ ਦਾਖ਼ਲ ਹੋਇਆ।

ਸਿੱਧੇ ਸੁਆਗਤ ਮੇਜ਼ ਵਲ ਜਾਂਦਿਆਂ, ਕੌਨਕੀਚੀ ਨੇ ਉਥੇ ਬੈਠੀ ਮੁਟਿਆਰ ਨੂੰ ਉੱਚੀ ਆਵਾਜ਼ ਵਿੱਚ ਆਖਿਆ, "ਸ਼ੁੱਭ ਸਿਹ-ਪਹਿਰ ! ਇਮਾਰਤ ਦੇ ਸਾਹਮਣੇ ਵਾਲੇ ਪਾਸੇ ਤੇ ਲੱਗੇ ਉਸ ਇਸ਼ਤਿਹਾਰ ਬਾਰੇ, ਜੋ ਆਖਦਾ ਹੈ, 'ਕੰਪਨੀ-ਕਰਮਚਾਰੀ ਦੀ ਲੋੜ ਹੈ'-ਕੀ ਉਸਦਾ ਮਤਲਬ ਹੈ 'ਕਾਰੋਬਾਰੀ ਆਦਮੀ' ਦੀ ਲੋੜ ਹੈ?"

"ਆਹੋ ! ਠੀਕ ਹੈ, ਮੇਰਾ ਵੀ ਇਹੋ ਵਿਚਾਰ ਐ । ਖਿਮਾ ਕਰਨਾ, ਪਰ ........"

"ਹਲਾ, ਚੰਗੀ ਗੱਲ ਹੈ, ਮੈਂ ਏਥੇ ਕਾਰੋਬਾਰੀ ਆਦਮੀ ਬਣਨ ਲਈ ਆਇਆ ਹਾਂ।" ਕੌਨਕੀਚੀ ਨੇ ਆਖਿਆ।

ਹੈ ? ਮੈਂ ਹੁਣੇ ਹੀ ਕੰਪਨੀ ਦੇ ਪਰਧਾਨ ਨੂੰ ਮਿਲਣਾ ਚਾਹਵਾਂਗਾ।"

ਹੈਰਾਨੀ 'ਚ ਅੱਖਾਂ ਝਪਕਦਿਆਂ, ਸੁਆਗਤੀ ਮੁਟਿਆਰ ਨੇ, ਬਿਨਾਂ ਸੋਚੇ-ਸਮਝੇ ਆਖਿਆ "ਪਰਧਾਨ ਜੀ ਉੱਪਰ ਤੀਸਰੀ ਮੰਜ਼ਿਲ 'ਤੇ ਕਮਰਾ ਨੰਬਰ 33 ਵਿੱਚ, ਆਪਣੇ ਦਫ਼ਤਰ 'ਚ ਹਨ, ਪਰ .......।" ਅਤੇ ਫਿਰ ਉਹ ਕੌਨਕੀਚੀ ਦੇ ਚਿਹਰੇ ਉਤਲੇ ਗੰਭੀਰ ਹਾਵ-ਭਾਵ 'ਤੇ ਹਿਚ-ਹਿਚ ਕਰਨੋਂ ਨਾ ਰਹਿ ਸਕੀ, ਕਿਉਂਕਿ ਇਸ ਨਾਲ ਉਹ ਇੰਨ-ਬਿੰਨ ਇੱਕ ਲੂੰਮੜ ਵਾਂਗ ਲੱਗਣ ਲੱਗ ਪਿਆ ਸੀ। ਕੌਨਕੀਚੀ ਛੇਤੀ-ਛੇਤੀ ਸੁਆਗਤ-ਮੇਜ਼ ਤੋਂ ਤੁਰਦਾ ਹੋਇਆ।

ਕੰਪਨੀ-ਪਰਧਾਨ ਦੇ ਦਫ਼ਤਰ ਵਲ ਜਾਂਦਿਆਂ, ਰਾਹ ਵਿੱਚ, ਲਾਂਘੇ 'ਚ ਲੱਗੇ, ਇੱਕ ਸ਼ੀਸ਼ੇ ਕੋਲੋਂ ਦੀ ਲੰਘਦਿਆਂ, ਕੌਨਕੀਚੀ ਨੇ ਸਹਿਜ-ਸੁਭਾਅ ਹੀ ਆਪਣੀ ਪਰਛਾਈਂ ਤੱਕੀ, ਹਾਂ, ਹਾਂ, ਉਹ ਚਿਹਰਾ, ਨਿਸ਼ਚੇਹੀ ਇੱਕ ਮਨੁੱਖ ਦਾ ਚਿਹਰਾ ਸੀ. ਪਰ ਮਨੁੱਖੀ ਨੈਣ-ਨਕਸ਼ਾਂ ਦੇ ਨਾਲ. ਕੁੱਝ-ਕੁੱਝ ਲੂੰਮੜ ਵਰਗਾ ਵੀ ਮਿਲਿਆ ਹੋਇਆ ਸੀ। ਉਹਦੀਆਂ ਅੱਖਾਂ ਖਚਰੀ ਤਰ੍ਹਾਂ ਲਿਸ਼ਕੀਆਂ, ਉਹਦਾ ਚਿਹਰਾ ਰਤਾ ਕੁ ਤਿੱਖਾ-ਨੁਕੀਲਾ ਸੀ, ਮੂੰਹ ਕੋਨਿਆਂ ਤੋਂ ਉੱਪਰ ਵਲ ਨੂੰ ਮੁੜਿਆ ਹੋਇਆ ਸੀ, ਅਤੇ ਉਸ ਦੇ ਕੰਨ ਸਿੱਧੇ ਉੱਪਰ ਨੂੰ ਖੜੇ ਜਾਪਦੇ ਸਨ।

"ਸ਼ੁੱਭ ਸਿਹ-ਪਹਿਰ ਜਨਾਬ, ਪਰਧਾਨ ਜੀ ! ... ਮੈਂ ਕੌਨ। ਮੈਨੂੰ ਪੱਕੀ ਆਸ ਹੈ ਕਿ ਤੁਸੀਂ ਮੈਨੂੰ ਇਸ ਕੰਪਨੀ ਵਿੱਚ ਕਾਰੋਬਾਰੀ ਆਦਮੀ ਬਣਾ ਲਵੋਗੇ। ਮੈਂ ਇੱਕ ਕਾਰੋਬਾਰੀ ਆਦਮੀ ਬਣਨਾ ਚਾਹੁੰਦਾ ਹਾਂ। ਲੂੰਮੜ ਹੋਣਾ, ਬਸ, ਕੋਈ ਚੰਗੀ ਗੱਲ ਨਹੀਂ .......... " ਕੌਨਕੀਚੀ ਨੇ ਝੱਟ-ਪੱਟ ਆਪਣਾ ਮੂੰਹ ਮੀਚ ਲਿਆ, ਅਤੇ ਫਿਰ ਬੋਲਣਾ ਸ਼ੁਰੂ ਕੀਤਾ, "ਨਹੀਂ, ਅਸਲ ਵਿੱਚ, ਭਾਵੇਂ ਮੈਂ ਥੋੜ੍ਹਾ-ਥੋੜ੍ਹਾ ਲੂੰਮੜ ਵਰਗਾ ਲੱਗਦਾ ਹਾਂ, ਪਰ ਦਿਲੋਂ ਮਨੋਂ ਮੈਂ ਸੱਚ-ਮੁੱਚ ਹੀ ਭਰੋਸੇਯੋਗ ਹਾਂ ਅਤੇ ਇੱਕ ਸਾਧੂ ਵਾਂਗ ਈਮਾਨਦਾਰ।"

ਜਦੋਂ ਕੌਨਕੀਚੀ ਬੋਲ ਰਿਹਾ ਸੀ, ਮੋਟੇ, ਲਾਲ ਚਿਹਰੇ ਵਾਲੇ ਪਰਧਾਨ ਨੇ, ਆਪਣੀ ਮੇਜ਼ ਉੱਤੇ ਪਏ ਕਾਗ਼ਜ਼ਾਂ ਤੋਂ ਆਪਣਾ ਮੁੱਖ ਉੱਪਰ ਚੁੱਕਿਆ ਅਤੇ ਆਪਣੇ ਸਿਗਾਰ ਨੂੰ ਆਪਣੇ ਦੰਦਾਂ ਵਿਚਕਾਰ ਦਬਾ ਕੇ ਇੱਕ ਥੱਕੇ-ਹਾਰੇ, ਅਕਾਊ ਜਿਹੇ ਅੰਦਾਜ਼ ਵਿੱਚ ਆਖਿਆ, "ਠੀਕ ਹੈ, ਪਹਿਲਾਂ ਤੁਸੀਂ ਮੈਨੂੰ ਆਪਣਾ ਸੰਖੇਪ-ਸਾਰ ਵਿਖਾਉ।"

ਉਹ ਕਾਫ਼ੀ ਥੱਕਿਆ ਹੋਇਆ ਸੀ, ਕਿਉਂਕਿ ਉਸ ਦਿਨ ਸਵੇਰ ਤੋਂ ਹੀ ਉਹ ਬਹੁਤ ਸਾਰੇ ਬੰਦਿਆਂ ਨਾਲ ਮੁਲਾਕਾਤ ਕਰ ਚੁੱਕਾ ਸੀ।

ਹੁਣ, ਕੌਨਕੀਚੀ ਨੇ ਆਪਣੀ ਜ਼ਿੰਦਗੀ ਵਿੱਚ ਕਦੇ ਇੱਕ ਵਾਰ ਵੀ, "ਸੰਖੇਪ-ਸਾਰ" ਸ਼ਬਦ ਨਹੀਂ ਸੀ ਸੁਣਿਆ, ਏਸ ਲਈ ਉਹ ਘਬਰਾਹਟ ਵਿੱਚ, ਅੱਖਾਂ ਝਮਕਦਾ ਰਿਹਾ ਅਤੇ ਪਰਧਾਨ ਨੂੰ ਪੁੱਛਣ ਲੱਗਾ, "ਉਹੋ ! ਮੈਨੂੰ ਮੁਆਫ਼ ਕਰਨਾ ਜਨਾਬ ਪਰ ਇਹ 'ਸੰਖੇਪ-ਸਾਰ' ਹੁੰਦਾ ਕੀ ਹੈ ? ਅਸਲ ਵਿੱਚ, ਅੱਜ ਮੈਂ, ਆਪਣੇ ਨਾਲ ਕੁੱਝ ਵੀ ਲੈ ਕੇ ਨਹੀਂ ਆਇਆ।"

"ਕੀ ਕਿਹਾ ? ਤੈਨੂੰ ਇਹ ਵੀ ਨਹੀਂ ਪਤਾ ਕਿ ਸੰਖੇਪ-ਸਾਰ ਕੀ ਹੁੰਦਾ ਹੈ ? ਉਫ਼ ਮੇਰਾ ਅਨੁਮਾਨ ਹੈ ਕਿ ਇਹ ਇੱਕ ਮਜ਼ਾਕ ਹੈ .....।" ਪਰਧਾਨ ਨੇ ਆਪਣੀਆਂ ਅੱਖਾਂ ਪੂਰੀ ਤਰ੍ਹਾਂ ਅੱਡੀਆਂ ਅਤੇ ਕੌਨਕੀਚੀ ਨੂੰ ਘੂਰ ਕੇ ਵੇਖਿਆ ਅਤੇ ਉਹ ਸਾਰਾ ਸਮਾਂ, ਉਹ ਆਪਣੇ ਮੂੰਹ ਵਿਚਲੇ ਸਿਗਾਰ ਨੂੰ ਆਪਣੀ ਜੀਭ ਨਾਲ ਏਧਰ-ਓਧਰ ਘੁਮਾਉਂਦਾ ਰਿਹਾ।

"ਨਹੀਂ, ਜਨਾਬ ਇਹ ਗੱਲ ਨਹੀਂ !" ਕੌਨਕੀਚੀ ਨੇ ਆਖਿਆ। "ਮੈਨੂੰ ਸੱਚ-ਮੁੱਚ ਹੀ ਨਹੀਂ ਪਤਾ ਕਿ ਜਿਸ ਚੀਜ਼ ਨੂੰ ਤੁਸੀਂ 'ਸੰਖੇਪ-ਸਾਰ' ਆਖਦੇ ਹੋ, ਉਹ ਕੀ ਹੁੰਦੀ ਹੈ, ਪਰ ਕੀ ਇੱਕ 'ਕਾਰੋਬਾਰੀ ਆਦਮੀ' ਬਣਨ ਲਈ ਕਿਸੇ ਸੰਖੇਪ-ਸਾਰ ਦਾ ਹੋਣਾ ਅਤਿਅੰਤ ਜ਼ਰੂਰੀ ਹੈ ? "

ਕੰਪਨੀ ਪਰਧਾਨ ਨੇ ਕੌਨਕੀਚੀ ਵਲ ਏਨੀ ਤਿੱਖੀ ਤਰ੍ਹਾਂ ਘੂਰ ਕੇ ਤੱਕਿਆ ਕਿ ਜਾਪਦਾ ਸੀ, ਉਸ ਦੀਆਂ ਅੱਖਾਂ ਕੌਨਕੀਚੀ ਦੇ ਅੰਦਰ, ਇੱਕ ਛੇਕ ਕਰ ਰਹੀਆਂ ਹੋਣ। "ਹਲਾ, ਠੀਕ ਹੈ, ਜੇਕਰ ਤੈਨੂੰ ਸੱਚ-ਮੁੱਚ ਹੀ ਪਤਾ ਨਹੀਂ ....... ! ਸੰਖੇਪ ਸਾਰ ਕਾਗਜ਼ ਦਾ ਇੱਕ ਵਰਕਾ ਹੁੰਦਾ ਹੈ, ਜਿਸ ਉੱਤੇ ਤੁਸੀਂ ਇਹ ਲਿਖਦੇ ਹੋ ਕਿ ਤੁਹਾਡੇ ਮਾਂ-ਪਿਉ ਕੌਣ ਹਨ, ਤੁਹਾਡਾ

ਸੰਖੇਪ ਸਾਰ ਕਾਗਜ਼ ਦਾ ਇੱਕ ਵਰਕਾ ਹੁੰਦਾ ਹੈ, ਜਿਸ ਉੱਤੇ ਤੁਸੀਂ ਇਹ ਲਿਖਦੇ ਹੋ ਕਿ ਤੁਹਾਡੇ ਮਾਂ-ਪਿਉ ਕੌਣ ਹਨ, ਤੁਹਾਡਾ ਜਨਮ ਕਿੱਥੇ ਅਤੇ ਕਦੋਂ ਹੋਇਆ ਸੀ, ਤੁਸੀਂ ਕਿਸ ਕਿਸਮ ਦੇ ਸਕੂਲ ਵਿੱਚ ਪੜ੍ਹੇ ਅਤੇ ਹੁਣ ਤੱਕ, ਤੁਸੀਂ ਕੀ-ਕੀ ਕੰਮ ਕੀਤਾ ਹੈ। ਵਾਕਈ ! ਭਲਾ ਕੌਣ ਅਜਿਹੇ ਕਿਰਦਾਰ ਪਾਸੋਂ ਇੱਕ ਕੰਪਨੀ ਵਿੱਚ ਕੰਮ ਕਰਨ ਦੇ ਕਾਬਿਲ ਹੋਣ ਦੀ ਆਸ ਰੱਖ ਸਕਦਾ ਹੈ, ਜਿਸ ਨੂੰ ਸੰਖੇਪ ਸਾਰ ਬਾਰੇ ਵੀ ਪਤਾ ਨਹੀਂ ! ਮੇਰੀ ਕੰਪਨੀ ਤੁਹਾਡੇ ਲਈ ਕਿਸੇ ਕੰਮ ਦੀ ਨਹੀਂ। ਜਾ ਚਲਿਆ ਜਾ ਏਥੋਂ ! ਮੇਰੇ ਨਾਲ ਕੋਈ ਗੁਫ਼ਤਗੂ ਨਹੀਂ ਹੋਵੇਗੀ !" ਉਹ ਗਰਜਿਆ ।



"ਬੱਸ ਖ਼ਤਮ ! " ਕੌਨਕੀਚੀ ਨੇ ਆਪਣੇ ਆਪ 'ਚ ਸੋਚਿਆ। "ਜੇ ਮੈਂ ਉਸ ਨੂੰ ਆਪਣੇ ਅਤੀਤ ਬਾਰੇ ਦੱਸ ਵੀ ਦਿੰਦਾ ......... ਅਹੁ, ਉਥੇ, ਉੱਪਰ ਪਹਾੜੀਆਂ ਵਿੱਚ ਰਹਿਣ ਅਤੇ ਖ਼ਰਗੋਸ਼ਾਂ ਇਤਿਆਦਿ ਦਾ ਪਿੱਛਾ ਕਰਨ ਬਾਰੇ ....... ਕਦੀ-ਕਦਾਈਂ ਚੂਜ਼ੇ ਚੋਰੀ ਕਰਨ ਲਈ ਲੁਕ-ਛੁਪ ਕੇ ਪਿੰਡ ਵਿੱਚ ਜਾ ਵੜਨ ਬਾਰੇ .... ਅਤੇ ਹਾਂ, ਮੈਂ ਤਾਂ ਕਦੇ ਸਕੂਲ ਗਿਆ ਹੀ ਨਹੀਂ।"

ਪਰਧਾਨ ਜੋ ਉਥੇ ਬੈਠਾ, ਘਬਰਾਏ ਹੋਏ ਕੌਨਕੀਚੀ ਨੂੰ ਗਹੁ ਨਾਲ ਵੇਖ ਰਿਹਾ ਸੀ, ਇੱਕ ਵਾਰ ਮੁੜ ਗੜ੍ਹਕਿਆ, "ਮੈਂ ਆਖਦਾ ਹਾਂ, ਤੂੰ ਇਕ ਬੇਨਾਮ ਬੁੱਧੂ ਏਂ ! ਜਦੋਂ ਤੁਸੀਂ ਕਿਸੇ ਕਮਰੇ ਵਿੱਚ ਦਾਖ਼ਲ ਹੁੰਦੇ ਹੋ, ਤਾਂ ਘੱਟੋ-ਘੱਟ ਆਪਣਾ ਨਾਂ ਲੈਣ ਬਾਰੇ ਕੀ ਵਿਚਾਰ ਹੈ ! ਕੀ, ਤੇਰੇ ਵਿੱਚ ਏਨੀ ਵੀ ਆਮ ਸਮਝ ਨਹੀਂ ?"

"ਉਹ, ਉਫ਼, ਹੱਛਾ, ਮੇਰਾ ਨਾਂ 'ਬੁੱਧੂ ਨਹੀਂ ਸਗੋਂ ਕੌਨਕੀਚੀ ਹੈ।" ਬੌਂਦਲਿਆ ਹੋਇਆ, ਕੌਨਕੀਚੀ ਥਥਲਾਇਆ। "ਮੈਂ ਅਹੁ, ਉੱਪਰ, ਉਹਨਾਂ ਪਹਾੜੀਆਂ ਵਿੱਚ ਰਹਿੰਦਾ ਹਾਂ ....... ਮੇਰਾ ਘਰ ਪਹਾੜੀਆਂ ਵਿੱਚ ਹੈ...... 'ਹੋਮਹਿੱਲ', 'ਕੌਨਕੀਚੀ'

'ਹੋਮਹਿੱਲ' ਹੈ ਮੇਰਾ ਨਾਂ!" ਕੌਨਕੀਚੀ ਨੇ ਜੋ ਵੀ ਪਹਿਲੀ ਗੱਲ ਸੋਚੀ, ਆਖ ਦਿੱਤੀ ਅਤੇ ਉਹ ਗੱਲ ਜਿਵੇਂ ਉਸ ਦੇ ਮਨ ਵਿੱਚ ਆਈ ਸੀ, ਉਹ ਉਸ ਤੇ ਖ਼ੁਸ਼ ਸੀ।

"ਉਹ, ਤਾਂ ਫਿਰ ਮੇਰਾ ਸਿਰਨਾਵਾਂ ! ਹਾਂ, ਉਹ ..... ਉਹ, ਉੱਪਰ ਪਹਾੜੀ 'ਤੇ, ਪਹਾੜੀ ਦੇ ਪਾਸੇ 'ਤੇ, ਇੱਕ ਖੁੱਡ ........ ਇੱਕ ਘੁਰਨਾ ....... ਹਾਂ, ਇਹੋ ਹੈ ...... ਆਹੋ ਪਹਾੜੀ ਉੱਪਰਲਾ ਸ਼ਹਿਰ, ਪਹਾੜੀ ਗਲੀ 'ਤੇ ...... ਇਹੋ ਹੈ, ਉਹ ਥਾਂ, ਜਿੱਥੇ ਮੈਂ ਰਹਿੰਦਾ ਹਾਂ।"

ਇਹ ਸੁਣ ਕੇ ਪਰਧਾਨ ਨੇ ਮੂੰਹ ਵੱਟਿਆ ਅਤੇ ਆਖਿਆ, "ਅਜੀਬ ਨਾਂ ਹੈ ਇਹ ! ਅਤੇ ਪਹਾੜੀ-ਉੱਪਰਲਾ ਸ਼ਹਿਰ, ਪਹਾੜੀ ਗਲੀ ...... ! ਮੈਂ ਇਹ ਪਹਿਲਾਂ ਕਦੇ ਨਹੀਂ ਸੁਣੇ ......।" ਫਿਰ ਉਹਨੇ ਕੌਨਕੀਚੀ ਦੇ ਗੰਭੀਰ ਤੇ ਚਿੰਤਾਵਾਨ ਚਿਹਰੇ ਨੂੰ, ਗਹੁ ਨਾਲ ਤੱਕਿਆ। "ਹੱਛਾ, ਤੇ ਹੁਣ, ਹੋ ਸਕਦਾ ਹੈ ਕਿ ਤੂੰ ਪਹਾੜੀਆਂ-ਉੱਪਰਲੇ ਲੂੰਮੜ ਦਾ ਭੂਤ ਹੋਵੇਂ।" ਅਤੇ, ਇਹ ਆਖ ਕੇ, ਉਹ ਉੱਚੀ-ਉੱਚੀ ਖਿੜ-ਖਿੜਾ ਕੇ ਹੱਸਣ ਲੱਗ ਪਿਆ।

ਉਸ ਦਾ ਦਿਲ, ਜਿਵੇਂ ਉੱਛਲ-ਉੱਛਲ ਪੈ ਰਿਹਾ ਸੀ, ਜਿਵੇਂ ਉਸ ਦੇ ਮੂੰਹ ਵਿਚੋਂ ਬਾਹਰ ਹੀ ਆ ਜਾਵੇਗਾ । ਕੌਨਕੀਚੀ ਨੇ ਸੋਚਿਆ। "ਇਹ ਅੰਤ ਹੈ ! ਯਕੀਨਨ, ਕੀ ਉਹ ਜਾਣਦਾ ਹੈ ?" ਅਤੇ ਜਿਉਂ ਹੀ ਉਸ ਦਾ ਨਵਾਂ ਮਨੁੱਖੀ ਸਰੀਰ ਠੰਡੀ ਸੀਤ ਤ੍ਰੇਲੀ ਨਾਲ ਤਿਰਬੁੱਢ ਹੋ ਗਿਆ, ਉਸਨੇ ਉੱਤਰ ਵਿੱਚ ਆਖਿਆ, "ਨਹੀਂ, ਪਰਧਾਨ ਜੀ, ਮੈਂ ਇੱਕ ਮਨੁੱਖ ਹਾਂ। ਮੈਂ ਲੂੰਮੜ ਵਾਂਗ, ਪਸ਼ੂ ਨਹੀਂ ਹਾਂ। ਕਿਉਂ ਵੇਖੋ ਨਾ, ਮੇਰੀ ਤਾਂ ਪੂਛ ਵੀ ਨਹੀਂ। ਮੈਂ ਇੱਕ ਇੱਜ਼ਤਦਾਰ ਆਦਮੀ ਹਾਂ !"

ਪਰਧਾਨ ਜ਼ੋਰ ਨਾਲ, ਹੋਰ ਜ਼ੋਰ ਨਾਲ ਹੱਸਿਆ। "ਹਾ, ਹਾ, ਹਾ .........! ਕੇਹਾ ਮਜ਼ਾਕ ਹੈ, ਕੇਹਾ ਮਖ਼ੌਲ! ਖ਼ੈਰ, ਤੇਰੇ ਚਿਹਰੇ ਵਿਚ, ਕੋਈ ਅਜਿਹੀ ਗੱਲ ਹੈ, ਜੋ ਮੈਨੂੰ ਇੱਕ ਲੂੰਮੜ ਦਾ ਚੇਤਾ ਕਰਾਉਂਦੀ ਹੈ ਅਤੇ ਮੈਂ ਉਹ ਗੱਲ ਆਖੇ ਬਗੈਰ ਨਹੀਂ ਰਹਿ ਸਕਿਆ। ਤੁਸੀਂ ਜਾਣਦੇ ਹੋ ਕਿ ਇੱਕ ਅਸਲੀ ਜੀਊਂਦਾ-ਜਾਗਦਾ ਲੂੰਮੜ, ਮੇਰੇ ਦਫ਼ਤਰ ਦੇ ਅੰਦਰ ਪੈਰ ਰੱਖਣ ਦੇ ਸਮੱਰਥ ਨਹੀਂ ਹੋ ਸਕਦਾ। ਮਿੱਤਰਾ, ਜੇ ਮੈਂ ਤੈਨੂੰ ਖ਼ਫ਼ਾ ਕੀਤਾ ਹੈ, ਤਾਂ ਇਸ ਦਾ ਮੈਨੂੰ ਅਫ਼ਸੋਸ ਹੈ।" ਜਾਪਦਾ ਸੀ ਕਿ ਹੁਣ ਕੰਪਣੀ ਪਰਧਾਨ ਚੰਗੇ ਰੌਂਅ ਵਿਚ ਹੈ।

"ਹੱਛਾ, ਤਾਂ ਫਿਰ, ਜੋ ਤੇਰੇ ਪਾਸ ਸੰਖੇਪ-ਸਾਰ ਨਹੀਂ, ਤਾਂ ਤੂੰ ਮੈਨੂੰ ਆਪਣੇ ਬਾਰੇ ਸੱਭ ਤੋਂ ਅਹਿਮ ਗੱਲਾਂ ਕਿਉਂ ਨਹੀਂ ਦੱਸ ਦਿੰਦਾ। ਕੀ ਤੂੰ, ਸਕੂਲ ਤੋਂ ਸਨਦ ਲਈ ਹੋਈ ਹੈ ? "

"ਸਕੂਲ ! " ਕੌਨਕੀਚੀ ਮੁੜ ਮੁਸ਼ਕਿਲ ਵਿਚ ਫਸ ਗਿਆ ਜਾਪਦਾ ਸੀ। ਹਾਂ ਉਹਨੇ, ਕਿਸੇ ਵੀ ਸਕੂਲ ਤੋਂ, ਕਦੇ ਵੀ ਕੋਈ ਸਨਦ ਪ੍ਰਾਪਤ ਨਹੀਂ ਸੀ ਕੀਤੀ। ਦਰ ਹਕੀਕਤ, ਸੰਭਵ ਤੌਰ ਤੇ ਸਾਰੇ ਸੰਸਾਰ ਵਿੱਚ ਇੱਕ ਵੀ ਲੂੰਮੜ ਅਜਿਹਾ ਨਹੀਂ, ਜਿਸ ਨੇ ਕਿ ਸਕੂਲ ਦੀ ਪੜ੍ਹਾਈ ਪੂਰੀ ਕੀਤੀ ਹੋਵੇ, ਪਰ ਕੌਨਕੀਚੀ ਨੇ ਇਹ ਸੋਚ ਕੇ, ਕਿ ਜਿਸ ਬੰਦੇ ਨੇ ਸਕੂਲ ਪੂਰਾ ਨਹੀਂ ਕੀਤਾ, ਉਸ ਨੂੰ ਇਸ ਕੰਪਨੀ ਵਿੱਚ, ਕੰਮ ਤੇ ਨਹੀਂ ਸੀ ਰੱਖਿਆ ਜਾ ਸਕਦਾ ; ਛੇਤੀ ਨਾਲ ਆਖਿਆ, "ਮੈਂ .........ਮੈਂ ਉਹਨਾਂ ਸਾਰਿਆਂ ਤੋਂ ਸਨਦ ਪ੍ਰਾਪਤ ਕੀਤੀ ਹੈ। ਮੁਢਲੇ ਸਕੂਲ ਤੋਂ ਲੈ ਕੇ ਧੁਰ ਯੂਨੀਵਰਸਿਟੀ ਤੱਕ, ਸਭਨਾਂ ਤੋਂ .......... 'ਕੌਨ' ।"

"ਹਲਾ ! ਕੀ ਇਹ ਗੱਲ ਹੈ ? ਜਿੱਥੋਂ ਤੱਕ ਸਕੂਲਾਂ ਦਾ ਸੰਬੰਧ ਹੈ, ਭਾਵੇਂ ਸਭਨਾਂ ਕਿਸਮਾਂ ਦੇ ਸਕੂਲ ਹਨ। ਤੂੰ ਕਿਹੜੀ ਯੂਨੀਵਰਸਿਟੀ ਤੋਂ ਪੜ੍ਹਾਈ ਪੂਰੀ ਕੀਤੀ ਹੈ ?

"ਹਾਂ, ............ਹਲਾ .......... ਉਸ ਕੌਮੀ ......... ਪਸ਼ੂ-ਪਾਰਕ ਯੂਨੀਵਰਸਿਟੀ ਤੋਂ।" ਕੌਨਕੀਚੀ ਨੂੰ ਅਚਨਚੇਤੀ ਉਸ ਕੌਮੀ ਪਾਰਕ ਦਾ ਚੇਤਾ ਆਇਆ, ਜੋ ਗਾਲਫ਼ ਮੈਦਾਨ ਦੇ ਪਿੱਛੇ ਪੱਸਰਿਆ ਹੋਇਆ ਸੀ।

"ਵਾਹ, ਬਹੁਤ ਵਧੀਆ ! ਕੌਮੀ ਯੂਨੀਵਰਸਿਟੀ, ਆਹਾ ?" ਪਰਧਾਨ ਦੀ ਦਿਲਚਸਪੀ ਜਾਗ ਰਹੀ ਸੀ। "ਖ਼ੂਬ, ਹਾਂ ! ਅਸਲ ਵਿੱਚ ਮੈਂ ਸੋਚ ਰਿਹਾ ਸਾਂ ਕਿ ਮੈਨੂੰ ਇੱਕ ਚੰਗੇ ਕਾਲਜ-ਗਰੈਜੂਏਟ ਦੀ ਜ਼ਰੂਰਤ ਹੈ। ਖ਼ੈਰ ..... ਜੇ ਉਹ ਕੌਮੀ

ਯੂਨੀਵਰਸਿਟੀ ਜਾਂ ਪਸ਼ੂ ਪਾਰਕ ਹੈ, ਤਾਂ ਕੋਈ ਸਮੱਸਿਆ ਨਹੀਂ ! ਜੇ ਤੂੰ ਕੌਮੀ ਯੂਨੀਵਰਸਿਟੀ ਦਾ ਗਰੈਜੂਏਟ ਏਂ, ਤਾਂ ਮੈਂ ਚਾਹਵਾਂਗਾ ਕਿ ਤੂੰ ਮੇਰੀ ਕੰਪਨੀ ਲਈ, ਹੁਣ ਤੋਂ ਹੀ ਕੰਮ ਕਰਨਾ ਸ਼ੁਰੂ ਕਰ ਦੇ।"

ਕੌਨਕੀਚੀ ਖ਼ੁਸ਼ੀ ਵਿਚ ਫੁੱਲਿਆ ਨਹੀਂ ਸੀ ਸਮਾ ਰਿਹਾ। ਬਿਨਾਂ ਸੋਚੇ ਸਮਝੇ, ਉਸ ਦੇ ਅੰਦਰੋਂ 'ਕੌਨ' ਦੀ ਲੱਗ-ਭੱਗ ਇੱਕ ਉੱਚੀ ਸਾਰੀ ਆਵਾਜ਼ ਨਿਕਲ ਗਈ ਅਤੇ ਉਹਨੇ ਕਰੀਬ-ਕਰੀਬ ਇੱਕ ਲੂੰਮੜ-ਨਾਚ ਨੱਚਣਾ ਸ਼ੁਰੂ ਕਰ ਦਿੱਤਾ।

"ਪਰ ਸ੍ਰੀ ਹੋਮਹਿੱਲ, ਮੈਂ ਆਖਦਾ ਹਾਂ," ਪਰਧਾਨ ਨੇ, ਆਪਣੇ ਚਿਹਰੇ ਉੱਤੇ ਇੱਕ ਕਠੋਰ ਜਿਹਾ ਭਾਵ ਪੈਦਾ ਕਰ ਕੇ, ਕੌਨਕੀਚੀ ਦੀ ਖ਼ੁਸ਼ੀ ਨੂੰ ਭੰਗ ਕਰ ਦਿੱਤਾ, "ਕੀ ਤੇਰੇ ਕੋਲ ਕੋਈ ਖ਼ਾਸ ਕੁਸ਼ਲਤਾ ਹੈ ? ਭਾਵੇਂ ਅਸੀਂ ਸਾਰੇ ਆਦਮੀ ਹਾਂ ਪਰ ਇੱਕ ਕੁਸ਼ਲ ਅਤੇ ਅਕੁਸ਼ਲ ਆਦਮੀ ਵਿੱਚ ਬਹੁਤ ਫ਼ਰਕ ਹੁੰਦਾ ਹੈ।"

ਕੌਨਕੀਚੀ ਫਿਰ ਤ੍ਰਭਕ ਉੱਠਿਆ । ਉਹਨੇ ਇੱਕ ਡੂੰਘਾ ਸਾਹ ਲਿਆ ਅਤੇ ਆਖਣ ਲੱਗਾ, "ਹੱਛਾ, ਹਾਂ ....... ਮੈਂ ਖ਼ਰਗੋਸ਼ਾਂ, ਖੇਤਾਂ ਦੇ ਚੂਹਿਆਂ ਅਤੇ ਚੂਜ਼ਿਆਂ ਦੇ ਪਿੱਛੇ ਭੱਜ ਸਕਦਾਂ ....... ਉਹੋ ....., ਮੇਰਾ ਮਤਲਬ ਹੈ, ਮੈਂ ਖ਼ਰਗੋਸ਼, ਚੂਹੇ ਤੇ ਚੂਜ਼ੇ ਉਤਪੰਨ ਕਰ ਸਕਦਾਂ। ਮੈਂ ਪਸ਼ੂ ਪਾਰਕਾਂ ਦਾ ਇੱਕ ਯੋਗਤਾ-ਪ੍ਰਾਪਤ ਪ੍ਰਬੰਧਕ ਹਾਂ।"

ਹੁਣ ਖ਼ੁਸ਼ ਹੋਣ ਦੀ ਵਾਰੀ ਪਰਧਾਨ ਦੀ ਸੀ। "ਹੈਂ, ਹੈਂ, ਕੀ ਅਜਿਹਾ ਹੈ ? ਹਾਂ, ਹਾਂ, ਤੂੰ ਵਧੇਰੇ ਹੀ ਵਧੇਰੇ , ਮੇਰੀ ਕੰਪਨੀ ਲਈ ਲੁੜੀਂਦਾ ਆਦਮੀ ਜਾਪ ਰਿਹਾ ਏਂ। ਸ੍ਰੀ ਹੋਮਹਿੱਲ, ਮੈਂ ਇੱਕ ਅਜਿਹੇ ਮੁਲਾਜ਼ਮ ਦੀ ਟੋਹ ਵਿਚ ਸਾਂ, ਜਿਸ ਨੂੰ ਪਸ਼ੂਆਂ ਬਾਰੇ ਪੂਰੀ ਜਾਣਕਾਰੀ ਹੋਵੇ। ਅਤੇ ਫਿਰ, ਤੂੰ ਸਿੱਧਾ ਮੇਰੀ ਕੰਪਨੀ ਵਿਚ ਚਲਿਆ ਆਇਆ । ਖ਼ੈਰ ਤੂੰ ਜਾਣਦਾ ਏਂ ਕਿ ਸਾਡੀ ਕੰਪਨੀ, ਦੇਸ਼ ਵਿਚ ਸਮੂਰਾਂ ਦੀ ਸੱਭ ਤੋਂ ਵੱਡੀ ਕੰਪਨੀ ਹੈ। ਹੱਛਾ ਸ੍ਰੀ ਹੋਮਹਿੱਲ, ਤਾਂ ਫਿਰ, ਫ਼ੈਸਲਾ ਹੋ ਗਿਐ । ਮੈਂ ਚਾਹੁੰਦਾ ਹਾਂ ਕਿ ਤੂੰ ਕੱਲ੍ਹ ਤੋਂ ਹੀ ਏਥੇ ਕੰਮ ਸ਼ੁਰੂ ਕਰ ਦੇ।"

ਪਰਧਾਨ ਨੇ ਆਪਣਾ ਮੋਟਾ ਜਿਹਾ ਸਰੀਰ ਉੱਪਰ ਚੁੱਕਣ ਲਈ ਜ਼ੋਰ ਲਾਇਆ ਅਤੇ ਅਖ਼ੀਰ ਆਪਣੇ ਪੈਰ, ਆਪਣੇ ਹੇਠ ਚੰਗੀ ਤਰ੍ਹਾਂ ਟਿਕਾ ਕੇ, ਉਹਨੇ ਤਸੱਲੀ ਨਾਲ ਕੌਨਕੀਚੀ ਦਾ ਮੋਢਾ ਥਪਥਪਾਇਆ।

ਸਮੂਰ-ਕੰਪਨੀ ਕਿਸੇ ਅਨਜਾਣੇ ਕਾਰਨ ਵੱਸ, ਜਦੋਂ ਕੌਨਕੀਚੀ ਨੇ ਉਹ ਦੋ ਸ਼ਬਦ ਸੁਣੇ, ਤਾਂ ਉਸ ਨੂੰ ਆਪਣੀ ਛਾਤੀ ਵਿੱਚ, ਅਚਨਚੇਤੀ ਇੱਕ ਡੂੰਘੀ ਪੀੜ ਹੁੰਦੀ ਪ੍ਰਤੀਤ ਹੋਈ।

ਕੌਨਕੀਚੀ ਕੰਪਨੀ ਦੀ ਇਮਾਰਤ ਤੋਂ ਤੁਰ ਪਿਆ ਅਤੇ ਸ਼ਹਿਰ ਦੀਆਂ ਗਲੀਆਂ ਵਿਚੋਂ ਦੀ ਲੰਘਦਿਆਂ, ਉਹ ਇਸ ਸਮੂਰ-ਕੰਪਨੀ ਬਾਰੇ ਹੀ ਸੋਚਦਾ ਰਿਹਾ । ਖ਼ੈਰ, ਇਸ ਨਾਲ ਕੋਈ ਫ਼ਰਕ ਨਹੀਂ ਸੀ ਪੈਂਦਾ ਕਿ ਉਹ ਕਿਸ ਕੰਪਨੀ ਵਿਚ ਕੰਮ ਕਰੇਗਾ, ਉਸ ਲਈ ਅਹਿਮ ਗੱਲ ਤਾਂ ਇਹ ਸੀ ਕਿ ਉਸ ਨੂੰ, ਕੌਨਕੀਚੀ ਨੂੰ, ਕੰਮ ਮਿਲ ਗਿਆ ਸੀ। ਆਖ਼ਿਰ ਨੂੰ, ਤਾਂ ਉਹ ਇੱਕ ਕਾਰੋਬਾਰੀ ਆਦਮੀ ਬਣ ਗਿਆ ਸੀ।

ਹੁਣ ਕਾਰੋਬਾਰੀ ਆਦਮੀ ਬਣ ਜਾਣ ਨਾਲ, ਉਸ ਨੂੰ ਹੋਰ ਵਧੇਰੇ ਸਮੇਂ ਲਈ ਇੱਕ ਹਨੇਰੀ ਖੁੱਡ ਵਿਚ ਨਹੀਂ ਰਹਿਣਾ ਪਏਗਾ । ਜੇ ਵਰਖਾ ਵੀ ਹੋਵੇਗੀ ਤਾਂ ਕੋਈ ਗੱਲ ਨਹੀਂ । ਹੁਣ ਉਸ ਨੂੰ, ਖ਼ਰਗੋਸ਼ ਨਾ ਫੜ ਸਕਣ ਜਾਂ ਚੂਜ਼ੇ ਨਾ ਚੁਰਾ ਸਕਣ ਕਾਰਨ, ਕਈ-ਕਈ ਦਿਨ ਭੁੱਖਿਆ ਨਹੀਂ ਰਹਿਣਾ ਪਏਗਾ। ਹੁਣ ਉਹ ਕੰਮ ਕਰ ਕੇ ਆਪਣੀ ਤਨਖ਼ਾਹ ਲੈ ਸਕਦਾ ਸੀ ਅਤੇ ਚੂਜ਼ਿਆਂ ਤੇ ਖ਼ਰਗੋਸ਼ਾਂ ਦਾ ਬਹੁਤ ਸਾਰਾ ਮਾਸ ਖ਼ਰੀਦ ਸਕਦਾ ਸੀ ਅਤੇ ਉਸ ਨੂੰ ਰੈਫ਼ਰਿਜਰੇਟਰ ਜਾਂ ਫ਼ਰੀਜ਼ਰ ਵਿਚ ਰੱਖ ਸਕਦਾ ਸੀ ਅਤੇ ਜਦੋਂ ਜੀਅ ਚਾਹੇ, ਖਾ ਸਕਦਾ ਸੀ।

"ਕੌਨ', 'ਕੌਨ,' 'ਕੌਨ ! " ਆਪਣੇ ਨਵੇਂ ਕਮਰੇ ਵਿੱਚ ਆ ਕੇ, ਕੌਨਕੀਚੀ ਨੇ, ਆਪਣਾ ਤਿੱਖਾ ਚਿਹਰਾ ਛੱਤ ਵਲ ਘੁਮਾਇਆ ਅਤੇ ਖ਼ੁਸ਼ੀ ਨਾਲ ਅੱਖਾਂ ਝਮਕਦਿਆਂ, ਨਿਪਟ ਆਨੰਦ ਵਿੱਚ ਇੱਕ ਚਾਂਗਰ ਮਾਰੀ। ਉਸ ਰਾਤ ਕੌਨਕੀਚੀ ਹੁਲਾਸ ਦੇ ਧੁੰਦਲੱਕੇ ਵਿੱਚ ਸੁੱਤਾ। ਉਸ ਦਾ ਦਿਮਾਗ ਪਹਾੜੀਆਂ ਦੇ ਸੁਪਨਿਆਂ ਨਾਲ ਭਰਿਆ ਹੋਇਆ ਸੀ।

ਅਗਲੇ ਦਿਨ ਕੌਨਕੀਚੀ ਦੀ ਜ਼ਿੰਦਗੀ ਸ਼ੁਰੂ ਹੋਈ ਇੱਕ ਕਾਰੋਬਾਰੀ ਆਦਮੀ ਦੇ ਤੌਰ 'ਤੇ । ਉਸਦੀ ਪਹਿਲੀ ਨੌਕਰੀ ਵਿੱਕਰੀ ਵਿਭਾਗ ਵਿੱਚ ਸੀ, ਜਿਥੇ ਉਹ ਸਮੂਰ ਦੇ ਕੋਟਾਂ ਦੀ ਵਿੱਕਰੀ ਤੋਂ ਕਮਾਏ ਰੁਪਏ-ਪੈਸੇ ਦੀ ਗਿਣਤੀ ਕਰਦਾ ਸੀ। ਹਾਂ, ਪਹਿਲਾਂ-ਪਹਿਲਾਂ, ਉਸ ਨੂੰ ਹਰ ਗੱਲ ਆਪਣੇ ਸਾਥੀ-ਕਰਮਚਾਰੀਆਂ ਪਾਸੋਂ ਸਿੱਖਣੀ ਪਈ, ਛੇਤੀ ਹੀ ਕੌਨਕੀਚੀ ਨੇ ਕੰਮ ਬਾਰੇ ਸੱਭ ਕੁੱਝ ਸਿੱਖ ਲਿਆ। ਅਸਲ ਵਿਚ, ਕੰਮ ਕਰਨ ਵੇਲੇ ਉਹ ਇੱਕ ਲੋਰ ਵਿਚ ਇੱਕ ਨਸ਼ੇ ਵਿੱਚ ਜਾਪਦਾ, ਇੱਕ ਕਾਰੋਬਾਰੀ ਆਦਮੀ ਵਜੋਂ ਕੰਮ ਕਰਨ 'ਤੇ ਉਹ ਬਹੁਤ ਖ਼ੁਸ਼ ਸੀ ਅਤੇ ਛੇਤੀ ਹੀ ਉਹ ਕੰਪਨੀ ਦਾ ਸੱਭ ਤੋਂ ਮਿਹਨਤੀ ਕਰਮਚਾਰੀ ਪ੍ਰਸਿੱਧ ਹੋ ਗਿਆ।

ਪਰਧਾਨ ਇਹ ਵੇਖ ਕੇ ਬਹੁਤ ਪ੍ਰਸੰਨ ਸੀ ਕਿ ਜਦੋਂ ਦਾ ਕੌਨਕੀਚੀ, ਉਸ ਦੀ ਕੰਪਨੀ ਵਿੱਚ ਕੰਮ ਕਰਨ ਲੱਗਾ ਸੀ, ਉਦੋਂ ਦੇ ਦੂਸਰੇ ਕਾਮੇ ਵੀ, ਕੌਨਕੀਚੀ ਦੀ ਕੰਮ-ਭਾਵਨਾ ਨੂੰ ਗ੍ਰਹਿਣ ਕਰਨ ਲੱਗ ਪਏ ਸਨ ਅਤੇ ਵਿਕਰੀ ਵਿੱਚ ਹੌਲੀ-ਹੌਲੀ ਵਾਧਾ ਹੋਣ ਲੱਗ ਪਿਆ ਸੀ। ਉਹਨੇ ਕੌਨਕੀਚੀ ਨੂੰ ਵਧੇਰੇ ਤਨਖ਼ਾਹ ਵੀ ਦੇਣੀ ਸ਼ੁਰੂ ਕਰ ਦਿੱਤੀ।

ਕੌਨਕੀਚੀ ਖ਼ੁਦ ਵੀ ਤਾਂ ਬਹੁਤ ਖ਼ੁਸ਼-ਰਹਿਣਾ ਆਦਮੀ ਸੀ। ਜਦੋਂ ਸਪਤਾਹ-ਅੰਤ ਆਉਂਦਾ ਤਾਂ ਉਹ ਹੁਣ ਬਾਹਰ ਗਾਲਫ਼ ਦੇ ਮੈਦਾਨ ਵਿੱਚ ਜਾ ਸਕਦਾ ਸੀ, ਜਿਵੇਂ ਕਿ ਉਹ ਚਾਹੁੰਦਾ ਹੁੰਦਾ ਸੀ ਕਿ ਉਹ ਜਾਵੇ। ਹਾਂ, ਤੇ ਜਦੋਂ ਸੱਚ-ਮੁੱਚ ਹੀ ਉਹਨੇ ਗਾਲਫ਼ ਖੇਡ ਕੇ ਵੇਖੀ, ਤਾਂ ਉਸ ਨੂੰ ਪਤਾ ਲੱਗਾ ਕਿ ਉਸ ਵਿੱਚ ਓਨਾ ਮਜ਼ਾ ਨਹੀਂ, ਪਰ ........ ਭਾਵੇਂ ਕਿ ਉਹ ਪਹਿਲਾਂ ਇਕ ਲੂੰਮੜ ਸੀ, ਜਿਸ ਲਈ, ਕੋਈ ਹੋਰ ਆਦਮੀ, ਉਸ ਦਾ ਭਾਰਾ ਜਿਹਾ ਗਾਲਫ਼-ਥੈਲਾ, ਗਾਲਫ਼ ਦੇ ਵੱਡੇ ਸਾਰੇ ਮੈਦਾਨ ਵਿੱਚ ਏਧਰ-ਓਧਰ ਲਈ ਫਿਰੇ ਅਤੇ ਉਹ ਉਹਨਾਂ ਨਿੱਕੀਆਂ-ਨਿੱਕੀਆਂ ਚਿੱਟੀਆਂ ਗੇਂਦਾਂ ਨੂੰ, ਮਾਣ ਨਾਲ ਟੁੱਲ ਮਾਰਦਾ ਫਿਰੇ।

ਪਹਾੜੀਆਂ ਵਿਚ ਗਾਲਫ਼ ਦਾ ਇਹ ਮੈਦਾਨ, ਜਿੱਥੇ ਕਿ ਕੌਨਕੀਚੀ ਦਾ ਜਨਮ ਹੋਇਆ ਸੀ— ਜਿੱਥੇ ਕਿ ਲੂੰਮੜ ਕੌਨਕੀਚੀ, ਉੱਚੇ ਉੱਚੇ ਘਾਹ ਦੇ ਝਾੜਾਂ ਵਿੱਚ ਲੁਕਦਾ ਰਿਹਾ ਸੀ, ਲੋਕਾਂ ਨੂੰ ਲੁਕ-ਛੁਪ ਕੇ ਵੇਖਦਾ ਰਿਹਾ ਸੀ——ਹੁਣ ਜਦੋਂ ਉਹ ਉਥੇ ਗਾਲਫ਼ ਖੇਡਦਾ ਸੀ, ਉਹ ਖ਼ੁਸ਼ੀ ਵਿੱਚ ਉੱਚੀ-ਉੱਚੀ 'ਕੌਨ, ਕੌ ......ਨ" ਆਖਣੋਂ ਜਾਂ ਲੂੰਮੜ-ਨਾਚ ਨੱਚਣੋਂ ਨਹੀਂ ਸੀ ਰਹਿ ਸਕਦਾ।

"ਵਾਕਈ, ਤੂੰ ਮੇਰੀ ਕੰਪਨੀ ਦਾ ਮਾਣ ਏਂ, ਗੌਰਵ ਏਂ" ਪਰਧਾਨ ਅਕਸਰ ਕੌਨਕੀਚੀ ਦੇ ਸਾਥੀ-ਕੱਮਿਆਂ ਦੇ ਸਾਹਮਣੇ ਹੀ ਉਸ ਦੀ ਪਰਸੰਸਾ ਕਰਦਾ। "ਤੁਸੀਂ ਸਾਰੇ ਕਾਮੇ ਸੁਣੋ, ਹੋਮਹਿੱਲ ਤੁਸਾਂ ਸਾਰੇ ਕਾਮਿਆਂ ਲਈ, ਇੱਕ ਵਧੀਆ ਮਿਸਾਲ ਹੈ, ਰੀਸ ਕਰਨ ਯੋਗ ! ਉਸ ਵਲ ਤੱਕੋ ਅਤੇ ਕੁੱਝ ਸਿੱਖੋ।"

ਇਹ ਚਲਦਾ ਰਿਹਾ। ਕੌਨਕੀਚੀ ਨੇ ਸਗੋਂ ਹੋਰ ਵਧੇਰੇ ਮਿਹਨਤ ਕਰਨ ਦਾ ਮਨ ਬਣਾ ਲਿਆ। ਉਹ ਲੱਗ-ਭੱਗ ਇਉਂ ਕੰਮ ਕਰਦਾ, ਜਿਵੇਂ ਉਸ ਦੇ ਖੀਸਿਆਂ ਵਿੱਚ ਗਰਮ ਭਖਦੇ ਕੋਲੇ ਪਏ ਹੋਣ। ਦਿਨ ਹਫ਼ਤੇ ਮਹੀਨੇ ਬਣਦੇ ਗਏ ਅਤੇ ਬੀਤਦੇ ਗਏ। ਕੌਨਕੀਚੀ ਦੇ ਚਿਹਰੇ ਤੋਂ ਜਾਪਦਾ ਸੀ ਕਿ ਉਹ ਇੱਕ ਕਾਰੋਬਾਰੀ ਆਦਮੀ ਵਜੋਂ, ਆਪਣੇ ਜੀਵਨ ਦਾ ਆਨੰਦ ਮਾਣ ਰਿਹਾ ਹੈ।

ਪਰ ਕੌਨਕੀਚੀ ਨੂੰ ਪਹਾੜੀਆਂ ਵਿਚਲਾ ਆਪਣਾ ਘਰ ਕਦੇ ਵੀ ਨਹੀਂ ਸੀ ਵਿੱਸਰਿਆ। ਹਰ ਮਹੀਨੇ, ਜਿਉਂ ਹੀ ਉਸ ਨੂੰ ਤਨਖ਼ਾਹ ਮਿਲਦੀ, ਉਹ ਬਾਹਰ ਜਾਂਦਾ, ਬਹੁਤ ਸਾਰੇ ਜੀਵਿਤ ਖ਼ਰਗੋਸ਼ ਤੇ ਚੂਜ਼ੇ ਖ਼ਰੀਦਦਾ ਅਤੇ ਪਹਾੜੀ ਦੇ ਪਾਸੇ ਤੇ ਗਾਲਫ਼ ਦੇ ਮੈਦਾਨ ਦੇ ਨੇੜੇ ਰਹਿੰਦੀ, ਆਪਣੀ ਮਾਂ ਕੋਲ ਲੈ ਜਾਂਦਾ।

ਹਰ ਵਾਰੀ ਜਦੋਂ ਉਹ ਆਪਣੇ ਬਚਪਨ ਦੇ ਘਰ ਆਉਂਦਾ, ਉਸ ਦੀ ਮਾਂ ਉਸ ਦਾ ਨਿੱਘਾ ਸੁਆਗਤ ਕਰਦੀ ਪਰ ਉਸ ਦੀਆਂ ਅੱਖਾਂ ਵਿੱਚ ਹਮੇਸ਼ਾ ਹੀ, ਡੂੰਘੀ ਉਦਾਸੀ ਦੇ ਚਿੰਨ੍ਹ ਹੁੰਦੇ।

"ਕੌਨ, ਕੌਨ, ਮੇਰੇ ਪਿਆਰੇ ਕੌਨਕੀਚੀ, ਤੂੰ ਜੋ ਮੇਰੇ ਲਈ ਏਨੀਆਂ ਵਧੀਆ ਵਧੀਆ ਵਸਤਾਂ ਲਿਆਉਂਦਾ ਏਂ, ਉਸ ਲਈ ਤੇਰਾ ਸ਼ੁਕਰੀਆ, ਪਰ ਇਹ ਚੀਜ਼ਾਂ ਲਿਆਉਂਦੇ ਰਹਿਣ ਦੀ ਲੋੜ ਨਹੀਂ। ਤੂੰ ਹੁਣ ਹਰ ਲਿਹਾਜ਼ ਨਾਲ ਇੱਕ ਵਧੀਆ

ਮਨੁੱਖ ਏਂ—ਕੌਨ'— ਅਤੇ ਮੁਕੰਮਲ ਤੌਰ ਤੇ ਮਨੁੱਖ ਬਣਨ ਵਾਸਤੇ, ਤੈਨੂੰ ਇੱਕ ਲੂੰਮੜ ਵਜੋਂ, ਆਪਣੇ ਅਤੀਤ ਬਾਰੇ, ਸੱਭ ਕੁੱਝ ਭੁੱਲ-ਭੁਲਾ ਜਾਣ ਦਾ ਯਤਨ ਕਰਨਾ ਚਾਹੀਦੈ। ਤੇਰੀ ਮਾਂ, ਜਿਵੇਂ-ਕਿਵੇਂ ਆਪਣਾ ਨਿਰਬਾਹ ਕਰਦੀ ਰਹੇਗੀ— 'ਕੌਨ' !"

ਕੌਨਕੀਚੀ ਨੂੰ ਆਪਣੀ ਮਾਂ ਦੀਆਂ ਭਾਵਨਾਵਾਂ ਦੀ ਸਮਝ ਆ ਗਈ, ਪਰ ਉਸ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਕੀ ਆਖੇ, ਕਿਉਂਕਿ ਉਸ ਨੇ ਇਹ ਮਹਿਸੂਸ ਕੀਤਾ ਕਿ ਉਸ ਨੂੰ ਹੌਲੀ-ਹੌਲੀ ਲੂੰਮੜਾਂ ਦੀ ਬੋਲੀ ਵਿੱਚ ਗੱਲ ਕਰਨ ਦੀ ਜਾਚ ਭੁੱਲਦੀ ਜਾ ਰਹੀ ਸੀ। ਉਹ ਬੱਸ, ਆਪਣੀ ਮਾਂ ਵਲ ਵਿਹੰਦਾ ਰਿਹਾ, ਖ਼ੁਸ਼ੀ ਨਾਲ ਮੁਸਕਰਾਉਂਦਾ ਰਿਹਾ, ਅਤੇ ਫਿਰ ਪਹਾੜੀਆਂ ਤੋਂ ਹੇਠਾਂ, ਸ਼ਹਿਰ ਵਾਪਸ ਚਲਿਆ ਗਿਆ। ਜਦੋਂ ਅਗਲਾ ਤਨਖ਼ਾਹ ਦਿਨ ਆਉਂਦਾ, ਨਿਸ਼ਚੇ ਹੀ, ਕੌਨਕੀਚੀ, ਆਪਣੀ ਮਾਂ ਵਾਸਤੇ ਵਧੇਰੇ ਖ਼ਰਗੋਸ਼ ਤੇ ਚੂਜ਼ੇ ਲੈ ਕੇ ਪਹਾੜੀ ਤੇ ਚੜ੍ਹ ਰਿਹਾ ਹੁੰਦਾ।

ਮਹੀਨੇ ਬੀਤਦੇ ਗਏ ਅਤੇ ਬਹਾਰ ਹੁਨਾਲ ਵਿੱਚ ਬਦਲ ਗਈ ਅਤੇ ਹੁਨਾਲ ਪੱਤਝੜ ਵਿੱਚ ਪਰਿਵਰਤਿਤ ਹੋ ਗਿਆ । ਕੌਨਕੀਚੀ ਆਪਣੇ ਕੰਮ ਤੇ ਸਖ਼ਤ ਮਿਹਨਤ ਕਰਦਾ ਰਿਹਾ ਅਤੇ ਨਵੰਬਰ ਵਿੱਚ, ਇੱਕ ਦਿਨ, ਜਦੋਂ ਸਿਆਲ ਨੇੜੇ ਆ ਰਿਹਾ ਸੀ, ਉਹਨੇ ਵੇਖਿਆ ਕਿ ਦੁਕਾਨ ਵਿੱਚ ਵਿੱਕਰੀ ਵਾਸਤੇ, ਸਮੂਰ ਦੇ ਕੋਟ ਬਹੁਤ ਥੋੜ੍ਹੇ, ਬਾਕੀ ਰਹਿ ਗਏ ਸਨ।

"ਉਹੋ ! ਇਸ ਨਾਲ ਤਾਂ ਕੰਮ ਨਹੀਂ ਚੱਲੇਗਾ," ਕੌਨਕੀਚੀ ਨੇ ਆਪਣੇ-ਆਪ ਨੂੰ ਆਖਿਆ। ਲੱਗ ਰਿਹਾ ਸੀ, ਜਿਵੇਂ ਕੰਪਨੀ-ਪਰਧਾਨ ਬੋਲ ਰਿਹਾ ਹੋਵੇ। "ਸਿਆਲ ਆ ਰਿਹਾ ਹੈ, ਸਾਨੂੰ ਬਹੁਤ ਸਾਰੇ ਸਮੂਰ-ਕੋਟ ਵੇਚਣ ਦੇ ਸਮੱਰਥ ਹੋਣਾ ਚਾਹੀਦੈ।" ਇਹ ਆਖ ਕੇ, ਉਹ ਛੇਤੀ ਨਾਲ, ਮਾਲ- ਗੋਦਾਮ ਵਲ ਚਲਾ ਗਿਆ।

ਹੁਣ ਕੌਨਕੀਚੀ ਸੀ, ਕਿ ਕਦੇ ਇੱਕ ਵਾਰ ਵੀ ਸਮੂਰ ਵਾਲੇ ਮਾਲ-ਗੋਦਾਮ ਵਲ ਨਹੀਂ ਸੀ ਗਿਆ, ਕਿਉਂਕਿ ਉਹ ਵਿੱਕਰੀ ਨੂੰ ਵਧਾਉਣ ਅਤੇ ਕਾਗਜ਼ਾਂ ਉਤੇ ਅੰਕੜੇ ਲਿਖਣ ਵਿੱਚ ਹੀ , ਬਹੁਤ ਜ਼ਿਆਦਾ ਰੁੱਝਾ ਰਿਹਾ ਸੀ।

ਜਿਉਂ ਹੀ ਕੌਨਕੀਚੀ ਨੇ ਮਾਲ-ਗੋਦਾਮ ਦਾ ਦਰਵਾਜ਼ਾ ਖੋਲ੍ਹਿਆ, ਉਹਨੇ ਪੀੜ-ਭਰੀ ਇੱਕ ਤਿੱਖੀ ਕੂਕ ਮਾਰੀ। ਵੱਡੇ ਸਾਰੇ ਮਾਲ-ਗੋਦਾਮ ਵਿੱਚ, ਪਸ਼ੂਆਂ ਦੀਆਂ— ਗਾਲ੍ਹੜਾਂ, ਖ਼ਰਗੋਸ਼ਾਂ, ਨਿਉਲਿਆਂ, ਗੋਹਵਾਂ, ਬਿੱਜੂਆਂ, ਚੀਤਿਆਂ, ਰਿੱਛਾਂ, ........ ਆਦਿ ਦੀਆਂ ਖੱਲਾਂ ਪੁੱਠੀਆਂ ਲਟਕ ਰਹੀਆਂ ਸਨ ..... ਏਨੀਆਂ ਜ਼ਿਆਦਾ ਕਿ ਗਿਣਨੀਆਂ ਵੀ ਮੁਸ਼ਕਿਲ ਸਨ, ਅਤੇ ਜਿਵੇਂ ਸਾਰੀਆਂ ਹੁਣੇ ਹੀ ਪਸ਼ੂਆਂ-ਜਾਨਵਰਾਂ ਤੋਂ ਲਾਹੀਆਂ ਗਈਆਂ ਹੋਣ। ਜਿਉਂ ਹੀ ਕੌਨਕੀਚੀ ਨੇ ਹੌਲੀ-ਹੌਲੀ ਪੈਰ ਅੰਦਰ ਧਰੇ, ਜਾਪਿਆ ਜਿਵੇਂ ਉਹ ਸਾਰੀਆਂ ਨਿਰਜੋਤ ਨਜ਼ਰਾਂ ਸਿੱਧੀਆਂ ਉਸ ਵਲ ਹੀ ਤੱਕ ਰਹੀਆਂ ਹੋਣ।

"ਹਲਾ, ਇਹ ਹੈ ...... ! ਹੇ ਮੇਰੇ ਰੱਬਾ ! ਇਸ ਕੰਪਨੀ ਕੋਲ ਏਨੇ ਸਾਰੇ ਸਮੂਰ, ਏਨੀਆਂ ਸਾਰੀਆਂ ਖੱਲਾਂ ਹਨ ........ ਪਰ ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਇਹ ਸਾਰੇ ਬਿੱਜੂ ਅਤੇ ਨਿਉਲੇ – ਸੱਭ ਉਹਨਾਂ ਵਰਗੇ, ਜਿਹਨਾਂ ਨੂੰ ਮੈਂ ਜਾਣਦਾ ਸਾਂ, ਲੋਕਾਂ ਨੇ ਮਾਰੇ ਹਨ ਤੇ ਉਹਨਾਂ ਦੀਆਂ ਖੱਲਾਂ ਲਾਹੀਆਂ ਹਨ...... ਕਿੰਨੀ ਮੰਦ-ਭਾਗੀ ਗੱਲ ਹੈ ! ਪਰ , ਹਾਂ ਇਸ ਤੋਂ ਬਗੈਰ ਚਾਰਾ ਵੀ ਨਹੀਂ ਸੀ, ਨਹੀਂ ਤਾਂ ਫਿਰ, ਸਾਡੀ ਕੰਪਨੀ ਵਧੇਰੇ-ਹੀ-ਵਧੇਰੇ ਸਮੂਰ-ਕੋਟ ਕਿਵੇਂ ਵੇਚ ਸਕਦੀ ਸੀ ? ਹਾਂ, ਇਹ ਬਹੁਤ ਮਾੜੀ ਗੱਲ ਹੈ ........ ਕ ....... ਕ..ੀ ......?"

ਕੌਨਕੀਚੀ ਅਚਨਚੇਤ ਫ਼ਰਸ਼ ਤੋਂ ਉੱਪਰ ਉੱਛਲਿਆ, ਕਿਉਂਕਿ ਕੋਈ ਚੀਜ਼ ਉਸ ਦੀ ਨਜ਼ਰ ਪੈ ਗਈ ਸੀ। ਮਾਲ-ਗੋਦਾਮ ਦੇ ਪਿੱਛਵਾੜੇ ਲੂੰਮੜਾਂ ਦੀਆਂ ਖੱਲਾਂ ਸਨ, ਉਲਟੀਆਂ ਲਟਕ ਰਹੀਆਂ, ਇੱਕ-ਦੂਸਰੀ ਨਾਲ ਕੱਸ ਕੇ ਬੰਨ੍ਹੀਆਂ ਹੋਈਆਂ। ਉਹਨਾਂ ਵਿਚੋਂ ਕੁਝ ਖੱਲਾਂ ਜੋ ਉਥੇ ਲਟਕ ਰਹੀਆਂ ਸਨ, ਬੰਦ ਅੱਖਾਂ ਵਾਲੀਆਂ ਸਨ, ਜਿਵੇਂ ਪੀੜ ਨਾਲ ਬੰਦ ਹੋਣ, ਜਦ ਕਿ ਹੋਰ ਲੂੰਮੜਾਂ ਦੀਆਂ ਅੱਖੀਆਂ, ਅੱਧ-ਖੁੱਲ੍ਹੀਆਂ ਸਨ, ਅਤੇ ਖ਼ਿਲਾਅ ਵਿੱਚ ਖ਼ਾਲੀ-ਖ਼ਾਲੀ ਝਾਕ ਰਹੀਆਂ ਸੀ ਕੁੱਝ ਚਿਹਰੇ ਅਜਿਹੇ ਵੀ ਸਨ, ਜਿਹਨਾਂ ਨੇ ਕੌਨਕੀਚੀ ਨੂੰ ਆਪਣੇ ਭਰਾਵਾਂ ਅਤੇ ਦੋਸਤਾਂ ਦਾ ਚੇਤਾ ਕਰਵਾ ਦਿੱਤਾ ਸੀ

ਕੌਨਕੀਚੀ ਅਹਿੱਲ-ਅਡੋਲ ਖਲੋਤਾ ਸੀ, ਬੱਸ, ਉਸ ਦੀਆਂ ਲੱਤਾਂ ਲਰਜ਼ ਰਹੀਆਂ ਸਨ ਅਤੇ ਦੰਦ ਡਰ ਨਾਲ ਵੱਜ ਰਹੇ ਸਨ। ਛੇਤੀ ਹੀ, ਹੰਝੂ ਉਸਦੇ ਹਿਰਦੇ ਵਿਚੋਂ, ਉੱਪਰ ਅੱਖਾਂ ਵਿੱਚ ਆ ਗਏ ਅਤੇ ਗੱਲ੍ਹਾਂ ਤੋਂ ਹੇਠਾਂ ਕਿਰਨ ਲੱਗ ਪਏ।

"ਉਹ, ਮੇਰੇ ਏਨੇ ਸਾਰੇ ਸਾਥੀ ਮਾਰੇ ਗਏ ਹਨ ..... ! ਏਨਿਆਂ ਦੀਆਂ ਖੱਲਾਂ ਲਾਹੀਆਂ ਗਈਆਂ ਹਨ ....... ਵੇਚੀਆਂ ਗਈਆਂ ਹਨ ....... ਮੈਂ ਕਦੇ ਕਲਪਨਾ ਵੀ ਨਹੀਂ ਸੀ ਕੀਤੀ ਕਿ ਇਸ ਤਰ੍ਹਾਂ ਦੀ ਕੋਈ ਗੱਲ ਹੋ ਰਹੀ ਹੈ .......।"

ਪਲ ਕੁ ਪਿੱਛੋਂ ਲਾਲ-ਅੱਖਾਂ ਵਾਲਾ ਕੌਨਕੀਚੀ ਥੱਕਿਆ-ਟੁੱਟਿਆ, ਔਖੇ-ਔਖੇ ਪੈਰ ਪੁੱਟਦਾ ਮਾਲ-ਗੋਦਾਮ ਵਿਚੋਂ ਬਾਹਰ ਆਇਆ। ਸੰਧਿਆ ਦਾ ਸੂਰਜ, ਕੰਪਨੀ ਦੀ ਵੱਡੀ ਇਮਾਰਤ ਦੇ ਪਿੱਛੇ ਹੌਲੀ-ਹੌਲੀ ਹੇਠਾਂ ਜਾ ਰਿਹਾ ਸੀ, ਪਰ ਅੱਜ ਕੌਨਕੀਚੀ ਨੇ ਸੂਰਜ-ਅਸਤ ਦੇ ਇਸ ਸੁੰਦਰ ਦ੍ਰਿਸ਼ ਵਲ, ਕੋਈ ਧਿਆਨ ਨਹੀਂ ਸੀ ਦਿੱਤਾ।

ਉਸ ਰਾਤ ਕੌਨਕੀਚੀ ਸੌਂ ਨਾ ਸਕਿਆ। ਊਂਘ ਲੈਣ ਲਈ, ਉਹ ਜਦ ਵੀ ਆਪਣੀਆਂ ਅੱਖਾਂ ਮੀਚਦਾ, ਉਸਦੇ ਆਪਣੇ ਪੁਰਾਣੇ ਮਿੱਤਰਾਂ ਵਰਗੇ ਜਾਪਦੇ ਮੋਏ ਲੂੰਮੜਾਂ ਦੇ ਮੁੱਖੜੇ, ਉਸ ਦੀਆਂ ਅੱਖਾਂ ਮੂਹਰੇ ਤੈਰਨ ਲੱਗ ਪੈਂਦੇ, ਜਾਂ ਫਿਰ ਉਸ ਨੂੰ ਸੁਪਨੇ ਆਉਣ ਲੱਗਦੇ ਕਿ ਸ਼ਿਕਾਰੀ ਕੁੱਤੇ, ਉਸ ਦਾ ਪਿੱਛਾ ਕਰ ਰਹੇ ਹਨ। ਫਿਰ ਉਹ ਉੱਠ ਕੇ ਸਿੱਧਾ ਬਿਸਤਰ ਵਿੱਚ ਬੈਠ ਜਾਂਦਾ , ਉਸ ਦੀਆਂ ਅੱਖਾਂ ਖੁੱਲ੍ਹੀਆਂ ਹੁੰਦੀਆਂ ਅਤੇ ਉਸ ਦਾ ਸਾਰਾ ਸਰੀਰ ਠੰਡੇ ਪਸੀਨੇ ਵਿੱਚ ਭਿੱਜਾ ਹੁੰਦਾ । "ਮੈਂ ਤਾਂ ਇੱਕ ਮਨੁੱਖ ਹਾਂ। ਇਸ ਸੱਭ ਕੁੱਝ ਦਾ ਮੇਰੇ ਨਾਲ, ਕੋਈ ਵਾਸਤਾ ਨਹੀਂ, " ਉਹ ਮੁੜ-ਮੁੜ ਆਪਣੇ ਆਪ ਨੂੰ ਆਖਦਾ, ਪਰ ਉਸ ਰਾਤ ਉਸ ਨੂੰ ਉੱਕਾ ਹੀ ਨੀਂਦ ਨਾ ਆਈ ।

ਅਗਲੀ ਸਵੇਰ, ਕੰਮ ਤੇ ਗਏ ਕੌਨਕੀਚੀ ਨੂੰ ਪਰਧਾਨ ਦੇ ਦਫ਼ਤਰ ਵਿੱਚ ਬੁਲਾਇਆ ਗਿਆ। ਪਰਧਾਨ ਨੇ ਇੱਕ ਮੁਸਕਾਨ ਨਾਲ, ਉਸਦਾ ਸੁਆਗਤ ਕੀਤਾ, ਪਰ ਉਸ ਨੇ ਗੰਭੀਰ ਆਵਾਜ਼ ਵਿੱਚ ਗੱਲ ਕੀਤੀ।

"ਹੋਮਹਿੱਲ, ਮੇਰੇ ਬੇਟੇ ! ਹਾਂ, ਹਾਂ, ਤੂੰ ਹਮੇਸ਼ਾ ਹੀ, ਮੇਰੇ ਲਈ ਚੰਗਾ ਕੰਮ ਕਰਦਾ ਰਿਹਾ ਏਂ। ਵਾਕਈ, ਤੂੰ ਮੇਰੀ ਕੰਪਨੀ ਦਾ ਆਦਰਸ਼ ਕਰਮਚਾਰੀ ਏਂ। ਮੈਂ ਖ਼ੁਸ਼ ਹਾਂ ਕਿ ਤੂੰ ਸਾਡੇ ਨਾਲ ਏਂ। ਪਰ, ਹੁਣ ਸਾਡੀ ਇੱਕ ਛੋਟੀ ਜਿਹੀ ਸਮੱਸਿਆ ਹੈ। ਤੈਨੂੰ ਪਤਾ ਹੈ, ਸਾਡੇ ਪਾਸ ਸਮੂਰਾਂ ਦੀ ਥੁੜ ਹੁੰਦੀ ਜਾ ਰਹੀ ਹੈ ਅਤੇ ਉੱਤੋਂ ਸਿਆਲ ਆ ਰਿਹਾ ਹੈ। ਹਾਂ, ਤੇ ਸਾਨੂੰ ਹੋਰ ਸਮੂਰ ਪ੍ਰਾਪਤ ਕਰਨ ਦੀ ਲੋੜ ਹੈ। ਹਾਂ, ਤੇ ਹੁਣ ਜਾਪਦਾ ਹੈ ਕਿ ਤੈਨੂੰ ਪਸ਼ੂਆਂ, ਜਾਨਵਾਰਾਂ ਬਾਰੇ ਬਹੁਤ ਜਾਣਕਾਰੀ ਹੈ। ਇਸ ਲਈ ਮੇਰਾ ਖ਼ਿਆਲ ਹੈ ਕਿ ਕੱਲ੍ਹ ਤੂੰ ਬਾਹਰ ਪਹਾੜੀਆਂ ਵਿੱਚ ਚਲਿਆ ਜਾਵੇਂਗਾ ਅਤੇ ਕੁੱਝ ਅਜਿਹੇ ਪਸ਼ੂਆਂ ਦਾ ਪਤਾ ਲਾਵੇਂਗਾ, ਜਿਹਨਾਂ ਤੋਂ ਸਾਨੂੰ ਵਧੇਰੇ ਸਮੂਰ ਮਿਲ ਸਕਣ। ਪੁੱਤਰਾ, ਜੇ ਤੂੰ ਇਹ ਕੰਮ ਚੰਗੀ ਤਰ੍ਹਾਂ ਕਰੇਂਗਾ, ਤਾਂ ਮੈਂ ਤੇਰੀ ਤਨਖ਼ਾਹ ਵਧਾ ਦਿਆਂਗਾ ਅਤੇ ਤੈਨੂੰ, ਆਪਣੇ ਸਾਮੱਗਰੀ-ਸਪਲਾਈ ਵਿਭਾਗ ਦਾ ਪ੍ਰਬੰਧਕ ਬਣਾ ਦਿਆਂਗਾ।

ਜਦੋਂ ਕੌਨਕੀਚੀ ਨੇ 'ਤਨਖ਼ਾਹ ਵਧਾ ਦਿਆਂਗਾ' ਅਤੇ 'ਪ੍ਰਬੰਧਕ .........' ਆਦਿ ਸ਼ਬਦ ਸੁਣੇ, ਤਾਂ ਉਹ ਹੋਰ ਸੱਭ-ਕੁੱਝ ਭੁੱਲ-ਭੁਲਾ ਗਿਆ ਅਤੇ ਉਤਸੁਕਤਾ ਨਾਲ ਕੰਬਣ ਲੱਗ ਪਿਆ। "ਓਹ ਸ੍ਰੀ ਮਾਨ ਪਰਧਾਨ ਜੀ, ਤੁਹਾਡਾ ਧੰਨਵਾਦ ! ਹਾਂ, ਹਾਂ, ਕੱਲ੍ਹ ਸਵੇਰੇ ਹੀ, ਮੈਂ ਹੋਰ ਸਮੂਰ ਲੈਣ ਲਈ, ਪਹਾੜੀ ਵਲ ਚਲਿਆ ਜਾਵਾਂਗਾ।" ਉਹਨੇ ਉੱਤਰ ਦਿੱਤਾ।

ਪਰਧਾਨ ਦੇ ਦਫ਼ਤਰ ਤੋਂ ਰਵਾਨਾ ਹੋਣ ਤੋਂ ਬਾਅਦ ਕੌਨਕੀਚੀ ਨੇ ਆਪਣੇ ਆਪ ਨੂੰ ਆਖਿਆ, "ਹਲਾ, ਤੂੰ ਇੱਕ ਮਨੁੱਖ ਏਂ। ਵੇਖੀਂ ਕਿਧਰੇ ਤੂੰ ਆਪਣੇ ਆਪ ਨੂੰ ਇੱਕ ਲੂੰਮੜ ਵਾਂਗ ਨਾ ਬਣਨ ਦੇਵੀਂ। ਤੂੰ ਇਸ ਕੰਪਨੀ ਵਿੱਚ ਕਾਰੋਬਾਰੀ ਆਦਮੀ ਏਂ, ਇਸ ਲਈ ਤੈਨੂੰ ਉਹ ਕੁੱਝ ਹੀ ਕਰਨਾ ਚਾਹੀਦੈ, ਜਿਸ ਨਾਲ ਤੇਰੀ ਕੰਪਨੀ ਨੂੰ ਬਹੁਤ ਸਾਰੇ ਸਮੂਰ- ਕੋਟ ਵੇਚਣ ਵਿੱਚ ਮਦਦ ਮਿਲੇ। ਜੋ ਕੁੱਝ ਤੂੰ ਕੱਲ੍ਹ ਵੇਖਿਐ, ਉਹ ਸੱਭ ਭੁੱਲ ਭੁਲਾ ਜਾ ।ਪਸ਼ੂਆਂ ਦਾ ਪਤਾ ਲਾਉਣ ਲਈ ਪਹਾੜੀਆਂ ਵਲ ਜਾਣ ਦਾ ਵਕਤ ਹੋ ਗਿਐ ਅਤੇ ਇਸ ਵਿੱਚ ਪਛਤਾਵਾ ਮਹਿਸੂਸ ਕਰਨ ਵਾਲੀ ਕੋਈ ਗੱਲ ਨਹੀਂ।"

ਅਗਲੀ ਸਵੇਰ ਸ਼ਿਕਾਰੀਆਂ ਦੀ ਇੱਕ ਵੱਡੀ ਸਾਰੀ ਟੋਲੀ, ਪਹਾੜੀਆਂ ਨੂੰ ਰਵਾਨਾ ਹੋ ਗਈ। ਕੌਨਕੀਚੀ ਉਹਨਾਂ

ਦੇ ਨਾਲ ਸੀ ਅਤੇ ਉਸ ਕੋਲ ਵੀ, ਇੱਕ ਬੰਦੂਕ ਸੀ। ਸ਼ਿਕਾਰੀਆਂ ਦੇ ਐਨ ਪਿੱਛੇ-ਪਿੱਛੇ, ਸ਼ਿਕਾਰੀ ਕੁੱਤਿਆਂ ਦੀ ਇੱਕ ਢਾਣੀ ਸੀ ਅਤੇ ਕਦੇ-ਕਦੇ ਕੁੱਝ ਕੁੱਤੇ ਕੌਨਕੀਚੀ ਨੂੰ ਸੁੰਘਦੇ, ਜਿਵੇਂ ਕਿ ਉਹਨਾਂ ਨੂੰ ਇਲਮ ਹੋਵੇ ਕਿ ਉਹ ਲੂੰਮੜ ਹੁੰਦਾ ਸੀ, ਅਤੇ ਘਬਰਾਹਟ ਵਿੱਚ, ਉਸ ਦੇ ਪਸੀਨੇ ਛੁੱਟਣ ਲੱਗ ਪੈਂਦੇ। ਕੌਨਕੀਚੀ ਟੌਲੀ ਦੇ ਅੱਗੇ-ਅੱਗੇ ਜਾਣ ਵਾਲੇ ਸ਼ਿਕਾਰੀਆਂ ਵਿਚ ਜਾ ਰਲਦਾ, ਜਿੱਥੇ ਕਿ ਉਹ ਤੰਗ ਕਰਨ ਵਾਲੇ ਕੁੱਤਿਆਂ ਤੋਂ, ਜਿਥੋਂ ਤੱਕ ਸੰਭਵ ਸੀ, ਦੂਰ ਹੋ ਸਕੇ।

ਗੋਲੀ ਦਾਗ਼ਣ ਦੇ ਸੰਕੇਤ ਨਾਲ, ਸ਼ਿਕਾਰ ਦਾ ਕੰਮ ਸ਼ੁਰੂ ਹੋਇਆ। ਕੁੱਤਿਆਂ ਦੀਆਂ ਲਾਲ-ਲਾਲ ਅੱਖਾਂ ਲਿਸ਼ਕ ਰਹੀਆਂ ਸਨ ਅਤੇ ਉਹ ਬੜੀ ਚਾਂਬੜ 'ਚ ਏਧਰ-ਓਧਰ ਪਹਾੜੀਆਂ ਵਿੱਚ, ਤੇਜ਼ੀ ਨਾਲ ਦੌੜ-ਭੱਜ ਰਹੇ ਸਨ। ਸ਼ਿਕਾਰੀਆਂ ਨੇ ਆਪਣੀਆਂ ਬੰਦੂਕਾਂ ਭਰ ਲਈਆਂ ਸਨ, ਅਤੇ ਉਹ ਝਾੜੀਆਂ ਵਿੱਚ ਲੁਕ ਗਏ ਸਨ। ਕੌਨਕੀਚੀ ਲੰਮਾ ਪਿਆ ਹੋਇਆ ਸੀ, ਉਸ ਦੀ ਉਂਗਲੀ ਬੰਦੂਕ ਦੇ ਘੋੜੇ 'ਤੇ ਸੀ ਅਤੇ ਕੁੱਝ-ਕੁੱਝ ਕੰਬ ਰਹੀ ਸੀ।

ਕੌਨਕੀਚੀ ਨੇ ਸੋਚਿਆ, "ਕਈ ਵਾਰ, ਮਾਂ ਨੇ ਮੈਨੂੰ ਸ਼ਿਕਾਰੀਆਂ ਤੋਂ ਬਚਣ ਲਈ ਸਾਵਧਾਨ ਰਹਿਣ ਬਾਰੇ ਖ਼ਬਰਦਾਰ ਕੀਤਾ ਸੀ ਪਰ ਇਸ ਵਾਰ, ਮੇਰੇ ਆਪਣੇ ਪਾਸ ਬੰਦੂਕ ਹੈ। ਅਚੇਤ ਹੀ, ਬਿਨਾ ਜਾਣੇ, ਉਹ ਇੱਕ ਤਲਖ਼ ਮੁਸਕਣੀ ਹੱਸਿਆ।

ਉਤਸੁਕਤਾ ਵਿੱਚ ਉੱਚੀ-ਉੱਚੀ ਭੌਂਕਦੇ ਕੁੱਤਿਆਂ ਦੀ ਆਵਾਜ਼, ਉਡੀਕ ਕਰ ਰਹੇ ਸ਼ਿਕਾਰੀਆਂ ਦੇ ਹੋਰ ਨੇੜੇ ਆ ਗਈ। "ਹੁਣ ਕਿਸੇ ਵੇਲੇ ਵੀ ....., " ਸ਼ਿਕਾਰੀਆਂ ਵਿਚੋਂ ਇੱਕ ਨੇ ਆਖਿਆ ਅਤੇ ਜਿਉਂ ਹੀ ਉਹਨੇ ਬੰਦੂਕ, ਆਪਣੇ ਮੋਢੇ 'ਤੇ ਰੱਖੀ, ਉਸ ਦੀ ਆਵਾਜ਼ ਬਹੁਤ ਤੇਜ਼-ਤੀਬਰ ਹੋ ਗਈ।

ਐਨ ਉਸੇ ਵੇਲੇ, ਇਉਂ ਹੋਇਆ ਕਿ ਕੌਨਕੀਚੀ ਨੇ, ਆਪਣੇ ਸਾਹਮਣੇ, ਦੂਰ-ਪਰੇ, ਉੱਚਾ ਲੰਮਾ 'ਪੰਪਾਈ' ਘਾਹ ਝੂਮਦਾ- ਲਹਿਰਦਾ ਤੱਕਿਆ। ਫਿਰ ਕੋਈ ਚੀਜ਼, ਤੇਜ਼ੀ ਨਾਲ ਬਾਹਰ ਨਿੱਕਲੀ ਅਤੇ ਦੌੜਦੀ ਹੋਈ ਉਹਦੇ ਵਲ ਆਈ। ਉਸ ਦੇ ਪਿੱਛੇ-ਪਿੱਛੇ ਇੱਕ ਵੱਡਾ ਸਾਰਾ ਸ਼ਿਕਾਰੀ ਕੁੱਤਾ ਸੀ, ਉਸ ਦੀਆਂ ਅੱਖਾਂ ਪਿੱਛਾ ਕਰਨ ਦੀ ਉਤਸੁਕਤਾ ਨਾਲ ਵਹਿਸ਼ਤ ਭਰੀਆਂ ਸਨ। ਆਪਣੀ ਜਾਨ ਦੇ ਬਚਾਅ ਲਈ ਦੌੜ ਰਿਹਾ ਜਾਨਵਰ, ਚਾਂਦੀ-ਵੰਨਾ ਲੂੰਮੜ ਸੀ, ਜਿਸ ਦੀ ਖੱਲ ਖ਼ੂਬਸੂਰਤ ਸਮੂਰ ਵਾਲੀ ਸੀ।

"ਵਾਹ ! ਉਹ ਉੱਚ ਕੋਟੀ ਦਾ ਸਮੂਰ ਬਹੁਤ ਕੀਮਤੀ ਹੈ। ਉਸ ਤੋਂ ਏਨਾ ਧੰਨ ਮਿਲੇਗਾ।" ਇਸ ਗੱਲ ਤੋਂ ਬੇਖ਼ਬਰ ਕਿ ਉਹ ਕੀ ਕਰ ਰਿਹਾ ਹੈ, ਕੌਨਕੀਚੀ ਨੇ ਆਪਣੀ ਬੰਦੂਕ ਉੱਪਰ ਚੁੱਕੀ ਅਤੇ ਘੋੜਾ ਦਬਾ ਦਿੱਤਾ।

ਠਾਹ !

ਚਾਂਦੀ-ਵੰਨਾ ਲੂੰਮੜ ਹਵਾ ਵਿੱਚ ਉੱਚਾ ਉੱਛਲਿਆ ਅਤੇ ਉਸ ਨੇ ਆਪਣੀਆਂ ਅਗਲੀਆਂ ਲੱਤਾਂ ਇੱਕ ਵਾਰ ਜੋੜ ਕੇ, 'ਕੌਨ' ! ਦੀ ਕੂਕ ਮੂੰਹੋਂ ਕੱਢੀ ਅਤੇ ਫਿਰ ਧਰਤੀ ਤੇ ਢੇਰੀ ਹੋ ਗਿਆ।

ਠਾਹ ! ਠਾਹ ! ਠਾਹ ! ਠਾਹ ! ਸਾਰੀ ਪਹਾੜੀ ਤੇ ਬੰਦੂਕਾਂ ਚੱਲਣ ਦੀ ਆਵਾਜ਼ ਗੂੰਜ ਉੱਠੀ, ਜਦੋਂ ਕਿ ਪਾਗਲਾਂ ਹਾਰ ਭੌਂਕਦੇ ਕੁੱਤੇ, ਜਾਨਵਾਰਾਂ-ਪਸ਼ੂਆਂ ਦਾ ਪਿੱਛਾ ਕਰਦੇ, ਉਹਨਾਂ ਨੂੰ ਘੇਰ-ਘਾਰ ਕੇ, ਪਹਾੜੀ ਦੇ ਹੇਠਾਂ, ਉਡੀਕ ਕਰਦੇ ਸ਼ਿਕਾਰੀਆਂ ਪਾਸ ਲੈ ਆਏ। ਅਤੇ ਫਿਰ ਅਚਾਨਕ ਹੀ, ਸੱਭ ਪੱਸੇ ਚੁੱਪ-ਚਾਂਅ ਪੱਸਰ ਗਈ।

ਕੌਨਕੀਚੀ ਹੌਲੀ-ਹੌਲੀ ਧਰਤੀ ਤੇ ਡਿੱਗੇ ਚਾਂਦੀ-ਵੰਨੇ ਲੂੰਮੜ ਪਾਸ ਪੁੱਜਾ ਅਤੇ ਉਸ ਵਲ ਨਾ ਵੇਖਣ ਦਾ ਜ਼ੋਰਦਾਰ ਯਤਨ ਕਰਦਿਆਂ ਉਹਨੇ, ਉਸ ਨੂੰ ਪੂਛ ਤੋਂ ਫੜ ਕੇ, ਉੱਪਰ ਚੁੱਕ ਲਿਆ ਅਤੇ ਉਸ ਥਾਂ ਤੇ ਲੈ ਗਿਆ, ਜਿੱਥੇ ਸ਼ਿਕਾਰੀ ਲੋਕ ਇੱਕ ਟੋਲੀ ਵਿੱਚ ਇੱਕਠੇ ਖੜੇ ਸਨ। ਕੁੱਝ ਇਸ ਤਰ੍ਹਾਂ ਦਾ ਅਨੁਭਵ ਕਰਦਿਆਂ, ਜਿਸ ਨੂੰ ਉਹ ਆਪ ਵੀ ਬਿਆਨ ਨਹੀਂ ਸੀ ਕਰ ਸਕਦਾ ; ਕੌਨਕੀਚੀ ਔਕੜ ਕੇ ਟੁਰਨ ਲੱਗਾ, ਉਸ ਦੀਆਂ ਲਹੂ-ਸਿੰਮਦੀਆਂ ਅੱਖਾਂ ਸਿੱਧਾ ਅੱਗੇ ਵਲ ਤੱਕ ਰਹੀਆਂ ਸਨ, ਅਤੇ ਹੁਣ ਉਸ ਦੇ ਪੀਲੇ-ਹਰੇ ਚਿਹਰੇ ਉਤੇ, ਇੱਕ ਅਦਭੁਤ-ਅਜੀਬ ਭਾਵ ਛਾਇਆ ਹੋਇਆ ਸੀ।

ਸ਼ਿਕਾਰੀਆਂ ਦੀ ਭੀੜ ਦੇ ਸਾਹਮਣੇ ਰੁਕਦਿਆਂ, ਉਹਨੇ ਲੂੰਮੜ ਨੂੰ, ਸਾਰਿਆਂ ਦੇ ਵੇਖਣ ਵਾਸਤੇ, ਉੱਪਰ ਚੁੱਕਿਆ। ਉਸ ਦੇ ਹੱਥ ਹਿੱਲ ਰਹੇ ਸਨ।

"ਊਹ ! ..... ਹਾਏ ! " ਅਨਗਿਣਤ ਹਉਕਿਆਂ-ਹਾਵਿਆਂ ਦੀਆਂ ਆਵਾਜ਼ਾਂ ਅਤੇ ਹੈਰਾਨ ਭੌਂਚੱਕੇ ਬੋਲਾਂ ਦੀਆਂ ਗੂੰਜਾਂ ਕੌਨਕੀਚੀ ਦੇ ਕੰਨਾਂ ਵਿਚ ਪਈਆਂ। ਫਿਰ, ਉਹਨੇ ਕੰਪਨੀ-ਪਰਧਾਨ ਨੂੰ, ਜੋ ਲੂੰਮੜ ਨੂੰ ਵੇਖਣ ਲਈ, ਉਥੇ ਆ ਪੁੱਜਾ ਸੀ, ਉਤਸੁਕਤਾ ਨਾਲ ਇਹ ਆਖਦਿਆਂ ਸੁਣਿਆ, "ਹੋਮਹਿੱਲ ਮੇਰੇ ਬੇਟੇ, ਤੂੰ ਇਹ ਫਿਰ ਕਰ ਵਿਖਾਇਆ ਹੈ। ਮੈਂ ਕਈ ਵਰ੍ਹਿਆਂ ਤੋਂ, ਇਸ ਧੰਦੇ ਵਿਚ ਹਾਂ, ਪਰ ਮੈਂ ਕਦੇ ਵੀ ਅਜਿਹਾ ਵਧੀਆ ਚਾਂਦੀ-ਵੰਨਾ ਲੂੰਮੜ ਨਹੀਂ ਵੇਖਿਆ। ਅਤੇ ਹੋਰ ਸਾਰੀਆਂ ਗੱਲਾਂ ਤੋਂ ਉੱਪਰ, ਤੂੰ ਬੰਦੂਕ ਚਲਾਉਣ ਵਿੱਚ ਵੀ, ਆਪਣੇ-ਆਪ ਨੂੰ, ਪਹਿਲੇ ਨੰਬਰ ਦਾ ਸਾਬਤ ਕਰ ਵਿਖਆਇਆ ਹੈ। ਹਾਂ, ਵਾਕਈ, ਮੈਂ ਤੇਰੇ ਬਾਰੇ ਸ਼ੁਰੂ ਤੋਂ ਹੀ ਸਹੀ ਸਾਂ .........

ਪਰਸੰਸਾ ਦੇ ਇਹ ਸ਼ਬਦ ਸੁਣ ਕੇ, ਕੌਨਕੀਚੀ ਅਖ਼ੀਰ ਮੁਸਕਰਾਉਣ ਦੇ ਯੋਗ ਹੋ ਸਕਿਆ। ਆਪਣੇ-ਆਪ 'ਤੇ ਬਹੁਤ ਮਾਣ ਮਹਿਸੂਸ ਕਰਦਿਆਂ, ਪਰਧਾਨ ਨੂੰ ਹੋਰ ਵਧੇਰੇ ਪ੍ਰਭਾਵਿਤ ਕਰਨ ਵਾਸਤੇ, ਕੌਨਕੀਚੀ ਨੇ, ਆਪਣੇ ਮਾਰੇ ਹੋਏ ਜਾਨਵਰ ਦਾ ਮੂੰਹ, ਉੱਪਰ ਵਲ ਕੀਤਾ। ਚਾਂਦੀ-ਵੰਨੇ ਲੂੰਮੜ ਦੇ ਚਿਹਰੇ ਵਲ ਤੱਕਦਿਆਂ, ਜਿਸ ਦੀਆਂ ਅੱਖਾਂ ਪੀੜ-ਭਰੀ ਮੌਤ ਦੇ ਭਾਵ-ਪ੍ਰਗਟਾਅ ਵਿੱਚ ਬੰਦ ਹੋ ਗਈਆਂ ਸਨ ; ਕੌਨਕੀਚੀ ਦੇ ਅੰਦਰ ਜਿਵੇਂ ਕੁੱਝ ਪਾਟ ਪਿਆ।

"ਆਹ ! " ਉਹਨੇ ਆਪਣੇ ਆਪ ਨੂੰ ਰੋਂਦਿਆਂ ਸੁਣਿਆ ਅਤੇ ਉਹਨੇ ਲੂੰਮੜ ਨੂੰ ਇੱਕਦਮ ਥੱਲੇ ਸੁੱਟ ਦਿੱਤਾ। ਅਤੇ ਫਿਰ ਕੰਪਨੀ-ਪਰਧਾਨ ਅਤੇ ਸਾਰੇ ਸ਼ਿਕਾਰੀਆਂ ਦੀਆਂ ਹੈਰਾਨ - ਭੌਂਚੱਕੀਆਂ ਤੱਕਣੀਆਂ ਵਲ ਉੱਕਾ ਹੀ ਕੋਈ ਧਿਆਨ ਨਾ ਦੇਂਦਿਆਂ ਕੌਨਕੀਚੀ ਨੇ ਆਪਣੇ ਦੂਸਰੇ ਹੱਥ 'ਚੋਂ ਬੰਦੂਕ ਹੇਠਾਂ ਵਗਾਹ ਮਾਰੀ ਅਤੇ ਉਹ ਮੁੜ ਕੇ ਪਹਾੜੀਆਂ ਵਲ ਦੌੜਨ ਲੱਗ ਪਿਆ, ਜਿੰਨੀ ਤੇਜ਼ੀ ਨਾਲ ਕਿ ਉਸ ਦੀਆਂ ਲੱਤਾਂ, ਉਸ ਨੂੰ ਲਿਜਾ ਸਕਦੀਆਂ ਸਨ। ਕਦੇ ਉਹ ਕਿਸੇ ਇੱਕ ਰੁੱਖ ਵਿੱਚ ਵੱਜਦਾ ਅਤੇ ਕਦੇ ਕਿਸੇ ਦੂਸਰੇ ਵਿੱਚ, ਅਤੇ ਵੇਲਾਂ-ਝਾੜੀਆਂ ਅਤੇ ਥੱਲੇ ਡਿੱਗੇ ਬਿਰਛਾਂ ਤੇ ਟੁੰਡਾਂ-ਡੁੰਡਾਂ ਨਾਲ ਠੇਡੇ ਠੋਕ੍ਰਰਾਂ ਖਾਂਦਾ, ਉਹ ਅੰਨ੍ਹੇ ਵਾਹ, ਔਖਾ-ਸੌਖਾ ਹੋ ਕੇ, ਪਹਾੜੀ ਉੱਪਰ ਚੜ੍ਹ ਗਿਆ। "ਉਫ਼ ! ਉਹਨੇ ਕੀ ਕਰ ਦਿੱਤਾ ਸੀ ।" ਉਹ ਸੁੰਦਰ ਚਾਂਦੀ-ਵੰਨਾ ਲੂੰਮੜ, ਜੋ ਕੌਨਕੀਚੀ ਨੇ ਨਿਸ਼ਾਨਾ ਬਣਾਇਆ ਅਤੇ ਮਾਰਿਆ ਸੀ, ਉਸ ਦੀ ਆਪਣੀ ਹੀ ਮਾਂ ਸੀ ।

ਏਨੀ ਤੇਜ਼ੀ ਨਾਲ ਦੌੜਨ ਤੋਂ ਪਿਛੋਂ, ਕੌਨਕੀਚੀ ਦੀਆਂ ਲੱਤਾਂ ਥੱਕ ਲੱਥੀਆਂ ਸਨ ਅਤੇ ਉਹ ਡਿੱਗੇ-ਕਿਰੇ ਪੱਤਿਆਂ ਦੇ ਇੱਕ ਢੇਰ ਵਿੱਚ ਢੇਰੀ ਹੋ ਗਿਆ ਅਤੇ ਪੀੜ ਨਾਲ ਕੁਰਲਾਉਣ-ਚਿੱਲਾਉਣ ਲੱਗ ਪਿਆ।

ਰਾਤ, ਘੋਰ ਕਾਲੀ ਰਾਤ, ਪਹਾੜੀਆਂ ਉੱਪਰ ਉੱਤਰ ਆਈ ਸੀ। ਉੱਪਰ ਆਕਾਸ਼ ਵਿੱਚ ਕੋਈ ਵੀ ਤਾਰਾ ਨਹੀਂ ਸੀ। ਉੱਤਰ ਵਲੋਂ ਆਉਣ ਵਾਲੀ ਤੇਜ਼-ਤਿੱਖੀ, ਤੂਫ਼ਾਨੀ ਹਵਾ ਵਿੱਚ, ਰੁੱਖ ਏਧਰ-ਓਧਰ ਝੋਲੇ-ਝੂਟੇ ਖਾ ਰਹੇ ਸਨ, ਚੀਂ-ਚੀਂ, ਚਿਰ-ਚਿਰ ਕਰ ਰਹੇ ਸਨ, ਮਾਨੋ, ਉਹ ਕੌਨਕੀਚੀ ਦੀਆਂ ਚੀਖ਼ਾਂ-ਚਾਂਗਰਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਵਿਚ ਹੋਣ।

"ਹੇ ਮਾਂ ! ਉਫ਼, ਮੈਂ ਇਹ ਕੀ ਕਰ ਬੈਠਾ ਹਾਂ ........"

"ਕਾਰੋਬਾਰੀ ਆਦਮੀ ਬਣਨਾ, ਮੇਰੇ ਵੱਸ ਦਾ ਰੋਗ ਨਹੀਂ । ਮੈਨੂੰ ਤਨਖ਼ਾਹ ਨਹੀਂ ਚਾਹੀਦੀ ।"

"ਮੈਨੂੰ, ਮੇਰੀ ਮਾਂ ਮੋੜ ਦਿਉ ! ਮੇਰੀ ਮਾਂ ਨੂੰ ਮੋੜ ਲਿਆਉ ।"

ਕੌਨਕੀਚੀ ਦੀ ਉਦਾਸ-ਉਪਰਾਮ ਆਵਾਜ਼, ਉਸ ਦੇ ਦਿਲ ਦੀਆਂ ਧੁਰ ਡੂੰਘਾਣਾਂ ਵਿੱਚੋਂ ਆ ਰਹੀ ਸੀ ਅਤੇ ਉਹ ਘੋਰ ਨਿਰਾਸ਼ਾ ਵਿਚ ਕੁਰਲਾ ਰਿਹਾ ਸੀ। ਹਵਾ ਤੇਜ਼, ਹੋਰ ਤੇਜ਼, ਹੋਰ-ਤੇਜ਼ ਹੁੰਦੀ ਜਾ ਰਹੀ ਸੀ। ਖੜ-ਖੜ ਕਰਦੇ ਪੱਤਿਆਂ ਅਤੇ ਸਿਸਕੀਆਂ ਭਰਦੇ ਰੁੱਖਾਂ ਦੀ ਅਨੋਖੀ ਅਜੀਬ ਆਵਾਜ਼, ਘੁੱਪ-ਘੋਰ ਹਨੇਰੀ ਰਾਤ ਵਿੱਚ, ਹੋਰ ਉੱਚੀ ਤੇ ਉਚੇਰੀ ਹੁੰਦੀ ਗਈ ਅਤੇ ਕਾਠੀਆਂ ਕਰੜਾਈਆਂ ਟਿੰਘਾਂ-ਟਿੰਘਰੀਆਂ ਅਤੇ ਬੀਅ, ਕੌਨਕੀਚੀ ਦੇ ਚੁਫ਼ਾਲ ਢੱਠੇ ਪਏ ਸਰੀਰ ਉੱਤੇ ਕਿਰਦੇ ਡਿੱਗਦੇ ਰਹੇ।

"ਚੀਖ਼ੋ ਅਤੇ ਚਿੱਲਾਉ, ਕੂਕੋ ਤੇ ਕੁਰਲਾਉ,
ਲੋਕੋ, ਬੰਦਿਉ; ਤੁਰ ਜਾਉ, ਘਰ ਨੂੰ ;
ਚੀਖ਼ੋ ਅਤੇ ਚਿੱਲਾਉ, ਰੋਵੋ ਤੇ ਕੁਰਲਾਉ ;
ਭੱਜ ਜਾਉ ਬੰਦਿਉ, ਤੁਰ ਜਾਉ ਲੋਕੋ;
ਕੂਕੋ ਤੇ ਕਰਲਾਉ, ਚੀਖ਼ੋ ਤੇ ਚਿੱਲਾਉ ;
ਲੋਕੋ, ਬੰਦਿਉ, ਤੁਰ ਜਾਉ, ਘਰ ਨੂੰ ।
ਚੀਖ਼ੋ ਤੇ ਚਿੱਲਾਉ, ਕੂਕੋ ਤੇ ਕੁਰਲਾਉ,
ਲੋਕੋ ............ ਬੰਦਿਉ ............
ਲੋਕੋ ......................................"



ਅਖ਼ੀਰ ਕੌਨਕੀਚੀ ਨੇ, ਆਪਣਾ ਸਿਰ ਉੱਪਰ ਚੁੱਕਿਆ ਅਤੇ ਆਪਣੇ ਆਲੇ-ਦੁਆਲੇ ਤੱਕਿਆ। ਹਨੇਰੇ ਵਿੱਚ, ਦਰਖ਼ਤਾਂ ਉੱਪਰਲੀ ਹਰ ਇੱਕ ਗੰਢ-ਗੱਠ ਅਤੇ ਘੁੰਢੀ ਲੂੰਮੜ ਦੇ ਮੁੱਖ ਵਾਂਗ ਲੱਗ ਰਹੀ ਸੀ ਅਤੇ ਉਹ ਸਾਰੇ ਹੀ ਪੀੜ-ਮਾਰੇ ਤੇ ਸੋਗਵਾਨ ਚਿਹਰੇ, ਸਿੱਧੇ ਉਸ ਵਲ ਵੇਖਦੇ ਜਾਪ ਰਹੇ ਸਨ।

ਕੌਨਕੀਚੀ ਨੇ ਇੱਕ ਲੰਮਾ ਸਾਹ ਲਿਆ ਅਤੇ ਹਉਕਾ ਭਰਿਆ ।"ਮੈਂ ਹੁਣ ਮੁੜ ਕਦੇ ਵੀ ਲੂੰਮੜ ਨਹੀਂ ਬਣ ਸਕਾਂਗਾ। ਪਰ ਜੇ ਇਹ ਸੰਭਵ ਵੀ ਹੋਵੇ, ਤਾਂ ਇਹ ਪਹਾੜੀਆਂ ਮੈਨੂੰ ਏਥੇ ਹੋਰ ਨਹੀਂ ਰਹਿਣ ਦੇਣਗੀਆਂ। ਇੰਝ ਜਾਪਦਾ ਹੈ, ਜਿਵੇਂ ਆਖ਼ਿਰ ਮੈਂ, ਸੱਚ-ਮੁੱਚ ਹੀ ਇੱਕ ਮਨੁੱਖ ਬਣ ਗਿਆ ਹਾਂ। ਹੁਣ ਤੋਂ ਬਾਅਦ, ਮੈਨੂੰ ਆਪਣਾ ਜੀਵਨ, ਇੱਕ ਮਨੁੱਖ ਵਜੋਂ ਹੀ ਬਤੀਤ ਕਰਨਾ ਹੋਵੇਗਾ।"

ਮੁੜ, ਆਪਣੇ ਪੈਰਾਂ ਤੇ ਖਲੋ, ਕੌਨਕੀਚੀ, ਪਹਾੜੀ ਦੇ ਪਾਸੇ ਤੋਂ, ਹੇਠਾਂ ਨੂੰ, ਸ਼ਹਿਰ ਦੀਆਂ ਰੌਸ਼ਨੀਆਂ ਵਲ, ਜੋ ਥੱਲੇ ਵਾਦੀ ਵਿੱਚ ਝਿਲਮਿਲਾ ਰਹੀਆਂ ਸਨ, ਡਿੱਗਦਾ-ਢਹਿੰਦਾ, ਡਿੱਕੋ-ਡੋਲੇ ਖਾਂਦਾ, ਵਧਣ ਲੱਗਾ।

ਸਰਘੀ ਦੀ ਪਹਿਲੀ ਧੁੰਦਲੀ ਜਿਹੀ ਲੋਅ ਲੱਗਣ ਹੀ ਵਾਲੀ ਸੀ, ਜਦੋਂ ਕੌਨਕੀਚੀ ਆਪਣੇ ਕਮਰੇ ਵਿੱਚ ਅੱਪੜਿਆ। ਜਿਉਂ ਹੀ ਉਹ ਕਮਰੇ ਵਿੱਚ ਦਾਖ਼ਲ ਹੋਇਆ, ਉਹਨੇ ਉਹ ਬਾਰੀ ਖੋਲ੍ਹ ਦਿੱਤੀ, ਜਿਸ ਦਾ ਮੂੰਹ ਪਹਾੜੀਆਂ ਵਲ ਨੂੰ ਸੀ। ਫਿਰ ਇਸ ਗੱਲ ਤੋਂ ਅਚੇਤ, ਕਿ ਉਹ ਕੀ ਕਰ ਰਿਹਾ ਹੈ, ਉਹਨੇ ਆਪਣਾ ਮੂੰਹ ਉਹਨਾਂ ਪਹਾੜੀਆਂ ਵਲ ਕੀਤਾ ਅਤੇ ਉੱਚੀ-ਉੱਚੀ ਕੂਕਿਆ :-

"ਕੌਨ, ਕੌ-ਨ ! ਕੌਨ, ਕੌ-ਨ ! ਕੌਨ, ਕੌ-ਨ ! " ਇੱਕ ਅਜਿਹੀ ਆਵਾਜ਼ ਵਿੱਚ, ਜੋ ਵਾਦੀ ਤੋਂ ਪਾਰ ਅਤੇ ਪਹਾੜੀਆਂ ਦੇ ਉੱਪਰ , ਹਰੇਕ ਵੱਾਦੀ ਤੱਕ ਅਤੇ ਪਾਰਲੀ ਪਹਾੜੀ ਤੱਕ ਪੱਸਰ ਗਈ। ਅਤੇ ਫਿਰ, ਉਸਨੇ ਕੀ ਸੁਣਿਆ, ਬੱਸ ਬਹੁਤ ਸਾਰੀਆਂ ਉਦਾਸ-ਉਪਰਾਮ ਆਵਾਜ਼ਾਂ ਦੀ ਧੁਨੀ, ਆਵਾਜ਼ਾਂ ਜੋ ਆਖ ਰਹੀਆਂ ਸਨ, "ਕੌਨ, ਕੌ-ਨ ! ਕੌਨ, ਕੌ-ਨ ! ਕੌਨ, ਕੌਨ, ਕੌ-ਨ ! "

ਅਤੇ ਜੋ ਸ਼ਹਿਰ ਦੇ ਉੱਪਰ, ਏਧਰੋਂ-ਓਧਰੋਂ, ਆਕਾਸ਼ ਵਿੱਚ ਗੂੰਜ ਰਹੀਆਂ ਸਨ। ਡੂੰਘੀਆਂ ਲੰਮੀਆਂ ਆਹਾਂ ਭਰਦਾ ਕੌਨਕੀਚੀ, ਸੰਸਾਰ ਸਾਹਮਣੇ ਫੁਸ-ਫਸਾ ਰਿਹਾ ਸੀ, "ਉਫ਼, ਹਰ ਕੋਈ, ਤੁਸੀਂ ਸਾਰੇ ਹੀ ......... " ਅਤੇ ਫਿਰ ਉਹਨੇ ਹੌਲੀ-ਹੌਲੀ, ਚੁੱਪ-ਚਾਪ, ਆਪਣੀ ਬਾਰੀ, ਪਹਾੜੀਆਂ ਲਈ ਅਤੇ ਉਹਨਾਂ ਤੋਂ ਪਰੇ-ਪਰੇਡੇ ਸਾਰੀ ਦੁਨੀਆ ਲਈ, ਬੰਦ ਕਰ ਦਿੱਤੀ।

ਉਸ ਸਮੇਂ ਤੋਂ ਹੀ ਕਿਸੇ ਨੇ ਵੀ ਕੌਨਕੀਚੀ ਨੂੰ ਨਹੀਂ ਤੱਕਿਆ ਅਤੇ ਨਾ ਹੀ ਉਸ ਦੀ ਕੋਈ ਉੱਘ-ਸੁੱਘ ਹੀ ਮਿਲੀ ਹੈ। ਪਰ ਤੁਹਾਡੇ ਵਿਚੋਂ ਹਰ ਕੋਈ, ਜੋ ਸੁਬ੍ਹਾ ਸਵੇਰੇ, ਸੂਰਜ ਚੜ੍ਹਨ ਤੋਂ ਝੱਟ-ਪੱਟ ਪਹਿਲਾਂ, ਆਪਣੀ ਖਿੜਕੀ ਖੋਲ੍ਹੇ ਅਤੇ ਧਿਆਨ ਨਾਲ ਸੁਣੇ, ਤਾਂ ਤੁਹਾਨੂੰ ਦੂਰ-ਪਰ੍ਹੇ, ਇੱਕ ਕੂਕਦੇ—ਕੁਰਲਾਉਂਦੇ ਹੋਏ ਲੂੰਮੜ ਦੀ ਆਵਾਜ਼ ਸੁਣਾਈ ਦੇਵੇਗੀ, "ਕੌਨ, ਕੌ-ਨ ! ਕੌ ......ਨ ! ਕੌ.........ਨ !! "

ਇਹ ਤੁਹਾਡੇ ਸ਼ਹਿਰ ਦਾ 'ਕੌਨਕੀਚੀ' ਹੋ ਸਕਦਾ ਹੈ ........... .

---

116220

# ਅਚਰਜ ਗ੍ਰਹਿ ਦੀ ਗਾਥਾ

ਪ੍ਰਿਥਵੀ, ਜਿੱਥੇ ਅਸੀਂ ਰਹਿੰਦੇ ਹਾਂ, ਤੋਂ ਬਹੁਤ ਦੂਰ, ਆਕਾਸ਼-ਗੰਗਾ ਦੇ ਇੱਕ ਦੁਰੇਡੇ ਖੂੰਜੇ, ਅਚਰਜ ਨਾਂ ਦਾ ਇੱਕ ਛੋਟਾ-ਜਿਹਾ ਗ੍ਰਹਿ ਸੀ। ਅਚਰਜ ਗ੍ਰਹਿ, ਪੁਲਾੜ ਦੇ ਹਨੇਰੇ ਵਿਚ, ਅਸੰਖਾਂ ਤਾਰਿਆਂ ਦੇ ਸਾਥ 'ਚ, ਹੌਲੀ-ਹੌਲੀ ਸਹਿਜੇ-ਸਹਿਜੇ ਘੁੰਮਦਾ ਫਿਰਦਾ ਸੀ। ਕੋਈ ਜਣਾ ਵੀ, ਇਸ ਗ੍ਰਹਿ ਨੂੰ ਸਿਰਫ਼ ਸਾਧਾਰਨ ਦੂਰਬੀਨ ਨਾਲ ਨਹੀਂ ਸੀ ਵੇਖ ਸਕਦਾ। ਹਾਂ, ਦੂਰਬੀਨ ਦੀ ਵਰਤੋਂ ਤਾਂ ਕਰਨੀ ਹੀ ਪੈਂਦੀ ਸੀ, ਪਰ ਅਚਰਜ ਗ੍ਰਹਿ ਨੂੰ ਵੇਖਣ ਵਾਸਤੇ ਵਧੇਰੇ ਅਹਿਮ ਗੱਲ ਇਹ ਸੀ ਕਿ ਬੰਦੇ ਨੂੰ ਦੂਰਬੀਨ ਵਿੱਚੋਂ ਦੀ, ਸ਼ਾਂਤ ਤੇ ਸਾਫ਼ ਮਨ ਨਾਲ ਵੇਖਣ ਦੀ ਲੋੜ ਪੈਂਦੀ ਸੀ। ਹੁਣ ਜ਼ਰਾ, ਅਚਰਜ ਗ੍ਰਹਿ ਨੂੰ, ਆਪਣੇ ਮਨ ਦੇ ਸਾਫ਼ ਸ਼ੀਸ਼ੇ ਨਾਲ ਤੱਕਣ ਦੀ ਕੋਸ਼ਿਸ਼ ਕਰੋ .........

ਸੱਭ ਤੋਂ ਪਹਿਲਾਂ, ਆਉ, ਇਹ ਪਤਾ ਲਾਈਏ ਕਿ ਇਸ ਗ੍ਰਹਿ ਦਾ ਇਹ ਨਾਂ ਕਿਵੇਂ ਪਿਆ। ਇਸ ਗ੍ਰਹਿ ਤੇ ਰਹਿਣ ਵਾਲੇ ਲੋਕ ਹਮੇਸ਼ਾ, ਕੋਈ ਅਚਰਜ-ਅਜੀਬ ਗੱਲ ਕਰਦੇ ਰਹਿੰਦੇ ਸਨ ਅਤੇ "ਅਚਰਜ" ! ਦੀਆਂ ਉੱਚੀਆਂ-ਉੱਚੀਆਂ ਆਨੰਦਮਈ ਆਵਾਜ਼ਾਂ, ਸਾਰਾ ਸਾਲ ਹੀ ਸੁਣੀਆਂ ਜਾ ਸਕਦੀਆਂ ਸਨ। ਪਰ ਉਫ਼, ਸਾਰੇ ਗ੍ਰਹਿ ਤੇ ਸੱਭ ਤੋਂ ਅਚਰਜ ਚੀਜ਼ਾਂ ਸਨ, ਉਥੋਂ ਦੇ ਲੋਕਾਂ ਦੇ ਹੱਥ। ਉਹ ਕਿੰਨੀ ਅਲੋਕਾਰ ਚੀਜ਼ ਸਨ ! ਕੋਈ ਬੰਦਾ, ਜੋ ਕੁੱਝ ਵੀ ਬਣਾਉਣ ਦੀ ਸੋਚਦਾ, ਉਹ ਚੀਜ਼, ਉਹਨਾਂ ਹੱਥਾਂ ਦੁਆਰਾ ਛੇਤੀ ਹੀ ਬਣਾ ਲਈ ਜਾਂਦੀ। ਦੂਰਬੀਨਾਂ, ਧੰਨ-ਦੌਲਤ, ਡਾਕ-ਟਿਕਟਾਂ, ਬਾਈਸਾਈਕਲ, ਬਿਸਕੁੱਟ, ਘੜੀਆਂ, ਮੋਚਨੇ, ਅਤੇ —ਹੋਰ ਬਹੁਤ ਸਾਰੀਆਂ ਚੀਜ਼ਾਂ।

ਉਹਨਾਂ ਨੂੰ ਸ਼ਬਦਾਂ ਤੋਂ ਵੀ ਬਹੁਤ ਅਚਰਜ ਹੁੰਦਾ ਸੀ।

"ਸ਼ਬਦ ਏਨੀ ਲਾਭਦਾਇਕ ਚੀਜ਼ ਹਨ।"

"ਸ਼ਬਦ ਅਜਿਹੀਆਂ ਚੀਜ਼ਾਂ ਸਿਰਜ ਸਕਦੇ ਹਨ, ਜੋ ਅਸੀਂ ਵੇਖ ਨਹੀਂ ਸਕਦੇ ਅਤੇ ਹੱਥ ਸ਼ਬਦਾਂ ਤੋਂ ਦ੍ਰਿਸ਼ਟਮਾਨ ਵਸਤਾਂ ਬਣਾ ਸਕਦੇ ਹਨ।"

ਲੋਕਾਂ ਦੇ, ਸਾਲ-ਬ-ਸਾਲ, ਅਜਿਹੀਆਂ ਅਜੀਬ ਤੇ ਅਚਰਜਤਾਜਨਕ ਗੱਲਾਂ ਆਖਣ ਅਤੇ ਕਰਨ ਸਦਕਾ, ਇਸ ਗ੍ਰਹਿ ਨੂੰ ਛੇਤੀ ਹੀ "ਅਚਰਜ" ਆਖਿਆ ਜਾਣ ਲੱਗ ਪਿਆ। ਅਸੀਂ, ਜੋ ਪ੍ਰਿਥਵੀ ਤੇ, ਧਰਤੀ ਤੇ ਵੱਸਦੇ ਹਾਂ, ਉਹਨਾਂ ਨੂੰ ਇਹ ਸੱਭ ਵਿਅਰਥ-ਬੇਹੂਦਾ ਜਾਪੇਗਾ, ਪਰ ਅਚਰਜ-ਗ੍ਰਹਿ 'ਤੇ ਸਾਰਾ ਗ੍ਰਹਿ ਹੀ, ਸਾਰਾ-ਸਾਰਾ ਦਿਨ "ਅਚਰਜ ਅਚਰਜ ! " ਦੀਆਂ ਉੱਚੀਆਂ-ਉੱਚੀਆਂ ਆਵਾਜ਼ਾਂ ਨਾਲ ਗੂੰਜਦਾ ਰਹਿੰਦਾ।

'ਅਚਰਜ' ਦੇ ਲੋਕ, ਬਹੁਤ ਪੁਰਾਣੇ ਸਮੇਂ ਤੋਂ ਹੀ, ਸਾਡੇ ਲਿਸ਼-ਲਿਸ਼ ਕਰਦੇ, ਹਰੇ-ਭਰੇ ਗ੍ਰਹਿ, ਪ੍ਰਿਥਵੀ ਦੀ ਪਰਸੰਸ ਕਰਦੇ ਸਨ। ਕੋਈ ਵੀ ਇਹ ਜਾਣਦਾ ਨਹੀਂ ਸੀ ਜਾਪਦਾ ਕਿ ਉਹਨਾਂ ਨੂੰ ਪ੍ਰਿਥਵੀ ਬਾਰੇ, ਕਿਸ ਨੇ ਦੱਸਿਆ ਸੀ, ਪਰ ਕਿਵੇਂ-ਨਾ-ਕਿਵੇਂ ਪ੍ਰਿਥਵੀ ਇੱਕ ਉਹ ਚੀਜ਼ ਸੀ, ਜਿਸ ਬਾਰੇ, ਉਹ ਕਿਸੇ ਵੀ ਹੋਰ ਚੀਜ਼ ਤੋਂ ਵਧੇਰੇ ਗੱਲਾਂ ਕਰਦੇ ਸਨ। ਆਖ਼ਿਰ ਪ੍ਰਿਥਵੀ ਅਚਰਜ-ਗ੍ਰਹਿ ਨਾਲੋਂ, ਅਚਰਜ ਰੂਪ 'ਚ ਕਿੰਨੀ ਵੱਖਰੀ ਸੀ, ਅਚਰਜ, ਜਿੱਥੇ ਕਿ ਖ਼ੁਸ਼ਕ ਰੇਗਿਸਤਾਨ ਨੇ, ਗ੍ਰਹਿ ਨੂੰ ਢੱਕਿਆ ਹੋਇਆ ਸੀ। ਪੁਲਾੜ ਦੇ ਵਿਸ਼ਾਲ ਪਸਾਰਾਂ ਵਿੱਚ, ਸਾਰੇ ਹੀ ਗ੍ਰਹਿਆਂ ਵਿਚੋਂ, ਸਿਰਫ਼ ਪ੍ਰਿਥਵੀ ਹੀ ਅਜਿਹ ਲਿਸ਼-ਲਿਸ਼ ਕਰਦੇ ਨੀਲੇ ਸਾਗਰਾਂ ਅਤੇ ਹਰੇ-ਭਰੇ ਜੰਗਲਾਂ ਅਤੇ ਤਰੋ-ਤਾਜ਼ਾ ਹਵਾ ਨਾਲ ਵਰੋਸਾਈ ਹੋਈ ਸੀ।

ਆਖਿਆ ਜਾਂਦਾ ਸੀ ਕਿ ਪ੍ਰਿਥਵੀ ਗ੍ਰਹਿ ਤੇ ਬ੍ਰਹਿਮੰਡ ਦੇ ਸੱਭ ਤੋਂ ਹੈਰਾਨੀ-ਜਨਕ ਜੀਵ — ਮਨੁੱਖ, ਧਰਤ ਵਾਸੀ ਰਹਿੰਦੇ ਸਨ। ਖ਼ਾਸ ਤੌਰ ਤੇ ਅਸਚਰਜਤਾ-ਜਨਕ ਸਨ, ਉਹ ਵੱਡੇ-ਵੱਡੇ ਸ਼ਬਦ, ਜੋ ਧਰਤ-ਵਾਸੀ ਬਣਾ ਸਕਦੇ ਸਨ ਅਤੇ ਕਿਵੇਂ ਉਹ ਆਪਣੇ ਹੱਥਾਂ ਨਾਲ, ਆਪਣੀ ਜੀਵਿਕਾ ਕਮਾਉਂਦੇ-ਬਣਾਉਂਦੇ ਸਨ। ਇਹ ਏਨਾ ਅਜੀਬ ਅਸਚਰਜਤਾ ਜਨਕ ਸੀ ਕਿ ਬ੍ਰਹਿਮੰਡ ਵਿੱਚ ਕਿਸੇ ਨੂੰ ਵੀ, ਪ੍ਰਾਣ-ਹੀਣ ਬਣਾਉਣ ਲਈ, ਇਹ ਸੱਚ-ਮੁੱਚ ਹੀ ਕਾਫ਼ੀ ਸੀ।



ਅਚਰਜ-ਗ੍ਰਹਿ ਤੇ ਲੋਕ ਸੁਖੀ ਜੀਵਨ ਗੁਜ਼ਾਰ ਰਹੇ ਸਨ, ਕਿਸੇ ਵੀ ਤਰ੍ਹਾਂ ਦੀਆਂ ਚਿੰਤਾਵਾਂ ਤੋਂ ਮੁਕਤ, ਅਤੇ ਬੁੱਢੇ ਹੋਏ ਬਿਨਾਂ, ਲੰਮੀ ਉਮਰ ਭੋਗਦੇ। ਫਿਰ ਵੀ ਇੱਕ ਚੀਜ਼ ਅਜਿਹੀ ਸੀ, ਜਿਸ ਦੀ ਕਿ ਉਹ ਕਿਸੇ ਵੀ ਹੋਰ ਚੀਜ਼ ਨਾਲੋਂ, ਵਧੇਰੇ ਇੱਛਾ ਕਰਦੇ ਸਨ—— ਪ੍ਰਿਥਵੀ ਦੇ ਲੋਕਾਂ ਨੂੰ ਮਿਲ ਸਕਣਾ।

ਬਦ ਕਿਸਮਤੀ ਨੂੰ , ਇਹੀ ਇੱਕ ਵੱਡੀ ਇੱਛਾ, ਜੋ ਉਹਨਾਂ ਸਾਰਿਆਂ ਦੀ ਸਾਂਝੀ ਸੀ, ਸਹਿਜੇ ਕੀਤੇ ਸੱਚ ਹੋਣ ਵਾਲੀ ਨਹੀਂ ਸੀ । ਸੱਭ ਤੋਂ ਵੱਡੀ ਸਮੱਸਿਆ ਇਹ ਸੀ ਕਿ ਉਹਨਾਂ ਪਾਸ ਉਹਨਾਂ ਨੂੰ ਪੁਲਾੜ ਦੇ ਲੱਖਾਂ-ਕਰੋੜਾਂ ਪ੍ਰਕਾਸ਼-ਵਰ੍ਹਿਆਂ ਦੀ ਵਿੱਥ ਤੋਂ ਪਾਰ ਲਿਜਾਣ ਵਾਸਤੇ ਕੋਈ ਚੀਜ਼ ਨਹੀਂ ਸੀ। ਇਸ ਲਈ 'ਅਚਰਜ' ਉੱਪਰਲਾ ਹਰ ਕੋਈ —ਬਾਦਸ਼ਾਹ, ਲੋਕ, ਕੁੱਤੇ, ਬਿੱਲੀਆਂ, ਹੋਰ ਤਾਂ ਹੋਰ ਤਿਲਚੱਟੇ ਵੀ — ਉਸ ਦਿਨ ਦੀ ਉਤਾਵਲਤਾ ਨਾਲ, ਉਡੀਕ ਕਰ ਰਿਹਾ ਸੀ, ਜਦੋਂ ਕਿ ਉਹਨਾਂ ਨੂੰ ਪ੍ਰਿਥਵੀ ਦੀ ਕੋਈ ਖ਼ਬਰ-ਸਾਰ ਮਿਲੇਗੀ।

ਸਾਡੀ ਧਰਤੀ ਦੇ ਕੈਲੰਡਰ ਅਨੁਸਾਰ ਸੰਨ 1999 ਦੇ ਸਤੰਬਰ ਦਾ ਉੱਨੀਵਾਂ ਦਿਨ ਸੀ। 'ਅਚਰਜ-ਗ੍ਰਹਿ' ਉੱਪਰ ਆਕਾਸ਼ ਸਾਫ਼ ਤੇ ਚਮਕਦਾਰ ਸੀ, ਬੱਸ ਦੂਰ ਉੱਪਰ, ਹਸਬ-ਮਾਮੂਲ, ਕੁੱਝ ਸਫ਼ੇਦ ਬੱਦਲ ਤਰ ਰਹੇ ਸਨ।

ਅਚਨਚੇਤ, ਪੂਰਬੀ ਆਕਾਸ਼ 'ਚ ਬਹੁਤ ਉੱਪਰੋਂ ਅਤੇ ਹੈਰਾਨੀ-ਜਨਕ ਰਫ਼ਤਾਰ 'ਤੇ ਉੱਡਦਾ ਹੋਇਆ, ਇੱਕ ਚਮਕਦਾਰ ਚਾਂਦੀ-ਰੰਗਾ ਰਾਕਿਟ ਆਇਆ। ਇਸ ਅਦਭੁਤ-ਅਜੀਬ ਚੀਜ਼ ਨੂੰ ਸੱਭ ਤੋਂ ਪਹਿਲਾਂ ਤੱਕਣ ਵਾਲਾ ਬੰਦਾ ਸੀ — ਨੀਝ-ਸ਼ਾਲਾ ਵਿਚ ਡਾਕਟਰ ਈਲੈਂਸ।

"ਉਫ਼ ....... ਫ਼ ....... ! ਅਚਰਜ ! " ਉਹ ਕੂਕਿਆ ਅਤੇ ਛੇਤੀ ਹੀ ਆਪਣਾ ਟੈਲੀਫ਼ੋਨ ਚੁੱਕਣ ਲਈ, ਅੱਗੇ ਵਧਿਆ ਅਤੇ ਉਤਸੁਕਤਾ 'ਚ, ਉਹਨੇ ਸੂਚਨਾ-ਮੰਤਰੀ ਨਾਲ ਗੱਲ ਕੀਤੀ।

"ਡਾਕਟਰ ਈਲੈਂਸ, ਇਹ ਹੈ ਕੀ ? ਬੋਲੋ ਨਾ — ਕੁੱਝ ਹੋਰ ਵਿਸਥਾਰ —— ਜੋ ਕੁੱਝ ਤੁਸੀਂ ਆਖ ਰਹੇ ਹੋ, ਮੈਨੂੰ ਉਸ ਦੀ ਸਮਝ ਨਹੀਂ ਆ ਰਹੀ, ਜ਼ਰਾ ਆਪਣੀ ਆਵਾਜ਼ ਨੂੰ ਕਾਬੂ 'ਚ ਰੱਖੋ। ਜਿੰਨਾ ਵੱਡਾ ਅਚਰਜ, ਉਨੀ ਹੀ ਵਧੇਰੇ ਸਾਵਧਾਨੀ ਨਾਲ ਤੁਹਾਨੂੰ ਬੋਲਣਾ ਚਾਹੀਦੈ, " ਸੂਚਨਾ-ਮੰਤਰੀ ਨੇ ਆਖਿਆ।

"ਹਾਂ, ਹਾਂ ਉਹ ਚਮਕਦੀ ਚਾਂਦੀ-ਰੰਗੀ ਚੀਜ਼ ..... ਮੇਰਾ ਮਤਲਬ ਹੈ, ਉਹ ਚੀਜ਼, ਚਮਕਦੀ ਹੋਈ, " ਡਾਕਟਰ ਈਲੈਂਸ ਨੇ ਥਥਿਆ-ਥਥਿਆ ਕੇ ਆਖਿਆ ਅਤੇ ਨਾਲ ਹੀ, ਆਪਣੇ ਮੱਥੇ ਤੋਂ ਮੁੜ੍ਹਕਾ ਪੂੰਝਿਆ। ਉਸ ਦੀ ਰਫ਼ਤਾਰ,ਅਤੇਜਿਸ ਦਿਸ਼ਾ ਤੋਂ ਉਹ ਰੌਕਿਟ-ਵਰਗੀ ਚੀਜ਼ ਆਈ ਹੈ, ਉਸ ਨੂੰ ਵਿਚਾਰਦਿਆਂ ਤਾਂ, ਉਹ ਪ੍ਰਿਥਵੀ-ਗ੍ਰਹਿ ਤੋਂ ਆਈ ਇੱਕ ਸੌਗ਼ਾਤ ਹੈ। ਹਾਂ, ਜਨਾਬ ਮੰਤਰੀ-ਸਾਹਿਬ, ਜਾਪਦਾ ਹੈ ਕਿ ਪੁਰਾਣੀ ਪੁਰਾਣਿਕ ਕਥਾ ਵਿਚਲਾ ਬਚਨ ਹੁਣ ਸੱਚਾ ਹੋ ਰਿਹਾ ਹੈ।"

"ਹੱਛਾ, ਤੇ ਉਸ ਉਡਦੀ ਹੋਈ ਚੀਜ਼ ਦੀ ਮੌਜੂਦਾ ਸਥਿਤੀ ਕੀ ਹੈ ? ਮੈਨੂੰ ਦੱਸੋ ਨਾ, ਕਿ ਅਸੀਂ ਅਸਮਾਨ ਵਿੱਚ, ਏਨੀ ਤੇਜ਼ੀ ਨਾਲ ਤੁਰਦੀ ਹੋਈ ਉਸ ਚੀਜ਼ ਨੂੰ ਕਿਵੇਂ ਫੜ ਸਕਦੇ ਹਾਂ ?"

"ਸ਼੍ਰੀਮਾਨ ਮੰਤਰੀ ਸਾਹਿਬ, ਇਹ ਸਾਡੀ ਖ਼ੁਸ਼ਕਿਸਮਤੀ ਹੈ ਕਿ ਉਹ ਚੀਜ਼ 'ਅਚਰਜ' ਦੇ ਆਲੇ-ਦੁਆਲੇ ਦੇ ਇੱਕ ਗ੍ਰਹਿ-ਪੱਥ ਵਿੱਚ ਦਾਖ਼ਲ ਹੋ ਗਈ ਹੈ।"

ਸੂਚਨਾ-ਮੰਤਰੀ ਏਨਾ ਉਤਸੁਕ ਸੀ ਕਿ ਉਹਨੇ ਟੈਲੀਫ਼ੋਨ ਸੁੱਟ ਦਿੱਤਾ ਅਤੇ ਵੱਡੇ ਸਾਰੇ ਮਹਿਲ ਦੇ ਅੰਦਰ, ਇੱਕ ਜੰਗਲੀ ਲੰਗੂਰ ਵਾਂਗ ਚੀਕਾਂ-ਚਾਂਗਰਾਂ ਮਾਰਦਾ, ਗੇੜੇ ਦੇਣ ਲੱਗਾ, ਦੌੜਨ ਲੱਗਾ ਅਤੇ ਫਿਰ ਲਾਲ ਸੁਰਖ਼ ਮੂੰਹ ਲੈ ਕੇ, ਵਾਹੋ-ਦਾਹੀ ਦੌੜਦਾ ਹੋਇਆ ਬਾਦਸ਼ਾਹ ਕੋਲ ਗਿਆ। ਜਿਉਂ ਹੀ ਉਹਨੇ ਉਤਸੁਕਤਾ ਨਾਲ ਬਾਦਸ਼ਾਹ ਨੂੰ, ਇਹ ਖ਼ਬਰ ਦਿੱਤੀ, ਉਸ ਦੇ ਦਰਬਾਰ ਵਿੱਚ ਹਾਜ਼ਿਰ ਕਈ ਸਾਰੇ ਸੇਵਕਾਂ ਉੱਤੇ ਇਸ ਅਤਿਅੰਤ ਹੈਰਾਨੀ-ਜਨਕ 'ਅਚਰਜ' ਦਾ ਏਨਾ ਜ਼ਿਆਦਾ ਅਸਰ ਹੋਇਆ ਕਿ ਉਹ ਲੋਟ-ਪੋਟ ਹੋ ਕੇ ਡਿੱਗ ਪਏ ਅਤੇ ਲਾਲ ਰੰਗ ਦੇ ਮੋਟੇ ਗੱਦੇਦਾਰ ਸ਼ਾਹੀ ਕਾਲੀਨ ਉਤੇ ਪਏ, ਖ਼ੁਸ਼ੀ ਨਾਲ ਲਰਜ਼ਣ-ਕੰਬਣ ਲੱਗ ਪਏ। ਉਫ਼, ਸੱਚ-ਮੁੱਚ ਹੀ, ਉਹ ਪਿਛਲੇ ਕਿੰਨੇ ਹੀ ਸਮੇਂ ਤੋਂ ਧਰਤੀ ਦੇ ਲੋਕਾਂ ਨਾਲ ਕੋਈ ਸੰਪਰਕ ਸਥਾਪਿਤ ਕਰਨ ਲਈ ਉਤਸੁਕ ਸਨ।

ਅਚਰਜ ਦਾ ਬਾਦਸ਼ਾਹ, ਭਾਵੇਂ ਇੰਨ-ਬਿੰਨ, ਆਪਣੇ ਸੂਚਨਾ-ਮੰਤਰੀ ਅਤੇ ਆਪਣੀ ਪ੍ਰਜਾ ਦੇ ਬਹੁਤ ਸਾਰੇ ਬੰਦਿਆਂ ਵਰਗਾ ਨਹੀਂ ਸੀ, ਕਿਉਂਕਿ ਉਹ ਆਪਣੇ ਗ੍ਰਹਿ ਉਤਲੇ ਸਾਰੇ ਹੀ ਲੋਕਾਂ ਨਾਲੋਂ ਸਭ ਤੋਂ ਵੱਧ ਸ਼ਾਂਤ ਤੇ ਠਰ੍ਹੰਮੇ ਵਾਲਾ ਸੀ। ਇਹੀ ਵਜ੍ਹਾ ਸੀ ਕਿ ਉਹ ਉਹਨਾਂ ਦਾ ਬਾਦਸ਼ਾਹ ਸੀ। ਉਹ ਚੁੱਪ-ਚਾਪ, ਸ਼ਾਂਤ ਬੈਠਾ ਰਿਹਾ ਸੀ ਅਤੇ ਮੰਤਰੀ ਦੀ ਰਿਪੋਰਟ ਸੁਣਦਾ ਰਿਹਾ, ਬੱਸ ਕੁੱਝ ਇੱਕ ਵਾਰ ਉਹਨੇ, ਆਪਣੇ-ਆਪ ਨੂੰ ਹਿਲਾਇਆ-ਝੰਜੋੜਿਆ ਅਤੇ ਹਉਕੇ-ਹਾਵੇ ਭਰੇ। "ਆਹ", "ਉਫ਼—ਹੱਅ—।"

ਬਾਦਸ਼ਾਹ ਦੇ ਸੱਭ ਤੋਂ ਨਜ਼ਦੀਕ ਬੈਠੇ ਖ਼ਿਦਮਤਗਾਰ, ਇਸ ਬਾਰੇ ਸੱਭ ਤੋਂ ਵੱਧ ਸਾਵਧਾਨ ਸਨ ਕਿ ਉਸ ਨੂੰ ਉਤੇ ਜਿਤ ਨਾ ਕਰਨ, ਇਸ ਲਈ ਉਸ ਦੀਆਂ ਅੱਖਾਂ ਉੱਤੇ ਛੋਟੇ-ਛੋਟੇ ਕਾਲੇ ਨਕਾਬ ਲਟਕ ਰਹੇ ਸਨ। ਉਸਦੇ ਕੰਨ ਨਰਮ ਰੂੰ ਨਾਲ ਬੰਦ ਕੀਤੇ ਹੋਏ ਸਨ ਅਤੇ ਉਸ ਦੇ ਮੂੰਹ ਉੱਤੇ ਕਈ ਛੋਟੀਆਂ-ਛੋਟੀਆਂ ਪੱਟੀਆਂ ਲਾਈਆਂ ਹੋਈਆਂ ਸਨ, ਤ ਜੋ ਉਹ ਆਪਣਾ ਮੂੰਹ ਬਹੁਤਾ ਨਾ ਖੋਲ੍ਹ ਸਕੇ ਅਤੇ ਉਸ ਦਾ ਮਸਤਕ; ਭਾਵੇਂ ਕਿ ਉਸ ਨੂੰ ਢੱਕਿਆ ਜਾਂ ਬੰਦ ਨਹੀਂ ਸੀ ਕੀਤ ਜਾ ਸਕਦਾ...........।

ਜਦੋਂ ਸੂਚਨਾ-ਮੰਤਰੀ ਆਪਣੀ ਰਿਪੋਰਟ ਮੁਕਾ ਚੁੱਕਾ ਤਾਂ ਬਾਦਸ਼ਾਹ ਨੇ ਰੇਡੀਉ ਤੋਂ ਇੱਕ ਖ਼ਾਸ ਤਕਰੀਰ ਕੀਤੀ "ਅਚਰਜ ਦੇ ਲੋਕੋ, ਆਖ਼ਿਰ ਉਹ ਦਿਨ, ਉਹ ਚਿਰ-ਉਡੀਕਿਆ ਦਿਨ ਆ ਪੁੱਜਾ ਹੈ। ਹੁਣ ਪ੍ਰਿਥਵੀ-ਕਥਾ ਦੇ ਪੂਰੇ ਹੋਣ ਦਾ, ਸਮਾਂ ਹੈ। ਕਿਸੇ ਜਣੇ ਨੂੰ ਹੁਣ, ਧਰਤੀ ਦੇ ਇਸ ਤੋਹਫ਼ੇ ਨੂੰ ਜ਼ਰੂਰ ਫੜ ਲੈਣਾ ਚਾਹੀਦਾ ਹੈ, ਜੋ ਹੁਣ ਸਾਡੇ ਗ੍ਰਹਿ ਦੇ ਚੱਕਰ ਕੱਢ ਰਿਹਾ ਹੈ ਅਤੇ ਉਸ ਨੂੰ ਜ਼ਮੀਨ 'ਤੇ ਲੈ ਆਉਣਾ ਚਾਹੀਦਾ ਹੈ। ਮੈਂ ਐਲਾਨ ਕਰਦਾ ਹਾਂ ਕਿ ਜੋ ਵੀ ਉਸ ਨੂੰ

ੁਰੱਖਿਅਤ ਤੌਰ 'ਤੇ ਹੇਠਾਂ ਲਿਆਉਣ ਵਿੱਚ ਸਫ਼ਲ ਹੋ ਜਾਵੇਗਾ, ਉਸ ਨੂੰ 'ਅਚਰਜ ਘਟਨਾ-ਕਮੇਟੀ' ਦਾ ਨਿਰਦੇਸ਼ਕ ਨਿਯੁਕਤ ਕੀਤਾ ਜਾਵੇਗਾ।"

ਦੂਸਰੇ ਹੀ ਦਿਨ ਤੱਕ, 'ਅਚਰਜ' ਦੇ ਲੋਕਾਂ ਨੇ ਮਿਲ ਕੇ ਇੱਕ ਪਤੰਗ ਪੁਲਾੜ-ਯਾਨ ਬਣਾ ਲਿਆ ਸੀ, ਜੋ ਉੱਪਰ ਤੂਲ ਦੀਆਂ ਹਵਾ-ਲਹਿਰਾਂ ਉੱਤੇ, ਉੱਪਰ ਵਲ ਨੂੰ ਉਡਿਆ ਅਤੇ ਚਾਂਦੀ-ਰੰਗਾ ਰੱਾਕਿਟ ਫੜ ਲਿਆ ਗਿਆ। ਉਸ ਥਾਂ ਉੱਤੇ, ਜਿੱਥੇ ਉਹ ਚੀਜ਼, ਜ਼ਮੀਨ 'ਤੇ ਲਿਆਂਦੀ ਗਈ ਸੀ ਛੇਤੀ ਹੀ ਇੱਕ ਯਾਦਗਾਰ ਉਸਾਰੀ ਗਈ, ਜਿਸ ਉੱਤੇ ਹੇਠ-ਲਿਖੇ ਸ਼ਬਦ ਉੱਕਰੇ ਹੋਏ ਸਨ :

*"ਪ੍ਰਿਥਵੀ-ਗ੍ਰਹਿ ਤੋਂ ਤੋਹਫ਼ਾ, ਅਚਰਜ ਗ੍ਰਹਿ ਦੇ ਲੋਕਾਂ ਦੀਆਂ ਸਾਂਝੀਆਂ ਕੋਸ਼ਿਸ਼ਾਂ ਨਾਲ, ਹੈਰਾਨੀਜਨਕ ਤੇਜ਼ੀ ਨਾਲ, ਇਥੇ ਹੇਠਾਂ ਲਿਆਂਦਾ ਗਿਆ ਸੀ। ਇਸ ਦੀ ਮਾਨਤਾ ਵਿੱਚ, ਇਸ ਗ੍ਰਹਿ ਦੇ ਸਾਰੇ ਵਾਸੀ, ਅੱਜ ਤੋਂ, 'ਅਚਰਜ ਘਟਨਾ-ਕਮੇਟੀ' ਦੇ ਮਾਨ-ਅਰਥ ਨਿਰਦੇਸ਼ਕ ਹਨ।"*

ਅਗਲੇ ਦਿਨ, ਅਚਰਜ ਦੇ ਸਾਰੇ ਲੋਕ, ਉਸ ਥਾਂ 'ਤੇ ਰੱਾਕਿਟ ਵਰਗੀ ਚੀਜ਼ ਵੇਖਣ ਲਈ, ਵਹੀਰਾਂ ਘੱਤ ਕੇ ਆਏ, ਜਿੱਥੇ ਉਹ ਜ਼ਮੀਨ 'ਤੇ ਆਈ ਸੀ। ਉਥੇ ਉਹ ਕਈ-ਕਈ ਦਿਨ ਠਹਿਰੇ, ਮਹਿਜ਼ ਉਸ ਮਹਾਨ ਅਚਰਜ ਨੂੰ ਵੇਖ ਕੇ ਸੰਤੁਸ਼ਟ ਹੋਣ ਲਈ। ਕਿਉਂਕਿ ਏਨੇ ਜ਼ਿਆਦਾ ਲੋਕ, ਸਾਰੇ ਉਸੇ ਥਾਂ 'ਤੇ ਹੀ ਸਨ, ਗ੍ਰਹਿ ਦਾ ਆਪਣਾ ਸੰਤੁਲਨ ਵਿਗੜ ਗਿਆ ਅਤੇ ਉਸਦਾ ਚੱਕਰਕ੍ਰਮ ਲੜਖੜਾਉਣ, ਡਾਵਾਂ ਡੋਲ ਹੋਣ ਲਗ ਪਿਆ। ਦਿਨ ਤੇ ਰਾਤ, ਰੌਸ਼ਨੀ ਤੇ ਹਨੇਰਾ, ਅਸਾਧਾਰਨ ਤੇਜ਼ੀ ਨਾਲ ਆਉਣ-ਜਾਣ ਲੱਗੇ, ਪਰ ਲੋਕ, ਉਸ ਨਵੇਂ ਅਚੰਭੇ ਨੂੰ ਵੇਖਣ ਵਿੱਚ ਏਨੇ ਰੁੱਝੇ ਹੋਏ ਸਨ, ਕਿ ਜਾਪਦਾ ਸੀ ਕਿ ਉਹਨਾਂ ਨੇ, ਇਸ ਵਲ ਧਿਆਨ ਹੀ ਨਹੀਂ ਸੀ ਦਿੱਤਾ।

ਇੱਕ ਨਿੰਬਲ-ਨਿਰਮਲ ਰਾਤ ਨੂੰ, ਜਦ ਕਿ ਆਕਾਸ਼-ਗੰਗਾ ਦੇ ਸਾਰੇ ਤਾਰੇ-ਸਿਤਾਰੇ, ਉੱਪਰ ਲਿਸ਼-ਲਿਸ਼ ਕਰ ਕੇ ਚਮਕ ਰਹੇ ਸਨ, ਬਾਦਸ਼ਾਹ ਉਸ ਉੱਚੇ ਚਬੂਤਰੇ 'ਤੇ ਚੜ੍ਹ ਗਿਆ, ਜੋ ਇਸ ਮਹਾਨ ਸਮੇਲਨ-ਮੈਦਾਨ ਵਿਖੇ ਬਣਾਇਆ ਗਿਆ ਸੀ। ਉਹ, ਚਬੂਤਰੇ ਦੇ ਗੱਭੇ ਪਈ ਉਸ ਚਮਕਦਾਰ ਚੀਜ਼ ਵਲ ਮੁੜਿਆ ਅਤੇ ਆਦਰ ਨਾਲ ਝੁਕਿਆ। ਫਿਰ ਉਸ ਨੇ ਆਪਣਾ ਸੱਜਾ ਹੱਥ ਉੱਪਰ ਚੁੱਕਿਆ ਅਤੇ ਬੋਲਣ ਲੱਗ ਪਿਆ। ਏਨੀ ਵੱਡੀ ਭੀੜ—ਪਨਸਾਰੀ, ਸਾਈਕਲ ਮੁਰੰਮਤ ਕਰਨ ਵਾਲੇ, ਵਿਦਿਆਰਥੀ, ਬੁੱਢੇ ਮਰਦ, ਬਿਰਧ ਇਸਤਰੀਆਂ ਅਤੇ ਹਾਂ, ਅਚਰਜ ਦੀ ਸਾਰੀ-ਵੱਸੋਂ ਨੇ ਬੜੀ ਦਿਲਚਸਪੀ ਨਾਲ ਬਾਦਸ਼ਾਹ ਨੂੰ ਸੁਣਿਆ।

"ਪੁਰਾਣੇ ਸਮੇਂ ਤੋਂ......ਹਾਂ, ਬਹੁਤ ਪੁਰਾਣੇ ਸਮੇਂ ਤੋਂ ਹੀ"—ਬਾਦਸ਼ਾਹ ਠੰਡਾ ਪਾਣੀ ਪੀਣ ਲਈ ਰੁਕਿਆ- ਅਚਰਜ ਦੇ ਅਸੀਂ ਲੋਕ ਪ੍ਰਿਥਵੀ ਨਾਂ ਦੇ ਗ੍ਰਹਿ ਦੇ ਬਹੁਤ ਚਾਹਵਾਨ ਸਾਂ। ਤੁਸੀਂ ਸਾਰੇ ਹੀ ਜਾਣਦੇ ਹੋ ਕਿ ਅਸੀਂ ਪ੍ਰਿਥਵੀ ਦਾ, ਕਿਵੇਂ ਆਦਰ ਕਰਦੇ ਰਹੇ ਹਾਂ ਅਤੇ ਧਰਤ-ਵਾਸੀਆਂ ਨਾਲ ਕੋਈ ਸੰਪਰਕ ਕਾਇਮ ਕਰਨ ਲਈ ਕਿਵੇਂ ਰੀਝਦੇ ਰਹੇ ਹਾਂ।"

ਇਸ ਉੱਤੇ, ਭੀੜ ਨੇ ਖ਼ੁਸ਼ੀ ਵਿੱਚ ਖ਼ੂਬ ਚਾਂਗਰਾਂ ਮਾਰੀਆਂ ਅਤੇ ਬਹੁਤ ਜ਼ੋਰ-ਜ਼ੋਰ ਦੀ ਤਾਲੀਆਂ ਵਜਾਈਆਂ। ਬਾਦਸ਼ਾਹ ਨੇ ਬੋਲਣਾ ਜਾਰੀ ਰੱਖਿਆ। "ਪ੍ਰਿਥਵੀ ਦੀ ਸੱਜਰੀ, ਹਰੀ ਟਹਿਕ, ਚਿੱਟੇ-ਚਿੱਟੇ ਬੱਦਲਾਂ ਦੇ ਹੇਠੋਂ ਲਿਸ਼ਕਦੇ-ਚਮਕਦੇ ਨੀਲੇ ਸਮੁੰਦਰ ਅਤੇ ਉਸਦੇ ਹਰੇ-ਭਰੇ ਵਣ-ਜੰਗਲ, ਜਿਹਨਾਂ ਵਿੱਚ ਜਾਨਵਰਾਂ-ਪਸ਼ੂਆਂ ਦੀ ਏਡੀ ਹੈਰਾਨੀ-ਜਨਕ ਵੰਨ-ਸੁਵੰਨਤਾ—ਇਹ ਸਾਡੇ ਬ੍ਰਹਿਮੰਡ ਦੀ ਇੱਕ ਮਹਾਨ ਕਥਾ ਹੈ, ਪ੍ਰਿਥਵੀ ਦਾ ਟਾਕਰਾ ਕਰਨ ਵਾਲੀ ਹੋਰ ਕੋਈ ਥਾਂ ਨਹੀਂ, ਉਸ ਦੀ ਅਜੀਬ ਅਸਚਰਜਤਾ ਜਨਕ ਸੁੰਦਰ-ਸੁਹਣੀ-ਪ੍ਰਕਿਰਤੀ, ਖ਼ੂਬਸੂਰਤ ਕੁਦਰਤ! ਉਹ ਸਾਡੇ ਇਸ ਗ੍ਰਹਿ ਨਾਲੋਂ, ਬਹੁਤ

ਹੀ ਵੱਖਰੀ ਹੋਵਗੀ ਜਿੱਥੇ ਕਿ ਖ਼ੁਸ਼ਕ ਰੇਗਿਸਤਾਨ, ਹਰ ਦਿਸ਼ਾ 'ਚ, ਅਸੀਮ-ਅਨੰਤ ਰੂਪ ਵਿੱਚ ਪੱਸਰਿਆ ਹੋਇਆ. ਪਰ ਪ੍ਰਿਥਵੀ 'ਤੇ ਕੋਈ ਅਜਿਹੀ ਚੀਜ਼ ਵੀ ਹੈ, ਜੋ ਪ੍ਰਕਿਰਤੀ ਨਾਲੋਂ ਵੀ ਵਧੇਰੇ ਹੈਰਾਨ-ਕੁਨ ਹੈ !"

ਇਸ 'ਤੇ, ਅਚਰਜ ਦੇ ਸਾਰੇ ਲੋਕ ਬਾਦਸ਼ਾਹ ਦੇ ਨਾਲ ਮਿਲ ਕੇ, ਉੱਚੀ-ਉੱਚੀ ਆਖਣ ਲੱਗੇ :-

*"ਇਹ ਨੇ ਲੋਕ, ਧਰਤੀ ਦੇ ਵਸਨੀਕ,*
*ਧਰਤੀ ਦੇ ਇਹ ਲੋਕ—*
*ਬ੍ਰਹਿਮੰਡ ਦੇ, ਸਾਰੇ ਜੀਵਾਂ ਤੋਂ ਵੱਧ,*
*ਸਿਰਜਦੇ ਨੇ ਜੋ, ਆਪਣੇ ਹੱਥਾਂ ਨਾਲ,*
*ਚੀਜ਼ਾਂ, ਅਦਭੁਤ ਅਤੇ ਅਜੀਬ,*
*ਉਹਨਾਂ ਦੇ ਸ਼ਬਦਾਂ ਵਿੱਚ ਹੈ,*
*ਏਨੀ ਸੂਝ ਤੇ ਮਹਾਂ ਸਿਆਣਪ !"*

ਜਦੋਂ ਇਹ ਕੁੱਝ ਅਚਰਜ-ਗ੍ਰਹਿ ਦੇ ਆਰ-ਪਾਰ ਗੂੰਜ ਉੱਠਿਆ, ਚਬੂਤਰੇ ਦੇ ਨਜ਼ਦੀਕ ਖਲੋਤੀ ਮੋਟੀਆਂ ਮੋਟੀ ਅੱਖਾਂ ਵਾਲੀ ਇੱਕ ਛੋਟੀ ਜਿਹੀ ਕੁੜੀ, ਜ਼ਰਾ ਸ਼ਰਮਾ ਕੇ, ਰਤਾ ਲੱਜਾ ਕੇ, ਆਖਣ ਲੱਗੀ। "ਹਜ਼ੂਰ, ਬਾਦਸ਼ਾਹ ਸਲਾਮਤ, ਧਰਤੀ ਦੇ ਲੋਕਾਂ ਦੇ ਦਿਮਾਗ਼ ਬਾਰੇ ਹੋਰ ਵਧੇਰੇ ਜਾਨਣ ਚਾਹੁੰਦੀ ਹਾਂ। ਇਹ ਦਿਮਾਗ਼ ਹੀ ਹਨ, ਜੋ ਹੱਥਾਂ ਨੂੰ ਹਰਕਤ ਵਿ ਲਿਆਉਂਦੇ ਹਨ ਅਤੇ ਜੋ ਸ਼ਬਦਾਂ ਨੂੰ ਸਹੀ ਬਣਾਉਂਦੇ ਹਨ।"

"ਹਾਂ, ਵਾਕਈ', ਬਾਦਸ਼ਾਹ ਨੇ ਆਖਿਆ, "ਹੁਣੇ ਹੀ ਅਸੀਂ, ਇਸ ਤੋਹਫ਼ੇ ਨੂੰ ਖੋਲ੍ਹਾਂਗੇ ਅਤੇ ਸਾਰੇ ਮਿਲ ਕੇ, ਇਹ ਪ ਲਾਉਣ ਦੇ ਅਚੰਭੇ; ਕਿ ਇਸ ਦੇ ਅੰਦਰ ਕੀ ਹੈ, ਦਾ ਆਨੰਦ ਮਾਣਾਂਗੇ। ਮੇਰਾ ਖ਼ਿਆਲ ਹੈ ਕਿ ਅੱਜ ਸਾਨੂੰ ਇਸ ਗਲ ਸਬੂਤ ਮਿਲ ਜਾਵੇਗਾ ਕਿ ਧਰਤੀ ਦੇ ਲੋਕਾਂ ਦੇ ਚਿਹਰੇ, ਸਾਡੇ ਚਿਹਰਿਆਂ ਵਰਗੇ ਹੀ ਹਨ ਅਤੇ ਉਹ ਆਪਣੇ ਹੱਥ ਅ ਸਰੀਰ, ਉਸੇ ਤਰ੍ਹਾਂ ਹੀ ਹਿਲਾਉਂਦੇ ਹਨ; ਜਿਵੇਂ ਕਿ ਅਸੀਂ ਆਪਣੇ। ਪਰ ਉਹ ਦਿਮਾਗ਼ ਜੋ ਉਹਨਾਂ ਦੇ ਹੱਥਾਂ ਨੂੰ ਹਰਕ ਦਿੰਦਾ ਹੈ, ਹਰ ਉਸ ਚੀਜ਼ ਤੋਂ ਅਸਚਰਜਤਾ-ਜਨਕ ਤੌਰ 'ਤੇ ਵੱਖਰਾ ਹੋਵੇਗਾ, ਜਿਸ ਦੀ ਕਿ ਅਸੀਂ ਕਲਪਨਾ ਕਰ ਸਕ ਹਾਂ! ਇਸ ਲਈ ਵੇਖਿਆ ਨਾ ਤੁਸੀਂ; ਕਿ ਮੈਨੂੰ ਮਨੁੱਖੀ ਦਿਮਾਗ ਬਾਰੇ ਬਹੁਤ ਘੱਟ ਜਾਣਕਾਰੀ ਹੈ।"

"ਤੇ ਲਉ ਫਿਰ, ਹੁਣ ਅਸੀਂ ਸਾਰੇ ਜਣੇ, ਇਸ ਤੋਹਫ਼ੇ 'ਤੇ, ਜੋ ਕਿ ਧਰਤੀ ਤੋਂ ਆਇਆ ਹੈ, ਇੱਕ ਝ ਮਾਰੀਏ।"

ਬਾਦਸ਼ਾਹ ਨੇ ਆਪਣੇ ਕੋਲ ਖਲੋਤੇ, ਨਾਲੀ ਤੇ ਪੰਪ ਵਾਲੇ ਆਦਮੀਆਂ ਨੂੰ, ਆਪਣਾ ਕੰਮ ਕਰਨ ਦਾ ਇਸ਼ ਕੀਤਾ। ਜੇ ਉਹ ਨਾ ਹੁੰਦੇ, ਤਾਂ ਚਬੂਤਰੇ ਦੇ ਕੋਲ ਖਲੋਤੀ ਕੁੜੀ, ਬਾਦਸ਼ਾਹ ਦੇ ਸਰੀਰ ਵਿਚੋਂ ਵਗਣ ਵਾਲੇ ਪਸੀਨੇ ਵਿ ਡੁੱਬ ਗਈ ਹੁੰਦੀ। ਅਤੇ ਫਿਰ, ਬਾਦਸ਼ਾਹ ਨੇ 'ਅਚਰਜ-ਗ੍ਰਹਿ' 'ਤੇ ਕਦੇ ਵੀ ਦਿੱਤੇ ਗਏ ਭਾਸ਼ਨਾਂ ਵਿਚੋਂ, ਆਪਣਾ ਸਭ ਲੰਮਾ ਤੇ ਵੱਡਾ ਭਾਸ਼ਨ ਜਾਰੀ ਰੱਖਿਆ। "ਮੈਨੂੰ ਵਿਸ਼ਵਾਸ ਹੈ ਕਿ ਅਸੀਂ ਸਾਰੇ ਹੈਰਾਨ ਹਾਂ ਕਿ ਹਰੇ ਗ੍ਰਹਿ ਉੱਤਲੇ ਸਾਡੇ ਦੋਸ ਵਲੋਂ ਕਿਹੜਾ ਅਚੰਭਾ ਭੇਜਿਆ ਗਿਐ। ਉਹ ਚੀਜ਼, ਏਥੇ, ਸਾਡੇ ਸਾਰੇ ਲੋਕਾਂ ਦੇ ਸਾਹਮਣੇ ਖੋਲ੍ਹੀ ਜਾਵੇ। ਫਿਰ, ਮੇਰਾ ਖ਼ਿਅ ਹੈ ਕਿ ਅਸੀਂ ਇਸ ਦਿਨ ਦੀ ਉਤਸੁਕਤਾ ਨੂੰ ਡੂੰਘੀ ਤਰ੍ਹਾਂ ਪ੍ਰਗਟ ਕਰ ਸਕਾਂਗੇ ਅਤੇ ਕੱਲ੍ਹ ਤੋਂ ਆਪਣੇ ਗ੍ਰਹਿ ਦੇ ਸ਼ਾਨਦ ਭਵਿੱਖ ਦੀ ਉਸਾਰੀ ਲਈ ਤਿਆਰੀਆਂ ਸ਼ੁਰੂ ਕਰ ਦੇਵਾਂਗੇ। ਖ਼ੁਦ ਅਚਰਜ ਸਾਡੀ ਸੰਪੂਰਨ ਖ਼ੁਸ਼ੀ ਹੈ।"

ਜਿਉਂ ਹੀ ਬਾਦਸ਼ਾਹ ਦਾ ਆਖ਼ਰੀ ਸ਼ਬਦ ਮੱਧਮ-ਮੱਠਾ ਪਿਆ, ਉਹਨੇ ਆਪਣਾ ਤਾਜ ਉਤਾਰਿਆ ਅਤੇ ਹ ਦੇ ਉਤੋਂ ਦੀ, ਹਵਾ ਵਿੱਚ ਉੱਚਾ ਉਛਾਲ ਦਿੱਤਾ। ਫਿਰ ਉਹ ਸਭ ਤੋਂ ਵਧੀਆ ਸਥਾਨ 'ਤੇ ਬੈਠ ਗਿਆ, ਜਿਥੋਂ ਕਿ

ਚਾਂਦੀ-ਵੰਨੀ ਚੀਜ਼ ਨੂੰ ਚੰਗੀ ਤਰ੍ਹਾਂ ਵੇਖ ਸਕੇ।

"ਅਚੰਭਾ ਦੇ ਸ਼ਾਹੀ ਸਲਾਹਕਾਰੋ, ਅੱਗੇ ਆਉ।"

ਚਿੱਟੇ ਚੋਗ਼ਿਆਂ ਵਿੱਚ, ਚਾਰ ਆਦਮੀ ਅੱਗੇ ਆਏ। ਉਹਨਾਂ ਆਦਰ-ਮਾਣ ਨਾਲ, ਬਾਦਸ਼ਾਹ ਦੇ ਸਾਹਮਣੇ ਸਿਰ ਝੁਕਾਏ ਅਤੇ ਚੁੱਪ-ਚਾਪ ਚਬੂਤਰੇ ਉੱਤੇ ਚੜ੍ਹ ਗਏ। ਉਹਨਾਂ ਦੇ ਖੀਸੇ ਪੇਚ-ਕੱਸਾਂ, ਵਰਮਿਆਂ ਅਤੇ ਆੱਰਿਆਂ ਆਦਿ ਔਜ਼ਾਰਾਂ ਨਾਲ ਭਰੇ ਹੋਏ ਮਨ। ਚਾਰੇ ਦੇ ਚਾਰੇ ਆਦਮੀਆਂ ਕੋਲ, ਪੱਤਰਾਂ ਦੇ ਮੋਟੇ-ਮੋਟੇ ਫ਼ੋਲਡਰ ਸਨ ਅਤੇ ਉਹ ਵੱਧ-ਤੋਂ-ਵੱਧ ਸੁਝਵਾਨ ਜਾਪਦੇ ਸਨ। ਪਰ, ਉਹਨਾਂ ਵਿਚੋਂ ਕੋਈ ਵੀ, ਆਪਣੀਆਂ ਲੱਤਾਂ ਨੂੰ, ਉਤਸੁਕਤਾ ਨਾਲ ਲਰਜ਼ਣੋਂ-ਕੰਬਣੋਂ ਨਹੀਂ ਸੀ ਰੋਕ ਪਾ ਰਿਹਾ।

ਉਹ ਗਿਆਨ ਅਤੇ ਸਿਆਣਪ ਨਾਲ ਏਨੇ ਭਰੇ-ਭਿਕੁੰਨੇ ਸਨ ਕਿ ਗਿਆਨ ਉਹਨਾਂ ਦੇ ਦਿਮਾਗ਼ਾਂ ਵਿਚੋਂ, ਆਪ-ਮੁਹਾਰੇ ਹੀ ਡੁੱਲ੍ਹ-ਡੁੱਲ੍ਹ ਪੈ ਰਿਹਾ ਸੀ ਅਤੇ ਚਬੂਤਰੇ 'ਤੇ ਚਲ੍ਹੇ-ਚੁਬੱਚੇ ਬਣ ਗਏ ਸਨ। ਖਰਕੇ-ਫੜੀ ਬੰਦਿਆਂ ਦੀ ਇੱਕ ਟੋਲੀ, ਚਬੂਤਰੇ ਨੂੰ ਸਾਫ਼ ਰੱਖਣ ਲਈ ਕੋਲ ਖਲੋਤੀ ਸੀ।

ਚਾਰੇ ਮਹਾਨ ਸਲਾਹਕਾਰਾਂ ਨੇ, ਪਹਿਲਾਂ ਆਪਣੀਆਂ-ਆਪਣੀਆਂ ਵੱਡ-ਦਰਸ਼ੀ ਐਨਕਾਂ ਉਤਾਰੀਆਂ ਅਤੇ ਉਸ ਚੀਜ਼ ਨੂੰ, ਥਾਂ-ਥਾਂ ਤੋਂ ਆਪਣੇ ਹੱਥਾਂ ਨਾਲ ਧਿਆਨ ਨਾਲ, ਚੰਗੀ ਤਰ੍ਹਾਂ ਟੋਹ ਕੇ, ਉਸ ਦਾ ਹੇਠੋਂ-ਉਪਰੋਂ, ਇੱਕ ਸਿਰੇ ਤੋਂ ਦੂਸਰੇ ਸਿਰੇ ਤੱਕ ਭਲੀ-ਭਾਂਤ ਨਿਰੀਖਣ ਕੀਤਾ। ਫਿਰ ਉਹਨਾਂ, ਉਸ ਉੱਤੇ ਆੱਰਿਆਂ ਨਾਲ ਕੰਮ ਕਰਨਾ ਸ਼ੁਰੂ ਕੀਤਾ। ਆੱਰਿਆਂ ਨਾਲ ਉਸ ਚੀਜ਼ ਨੂੰ ਚੀਰਦਿਆਂ, ਹੇਠਾਂ ਚਬੂਤਰੇ 'ਤੇ ਚੰਗਿਆੜਿਆਂ ਦੀ ਵਰਖਾ ਹੋਣ ਲੱਗੀ। ਕੁੱਝ ਮਿੰਟਾਂ ਮਗਰੋਂ, ਉਹਨਾਂ ਦੇ ਆੱਰੇ, ਕਿਸੇ ਖ਼ਾਸ ਸਖ਼ਤ-ਜਿਹੀ ਚੀਜ਼ ਵਿੱਚ ਜਾ ਵੱਜੇ ਅਤੇ ਉਹ ਇਸ 'ਤੇ ਵਿਚਾਰ ਕਰਨ ਅਤੇ ਆਪਣੀ-ਆਪਣੀ ਰਾਏ ਦੇਣ ਲਈ, ਕੰਮ ਛੱਡ ਕੇ, ਇੱਕ ਪੱਸੇ ਖੜੇ ਹੋ ਗਏ। ਫਿਰ ਉਹ ਆਪਣੇ ਸੰਦਾਂ-ਔਜ਼ਾਰਾਂ ਨਾਲ, ਮੁੜ ਕੰਮ ਵਿੱਚ ਰੁੱਝ ਗਏ। ਉਹ ਬੜੀ ਤੇਜ਼ੀ ਤੇ ਉਤੇਜਨਾ ਨਾਲ, ਉਸ ਚੀਜ਼ ਨੂੰ ਚੀਰ ਰਹੇ ਸਨ, ਉਸ ਵਿੱਚ ਛੇਕ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਹੱਤਾ ਕਿ ਅਚਾਨਕ ਉਸ ਵਿੱਚ ਇੱਕ ਕਾਲਾ ਛੇਕ ਵਿਖਾਈ ਦੇਣ ਲੱਗਾ।

"ਉਹ", "ਆਹ"......"ਹਲਾ", "ਹਾਂ ਜੀ—" ਅਤੇ ਹੈਰਾਨੀ ਦੇ ਕਿੰਨੇ ਹੀ ਹੋਰ ਸ਼ਬਦ, ਉਸ ਵਿਸ਼ਾਲ ਹਜੂਮ 'ਚੋਂ ਉੱਭਰੇ।

ਕੌਣ ਕਲਪਨਾ ਕਰ ਸਕਦਾ ਸੀ ਕਿ ਅਗੋਂ ਕੀ ਹੋਵੇਗਾ? ਰੱਾਕਿਟ ਵਿਚਲੇ ਛੇਕ ਵਿੱਚੋਂ, ਹੌਲੀ-ਹੌਲੀ ਤੇ ਚੁੱਪ-ਚੁਪੀਤੇ, ਇੱਕ ਚਮਕਦਾ ਹੋਇਆ ਚਿੱਟਾ ਧੂੜਾ ਬਾਹਰ ਵਗ ਤੁਰਿਆ। ਖ਼ੁਦ ਬਾਦਸ਼ਾਹ, ਸੱਭ ਤੋਂ ਪਹਿਲਾਂ, ਇਸ ਦਾ ਪਤਾ ਲਾਉਣ ਵਾਲਾ ਸੀ। ਉਹ ਦੌੜ ਕੇ ਅੱਗੇ ਵਧਿਆ ਅਤੇ ਉਹਨੇ ਇਹ ਅਦਭੁਤ-ਅਜੀਬ ਧੂੜਾ ਥੋੜ੍ਹਾ ਜਿਹਾ ਉੱਪਰ ਵਲ ਉਛਾਲ ਦਿੱਤਾ ਅਤੇ ਫਿਰ ਉਹਨੇ ਉਹ ਧੂੜਾ ਲੋਕਾਂ ਨੂੰ ਵਿਖਾਉਣ ਲਈ, ਕਟੋਰੇ ਵਾਂਗ ਮੀਟੇ ਆਪਣੇ ਹੱਥ ਬੜੇ ਮਾਣ ਨਾਲ ਉੱਪਰ ਚੁੱਕੇ।

ਐਨ ਉਸੇ ਵਲੇ, ਪੌਣ ਦੇ ਇੱਕ ਜ਼ੋਰਦਾਰ ਬੁੱਲੇ ਨੇ, ਧੂੜੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਅਤੇ ਧੂੜਾ ਵਲ-ਵਲੇਵੇਂ ਖਾਂਦਾ, ਘੁੰਮਦਾ, ਚੱਕਰ ਖਾਂਦਾ ਹਵਾ ਵਿੱਚ ਰਲ-ਮਿਲ ਗਿਆ। ਥੋੜ੍ਹਾ ਜਿਹਾ ਧੂੜਾ ਬਾਦਸ਼ਾਹ ਦੇ ਚਿਹਰੇ 'ਤੇ ਜਾ ਪਿਆ ਅਤੇ ਉਸੇ ਵੇਲੇ ਹੀ—"ਉਫ਼, ਮੇਰੇ ਪਿਆਰੇ!" ਦੀ ਇੱਕ ਉੱਚੀ-ਲੰਮੀ ਆਵਾਜ਼ ਉਸ ਦੇ ਮੂੰਹੋਂ ਨਿਕਲੀ ਅਤੇ ਫਿਰ ਉਹ ਲੜਖੜਾ ਕੇ, ਚਬੂਤਰੇ 'ਤੇ ਢਹਿ ਪਿਆ।

ਸਲਾਹਕਾਰਾਂ 'ਚੋਂ ਤਿੰਨਾਂ ਜਣਿਆਂ ਨੇ, ਇਹ ਸੋਚ ਕੇ, ਕਿ ਬਾਦਸ਼ਾਹ ਕੇਵਲ ਵਾਧੂ ਉਤਸੁਕਤਾ ਨਾਲ ਬੇਹੋਸ਼ ਹੋਇਆ ਹੈ, ਦਰਸ਼ਕਾਂ ਨੂੰ ਵਿਖਾਉਣ ਵਾਸਤੇ, ਛੇਤੀ-ਛੇਤੀ ਆਪ, ਥੋੜ੍ਹਾ-ਥੋੜ੍ਹਾ ਧੂੜਾ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ। ਹਾਂ, ਤੇ ਉਹ ਵੀ 'ਧੱਪ, ਧੱਪ, ਧੱਪ'-ਇੱਕ ਤੋਂ ਬਾਅਦ ਇੱਕ,—ਥੱਲੇ ਡਿੱਗ ਪਏ।

"ਵਾਹ ! ਉਫ਼ !" "ਆਹ—!" ਭੀੜ ਵਿਚੋਂ ਹੈਰਤ ਦੀਆਂ ਵਿਸਮਿਕ ਆਵਾਜ਼ਾਂ ਆਈਆਂ ਅਤੇ ਫਿਰ ਉਹ ਸਾਰੇ

ਲੋਕ, ਇਕੱਠੇ ਮਿਲ ਕੇ, ਹੇਕ ਲਾ ਕੇ ਗਾਉਣ ਲੱਗ ਪਏ—

"ਮਾਨਵ ! ਮਾਨਵ ! ਮਾਨਵ ! ਹੇ ਮਾਨਵ !

ਆਕਾਸ਼-ਗੰਗਾ ਦੇ, ਹਾਕਮ।"

ਹੁਣ, ਬਾਕੀ ਦਾ ਇੱਕ ਸਲਾਹਕਾਰ, ਬਹੁਤ ਗਿਆਨ ਵਾਲਾ ਬੰਦਾ ਨਹੀਂ ਸੀ, ਪਰ ਉਹ ਬਹੁਤ ਸਿਆਣਾ ਸੀ।

ਅਚਰਜ-ਗ੍ਰਹਿ 'ਤੇ ਦੋ ਤਰ੍ਹਾਂ ਦੇ ਸਲਾਹਕਾਰ ਸਨ—ਗਿਆਨਵਾਨ ਮਨੁੱਖ, ਜਿਹਨਾਂ ਨੂੰ ਵਿਗਿਆਨੀ ਆਖਦੇ ਸਨ ਅਤੇ ਦਾਰਸ਼ਨਿਕ ਅਖਵਾਉਣ ਵਾਲੇ ਸੂਝਵਾਨ ਮਨੁੱਖ।

ਵਿਗਿਆਨੀਆਂ ਨੂੰ ਬਹੁਤ ਸਾਰੀਆਂ ਗੱਲਾਂ ਦੀ ਜਾਣਕਾਰੀ ਸੀ, ਜਦ ਕਿ ਦਾਰਸ਼ਨਿਕਾਂ ਬਾਰੇ ਆਖਿਆ ਜਾਂਦਾ ਸੀ ਕਿ ਉਹ ਇਹ ਪਤਾ ਲਾਉਣ ਵਿੱਚ ਕੁਸ਼ਲ ਸਨ ਕਿ ਗਿਆਨ ਦੀ ਵਰਤੋਂ, ਲੋਕਾਂ ਨੂੰ ਸੁਖੀ ਬਣਾਉਣ ਲਈ, ਕਿਵੇਂ ਕੀਤੀ ਜਾ ਸਕਦੀ ਹੈ। 'ਅਚਰਜ-ਗ੍ਰਹਿ ਦੀ ਸਭਾ' ਦੀ ਤਜਵੀਜ਼, ਇਹਨਾਂ ਦੋਵਾਂ ਕਿਸਮਾਂ ਦੇ ਸਲਾਹਕਾਰਾਂ ਵਲੋਂ, ਮਿਲ ਕੇ ਕੰਮ ਕਰਦਿਆਂ ਪੇਸ਼ ਕੀਤੀ ਗਈ ਸੀ ਅਤੇ ਬਣਾਈ ਗਈ ਸੀ। ਮੰਦੇ ਭਾਗਾਂ ਨੂੰ ਅਤਿਅੰਤ ਉਤੇਜਨਾ ਦੇ ਉਸ ਦਿਨ, ਬਾਕੀ ਦੇ ਤਿੰਨ ਸਲਾਹਕਾਰਾਂ ਨੇ, ਸੂਝ ਵਾਲੇ ਇਸ ਇੱਕ ਆਦਮੀ ਦੀ ਤਜਵੀਜ਼ ਨੂੰ ਅੱਖੋਂ ਉਹਲੇ ਕਰ ਦਿੱਤਾ ਸੀ, ਜਦੋਂ ਉਹਨੇ ਇਹ ਸਲਾਹ ਦਿੱਤੀ ਸੀ ਕਿ ਉਹ ਕੋਈ ਵੀ ਕਦਮ ਚੁੱਕਣ ਤੋਂ ਪਹਿਲਾਂ, ਉਸ 'ਤੇ ਵਿਚਾਰ ਕਰ ਲੈਣ ਅਤੇ ਸ਼ਾਂਤੀ ਤੇ ਸਾਵਧਾਨੀ ਨਾਲ ਅੱਗੇ ਵਧਣ।

ਜਦੋਂ ਅਚਰਜ-ਗ੍ਰਹਿ ਦੇ ਲੋਕ, ਇੱਕ ਦੂਸਰੇ ਨਾਲ, ਉਤਸੁਕਤਾ 'ਚ ਗੱਲਾਂ ਕਰ ਰਹੇ ਸਨ, ਸਿਆਣਾ ਆਦਮੀ ਇਹ ਪਤਾ ਲਾਉਣ ਲਈ, ਇਕੱਲਾ ਰਹਿ ਗਿਆ ਸੀ ਕਿ ਬਾਦਸ਼ਾਹ ਅਤੇ ਤਿੰਨ ਸਲਾਹਕਾਰ, ਆਪਣੇ ਚਿਹਰਿਆਂ 'ਤੇ ਅਜਿਹੇ ਪੀੜ-ਭਰੇ ਭਾਵ ਲੈ ਕੇ, ਥੱਲੇ ਕਿਉਂ ਡਿੱਗ ਪਏ ਸਨ। ਸਹਿਜ ਨਾਲ ਆਪਣਾ ਹੱਥ, ਅਤੇ ਫਿਰ ਆਪਣਾ ਕੰਨ, ਇੱਕ ਆਦਮੀ ਦੀ ਛਾਤੀ ਨੂੰ, ਫਿਰ ਦੂਸਰੇ ਆਦਮੀ ਦੀ ਛਾਤੀ ਨੂੰ ਲਾ ਕੇ, ਉਹ ਇਹ ਪਤਾ ਲਾ ਕੇ, ਉਲਝਣ ਵਿੱਚ ਪੈ ਗਿਆ ਸੀ ਕਿ ਦਿਲ ਵਿਚੋਂ ਹਮੇਸ਼ਾ, ਜੋ ਆਵਾਜ਼ ਆਉਂਦੀ ਹੈ, ਉਹ ਬਾਦਸ਼ਾਹ ਅਤੇ ਤਿੰਨਾਂ ਸਲਾਹਕਾਰਾਂ 'ਚ ਰੁਕ ਗਈ ਸੀ। ਉਹ ਆਵਾਜ਼ ਭਲਾ ਕਿਵੇਂ.....ਕਿਉਂ.........ਕਿੱਥੇ ਚਲੀ ਗਈ ਸੀ? ਅਚਰਜ-ਗ੍ਰਹਿ, ਜਿੱਥੇ ਕੋਈ ਜਣਾ ਵੀ, ਕਦੇ ਬੁੱਢਾ ਨਹੀਂ ਸੀ ਹੋਇਆ, ਬੀਮਾਰ ਨਹੀਂ ਸੀ ਪਿਆ ਜਾਂ ਮਰਿਆ ਨਹੀਂ ਸੀ, ਇਹ ਸੱਚ-ਮੁੱਚ ਹੀ, ਵੱਡੇ ਅਰਥ ਵਾਲੀ ਗੱਲ ਸੀ।

ਆਪਣੀ ਜੇਬ ਵਿਚੋਂ ਅਤਿਅੰਤ ਆਧੁਨਿਕ ਵੱਡ-ਦਰਸ਼ੀ ਸ਼ੀਸ਼ਾ ਕੱਢਦਿਆਂ, ਜੋ ਕਿ 'ਐਨੰਡਰੋਮੇਡਾ' ਦੀ ਸਾਫ਼ ਰੌਸ਼ਨੀ ਦੀ ਵਰਤੋਂ ਕਰਨ ਵਾਸਤੇ ਬਣਾਇਆ ਗਿਆ ਸੀ, ਚੌਥੇ ਸ਼ਾਹੀ ਸਲਾਹਕਾਰ ਨੇ ਉਸ ਵਿਚੋਂ ਦੀ, ਚੰਗਿਆੜੀਆਂ-ਛੱਡਦੇ ਧੂੜੇ ਨੂੰ, ਨੀਝ ਨਾਲ ਵੇਖਿਆ। ਅਤਿਅੰਤ ਉੱਨਤ ਵੱਡ-ਦਰਸ਼ੀ ਸ਼ੀਸ਼ੇ ਵਿੱਚ, ਬਾਹਰਲੇ ਪੁਲਾੜ ਤੋਂ 'ਵਿਕਿਰਣ' ਨੂੰ ਮਾਪਣ ਲਈ ਪੈਮਾਨਾ ਵੀ ਲੱਗਾ ਹੋਇਆ ਸੀ ਅਤੇ ਜਿਉਂ ਹੀ ਉਹ ਧੂੜੇ ਦੇ ਨੇੜੇ ਆਇਆ, ਪੈਮਾਨੇ ਦੀ ਸੂਈ, ਬਹੁਤ ਜ਼ਿਆਦਾ ਤੇਜ਼ੀ ਨਾਲ ਦਸ ਵਾਰੀ ਡਾਇਲ ਦੇ ਆਲੇ-ਦੁਆਲੇ ਘੁੰਮ ਗਈ, ਸ਼ੀਸ਼ੇ ਦਾ ਢੱਕਣ ਚੂਰ-ਚੂਰ, ਚਿਣੀ-ਚਿਣੀ ਹੋ ਗਿਆ ਅਤੇ ਸੂਈ ਉੱਛਲ ਕੇ, ਚਬੂਤਰੇ 'ਤੇ ਜਾ ਡਿੱਗੀ। ਚਬੂਤਰੇ ਦੇ ਨੇੜੇ ਖੜੇ ਲੋਕ, ਹੁਣ ਸੱਖਣੇ-ਸੱਖਣੇ, ਖ਼ਾਲੀ-ਖ਼ਾਲੀ ਝਾਕ ਰਹੇ ਸਨ, ਸਾਹ ਲੈਣ ਦਾ ਹੀਆ ਵੀ ਮਸੋਂ ਹੀ ਕਰ ਰਹੇ ਸਨ।

ਸੂਝਵਾਨ ਮਨੁੱਖ ਟੁੱਟੀ, ਹੋਈ ਸੂਈ ਅਤੇ ਚਿਣੀ-ਚਿਣੀ ਹੋਏ ਸ਼ੀਸ਼ੇ ਚੁਗਣ ਲੱਗ ਪਿਆ। ਉਹ ਸਹਿਜੇ-ਸਹਿਜੇ, ਆਪਣੇ-ਆਪ ਨਾਲ ਹੀ ਬੁੜ-ਬੁੜ ਕਰ ਰਿਹਾ ਸੀ, "ਭਲਾ, ਏਥੇ ਕੀ ਹੋ ਰਿਹੈ ? !" ਇਹ ਪੈਮਾਨਾ ਆਪਣੇ-ਆਪ ਹੀ ਫਟ ਰਿਹੈ......ਸਾਨੂੰ ਇਹ ਅੱਲੇ-ਔਜ਼ਾਰ, ਉਹਨਾਂ ਚੀਜ਼ਾਂ ਨੂੰ, ਜੋ ਧਰਤੀ ਦੇ ਦਿਮਾਗ਼ ਬਣਾਉਂਦੇ ਹਨ, ਮਾਪਣ ਵਰਗੇ ਭਾਰੇ ਕੰਮ ਲਈ, ਠੀਕ-ਠਾਕ ਬਣਾਉਣੇ ਚਾਹੀਦੇ ਹਨ। ਸੂਈ, ਟੁੱਟੇ ਬਗ਼ੈਰ, ਸੈਆਂ ਵਾਰ, ਆਲੇ-ਦੁਆਲੇ' ਘੁੰਮਣ ਦੇ ਯੋਗ ਹੋਣੀ ਚਾਹੀਦੀ ਹੈ......। ਹਾਂ, ਪਰ ਕੀ ਧਰਤੀ ਦੇ ਲੋਕ, ਸੱਚ-ਮੁੱਚ ਹੀ ਸਾਨੂੰ ਅਜਿਹਾ

ਖ਼ਤਰਨਾਕ ਤੌਰ 'ਤੇ ਸ਼ਕਤੀਸ਼ਾਲੀ ਤੋਹਫ਼ਾ ਭੇਜਣਾ ਚਾਹੁੰਦੇ ਸਨ ?" ਇਸ 'ਤੇ ਉਹ ਵੀ ਚਬੂਤਰੇ ਉੱਤੇ ਡਿੱਗ ਪਿਆ।

ਫਿਰ ਅਚਰਜ-ਗ੍ਰਹਿ ਦੇ ਲੋਕ, ਜਿਹਨਾਂ ਨੇ ਪਹਿਲਾਂ ਕਦੇ ਬੁਢਾਪੇ, ਬੀਮਾਰੀ ਜਾਂ ਮੌਤ ਦੀ ਕਲਪਨਾ ਵੀ ਨਹੀਂ ਸੀ ਕੀਤੀ, ਆਪਣੇ-ਆਪ ਉੱਤੇ ਕਾਬੂ ਗੁਆ ਬੈਠੇ ਅਤੇ ਹੈਰਾਨੀ ਅਤੇ ਹਫ਼ੜਾ-ਦਫ਼ੜੀ ਵਿੱਚ, ਉੱਚੀ-ਉੱਚੀ ਚਾਂਗਰਾਂ ਮਾਰਨ ਲੱਗ ਪਏ।

ਉਹ ਜਿਗਿਆਸੂ ਕੁੜੀ, ਜਿਸ ਨੇ ਪਹਿਲਾਂ ਬਾਦਸ਼ਾਹ ਤੋਂ ਸਵਾਲ ਪੁੱਛਿਆ ਸੀ, ਹੁਣ ਆਪਣੀ ਮਾਂ ਕੋਲੋਂ ਖਿਸਕ ਗਈ। ਉਹ ਚਬੂਤਰੇ 'ਤੇ ਜਾ ਚੜ੍ਹੀ ਅਤੇ ਉਸ ਅਜੀਬ ਚੀਜ਼ ਕੋਲ ਪੁੱਜ ਗਈ।

"ਨਿਸ਼ਚੇ ਹੀ ਉਹ ਮਨੁੱਖ ਜਾਣਦੇ ਹਨ ਕਿ ਸਾਨੂੰ ਕਿਵੇਂ ਅਚੰਭਿਤ ਕਰਨਾ ਹੈ। ਕੀ ਇਹ ਉਹਨਾਂ ਦੇ ਦਿਮਾਗ਼ ਹਨ, ਜੋ ਅਜਿਹੀਆਂ ਵੱਡੀਆਂ-ਵੱਡੀਆਂ ਅਚਰਜ ਵਸਤਾਂ ਬਣਾਉਣ ਵਿੱਚ, ਉਹਨਾਂ ਦੀ ਸਹਾਇਤਾ ਕਰਦੇ ਹਨ, ਜੋ ਕਿ ਸਾਡੇ ਬਾਦਸ਼ਾਹ ਵਰਗੇ ਮਹਾਨ ਮਨੁੱਖਾਂ ਨੂੰ ਵੀ ਮਾਰ ਗਿਰਾਉਂਦੀਆਂ ਹਨ ? ਮੈਂ ਹੈਰਾਨ ਹਾਂ....."

ਕੁੜੀ ਉਸ ਥਾਂ 'ਤੇ ਪੁੱਜੀ, ਜਿੱਥੇ ਪੰਜ ਬੰਦੇ ਪਏ ਸਨ। "ਹੇ ਰੱਬਾ ! ਏਨਾ ਖ਼ੂਬਸੂਰਤ ਧੂੜਾ !" ਉਸ ਨੇ ਥੋੜ੍ਹਾ-ਜਿਹਾ ਧੂੜਾ ਉੱਪਰ ਵਲ ਨੂੰ ਉਛਾਲਿਆ ਅਤੇ ਉਸ ਨੂੰ ਆਪਣੇ ਚਿਹਰੇ 'ਤੇ ਥੱਪਣ ਲੱਗੀ। "ਜਦ ਲੋਕ, ਹੁਣ ਮੇਰੇ ਚਿਹਰੇ ਨੂੰ ਵੇਖਣਗੇ, ਤਾਂ ਉਹ ਕੀ ਸੋਚਣਗੇ......." ਉਹਨੇ ਆਪਣੇ-ਆਪ ਨੂੰ ਆਖਿਆ ਅਤੇ ਅੱਸੇ-ਪੱਸੇ ਮੁੜੀ। ਉਸ ਦੀਆਂ ਅੱਖਾਂ ਸਾਹਮਣੇ ਬਾਦਸ਼ਾਹ ਦਾ ਚਿਹਰਾ ਸੀ, ਜਿਸ ਉੱਤੇ ਬਹੁਤ ਸਾਰੇ, ਛੋਟੇ-ਛੋਟੇ ਕਾਲੇ ਧੱਬੇ ਪੈ ਗਏ ਸਨ, ਜੋ ਵਧ-ਫੈਲ ਰਹੇ ਸਨ ਅਤੇ ਚਿਹਰਾ ਹੁਣ ਸੁੱਜ ਕੇ, ਜਾਮਣੀ ਰੰਗ ਦਾ ਹੋ ਗਿਆ ਸੀ। ਚਾਰੇ ਦੇ ਚਾਰੇ ਸਲਾਹਕਾਰਾਂ ਦੇ ਸਰੀਰਾਂ ਉੱਤੇ ਵੀ, ਉਸ ਨੂੰ ਬਹੁਤ ਸਾਰੇ ਕਾਲੇ ਧੱਬੇ ਤੇਜ਼ੀ ਨਾਲ ਉਭੱਰਦੇ ਅਤੇ ਫੈਲਦੇ ਨਜ਼ਰ ਆਏ। ਅਤੇ ਉਫ਼ ! ਫਿਰ ਨਿੱਕੀ-ਜਿਹੀ ਕੁੜੀ ਨੂੰ, ਆਪਣੇ ਹੀ ਹੱਥ ਉੱਤੇ, ਨਿੱਕੇ-ਨਿੱਕੇ ਕਾਲੇ ਧੱਬੇ ਉੱਭਰਦੇ ਵਿਖਾਈ ਦਿੱਤੇ। ਉਸ ਦਾ ਸਰੀਰ ਕੰਬਣ ਲੱਗ ਪਿਆ ਅਤੇ ਫਿਰ ਉਸ ਲਈ ਸਾਹ ਲੈਣਾ ਔਖਾ ਹੋ ਗਿਆ। ਭੈਅ ਤੇ ਪੀੜ ਦੇ ਇੱਕ ਹਟਕੋਰੇ ਨਾਲ, ਉਹ ਉਥੇ ਹੀ ਡਿੱਗ ਪਈ।

ਕੁੜੀ ਦੀ ਮਾਂ ਤੇਜ਼ੀ ਨਾਲ ਦੌੜਦੀ ਹੋਈ ਚਬੂਤਰੇ 'ਤੇ ਆਈ, ਆਪਣੀ ਧੀ ਕੋਲ ਪੁੱਜੀ ਅਤੇ ਚਿੰਤਾ ਵਿੱਚ, ਉਸ ਦੀ ਦਿਲ-ਧੜਕਨ ਟਟੋਲਣ ਲੱਗੀ।

"ਕੁੱਝ ਨਾ........ਕੁੱਝ ਨਹੀਂ..... ਕੁੱਝ ਨਹੀਂ........ਉਸ ਦੇ ਦਿਲ ਦੀ ਆਵਾਜ਼ ਪੂਰੀ ਤਰ੍ਹਾਂ ਜਾ ਚੁੱਕੀ ਹੈ! ਮੇਰੀ ਧੀ ਦਾ ਹਿਰਦਾ ਬੰਦ ਹੋ ਗਿਐ ! ਉਫ਼, ਹਾਏ, ਮੇਰੀ ਕੁੜੀ ਨੂੰ ਕੀ ਹੋ ਗਿਐ ?!"

ਉਸ ਦੀ ਵੇਦਨਾ-ਭਰੀ ਚੀਕ, ਭੀੜ ਦੇ ਉਤੇ ਤੈਰਨ ਲੱਗੀ ਅਤੇ ਉਹਨੇ ਅਚਰਜ-ਗ੍ਰਹਿ ਦੇ ਅਚੰਭਿਤ ਲੋਕਾਂ ਦੀਆਂ ਸਾਰੀਆਂ ਭਿਣਭਿਣਾਉਂਦੀਆਂ, ਘੂੰ-ਘੂੰ ਕਰਦੀਆਂ ਆਵਾਜ਼ਾਂ ਨੂੰ ਚੁੱਪ-ਸ਼ਾਂਤ ਕਰਾ ਦਿੱਤਾ। ਕਿਧਰੇ, ਇੱਕ ਵੀ ਆਵਾਜ਼—ਇੱਕ ਵੀ ਧੁਨੀ ਨਹੀਂ ਸੀ—ਮੁਕੰਮਲ ਖ਼ਾਮੋਸ਼ੀ!

ਖ਼ਾਮੋਸ਼ੀ ਬਹੁਤਾ ਚਿਰ ਨਾ ਰਹੀ ! ਭਾਵੇਂ ਕਿ ਅਚਰਜ-ਗ੍ਰਹਿ ਦੇ ਸਾਰੇ ਹੀ ਲੋਕ, ਇੱਕ ਘੋਰ ਸਹਿਮ ਵਿਚ, ਅਥਾਹ ਅਫ਼ੜਾ-ਦਫ਼ੜੀ ਵਿੱਚ ਸਨ। ਉਹ ਚਮਕਦਾ ਹੋਇਆ ਧੂੜਾ, ਹਵਾ ਵਿੱਚ ਨੱਚਦਾ-ਟੱਪਦਾ, ਚੱਕਰ ਕੱਟਣ ਲੱਗਾ ਅਤੇ ਫਿਰ ਹਜੂਮ 'ਤੇ ਹਮਲਾ ਕਰਨ ਲੱਗ ਪਿਆ—ਹਾਂ, ਹਾਂ, ਇੰਨ-ਬਿੰਨ, ਸ਼ਹਿਦ ਦੀਆਂ ਕਰੋਧਿਤ ਮੱਖੀਆਂ ਦੇ ਝੁਰਮਟ ਵਾਂਗ—ਅਤੇ ਝੱਟ-ਪੱਟ ਹੀ, ਸੈਆਂ ਲੋਕਾਂ ਦੀਆਂ ਅੱਖਾਂ, ਕੰਨਾਂ ਅਤੇ ਮੂੰਹਾਂ ਵਿੱਚ ਪੈਣ ਲੱਗ ਪਿਆ। ਜਿਉਂ ਹੀ ਲੋਕ, ਇੱਕ ਤੋਂ-ਬਾਅਦ ਇੱਕ, ਡਿੱਗਣ ਲੱਗੇ, ਤਾਂ ਭੀੜ ਆਪਣੇ ਬਚਾਅ ਲਈ, ਖਿੰਡਣੀ ਸ਼ੁਰੂ ਹੋ ਗਈ।

"ਧਰਤੀ ਤੋਂ ਇਹ ਧੂੜਾ ਸਾਨੂੰ ਤਬਾਹ ਕਰਨ ਲਈ ਆਇਆ ਹੈ।"

ਡਰ ਵਿੱਚ ਚੀਖ਼ਾਂ-ਚਾਂਗਰਾਂ ਮਾਰਦੇ, ਅਚਰਜ-ਗ੍ਰਹਿ ਦੇ ਲੋਕ, ਦੌੜ ਕੇ ਦੂਰ ਜਾਣ ਲੱਗੇ, ਕਦੇ ਇੱਕ ਥਾਂ 'ਤੇ, ਕਦੇ ਦੂਸਰੀ ਥਾਂ 'ਤੇ, ਏਧਰ-ਓਧਰ, ਲਗਾਤਾਰ, ਕਈ-ਕਈ ਦਿਨ! ਉਹ ਮਾਰੂ ਚਿੱਟਾ ਧੂੜਾ, ਵਧਦਾ ਗਿਆ ਅਤੇ

ਤੇਜ਼ੀ ਨਾਲ ਸਾਰੀਆਂ ਦਿਸ਼ਾਵਾਂ ਵਿੱਚ ਫੈਲਦਾ ਗਿਆ, ਪੇੜ-ਪੌਦਿਆਂ, ਜਾਨਵਰਾਂ-ਪਸ਼ੂਆਂ, ਮਿੱਟੀ, ਪਾਣੀ ਅਤੇ ਉਹਨਾਂ ਸਾਰੀਆਂ ਸਜੀਵ ਚੀਜ਼ਾਂ, ਜਿਹਨਾਂ ਨਾਲ ਵੀ ਉਹ ਛੋਹਿਆ, ਨੂੰ ਨਸ਼ਟ ਕਰਦਾ ਹੋਇਆ।

ਪਹਿਲਾਂ ਪਹਿਲਾਂ ਲੋਕਾਂ ਨੇ, ਡੂੰਘੇ ਟੋਏ ਪੁੱਟ ਕੇ ਅਤੇ ਜ਼ਮੀਨ ਹੇਠ ਲੁਕ ਕੇ, ਆਪਣੇ ਆਪ ਨੂੰ ਬਚਾਉਣ ਦਾ ਯਤਨ ਕੀਤਾ, ਪਰ ਧੂੜਾ ਹਮੇਸ਼ਾ ਹੀ ਜ਼ਮੀਨ ਵਿੱਚ ਪੁੱਜਣ ਲਈ ਵੀ, ਆਪਣਾ ਰਾਹ ਬਣਾ ਲੈਂਦਾ ਰਿਹਾ। ਫਿਰ ਲੋਕਾਂ ਨੇ, ਅਸਰਜ-ਗ੍ਰਹਿ ਦੇ ਨਿੱਕੇ ਜਿਹੇ ਸਾਗਰ ਤੇ, ਬੇੜੀਆਂ ਵਿੱਚ ਸੁਰੱਖਿਆ-ਸਲਾਮਤੀ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਸਾਗਰ ਦੇ ਪਾਣੀਆਂ ਦਾ ਰੰਗ ਵੀ ਬਦਲ ਕੇ, ਅਲੌਕਿਕ ਗੂੜ੍ਹਾ ਜਾਮਣੀ ਹੋ ਗਿਆ। ਮੋਈਆਂ ਮੱਛੀਆਂ, ਚਿੱਟੇ-ਚਿੱਟੇ ਢਿੱਡ ਉਪਰ ਵਲ ਨੂੰ ਕਰੀ ਪਾਣੀ ਵਿੱਚ ਤਰਨ ਲੱਗੀਆਂ।

ਅਚਰਜ-ਗ੍ਰਹਿ ਤੇ ਬਚਾਅ ਦੀ ਕੋਈ ਥਾਂ ਬਾਕੀ ਨਾ ਬਚਣ ਕਰਕੇ, ਲੋਕਾਂ ਨੇ ਕਾਹਲੀ-ਕਾਹਲੀ, ਇੱਕ ਬਹੁਤ ਵੱਡਾ ਪਤੰਗ-ਪੁਲਾੜਯਾਨ ਬਣਾਉਣਾ ਸ਼ੁਰੂ ਕਰ ਦਿੱਤਾ, ਆਪਣੇ ਗ੍ਰਹਿ ਦੇ ਕੋਲਵਾਰ ਵਗਦੀਆਂ ਪੁਲਾੜੀ ਪੌਣਾ ਨੂੰ ਫੜਨ ਵਾਸਤੇ।

"ਸਾਨੂੰ ਇੱਕ ਪਤੰਗ-ਪੁਲਾੜਯਾਨ ਬਣਾਉਣਾ ਚਾਹੀਦੈ, ਅਸੀਂ ਪੁਲਾੜੀ ਪੌਣਾਂ ਤੇ ਸਵਾਰ ਹੋਵਾਂਗੇ ਅਤੇ ਛੇਤੀ ਹੀ ਪੁਲਾੜ ਵਿੱਚ, ਬਚ ਨਿੱਕਲਾਂਗੇ। ਸੰਭਵ ਤੌਰ ਤੇ ਸਾਡਾ ਸਫ਼ਰ ਬਹੁਤ ਲੰਮਾ ਹੋਵੇਗਾ! ਬਹੁਤ ਸਾਰੇ ਲੋਕ ਪੁਲਾੜਯਾਨ ਤੇ ਸਵਾਰ ਹੋਣਗੇ. ਇਸ ਲਈ ਸਾਨੂੰ ਹੈਰਾਨ-ਕੁਨ ਮਿਕਦਾਰ ਵਿੱਚ ਭੋਜਨ ਲਿਜਾਣ ਦੀ ਲੋੜ ਹੋਵੇਗੀ !"

ਬਿਨਾਂ ਰੁਕੇ ਦਸ ਦਿਨ ਤੇ ਦਸ ਰਾਤਾਂ, ਬੜੀ ਤੇਜ਼ੀ ਨਾਲ, ਲਗਾਤਾਰ ਕੰਮ ਕਰ ਕੇ ਅਤੇ ਬਹੁਤ ਹੱਲਾ-ਗੁੱਲਾ ਕਰ ਕੇ ਅਤੇ ਗੀਤ ਗਾ-ਗਾ ਕੇ. ਲੋਕਾਂ ਨੇ ਇੱਕ ਬਹੁਤ ਵੱਡਾ ਪਤੰਗ-ਪੁਲਾੜਯਾਨ ਬਣਾ ਲਿਆ।

ਅਚਰਜ-ਗ੍ਰਹਿ ਦੇ ਸਾਰੇ ਜੀਵਿਤ ਬਚੇ ਲੋਕ, ਉਸ ਪੁਲਾੜਯਾਨ 'ਚ ਚੜ੍ਹ ਗਏ ਅਤੇ ਉਹ ਉੱਤੇ ਅਤੇ ਦੂਰ ਜਾਣ ਲੱਗੇ। ਜਿਉਂ ਹੀ ਪਤੰਗ-ਪੁਲਾੜਯਾਨ, ਅਚਰਜ-ਗ੍ਰਹਿ ਦੇ ਉੱਤੇ ਉੱਪਰ ਨੂੰ ਹਿੱਲਣ ਤੇ ਵਲ ਖਾਣ ਲੱਗਾ, ਤਾਂ ਹੇਠਾਂ ਜ਼ਮੀਨ, ਅਖ਼ੀਰ ਡਰਾਉਣੇ ਧੂੜੇ ਨਾਲ ਪੂਰੀ ਤਰ੍ਹਾਂ ਢੱਕੀ ਗਈ ਸੀ ਅਤੇ ਉਹ ਭਿਅੰਕਰ ਕਾਲੇ ਧੱਬੇ, ਹਰ ਥਾਂ ਤੇ ਹੀ ਸਨ।

"ਅਸੀਂ ਬਚ ਗਏ ਹਾਂ! ਪਰ ਸਾਡੇ ਪਤੰਗਯਾਨ 'ਤੇ ਏਨੇ ਥੋੜ੍ਹੇ ਲੋਕ!. . . ਕੀ ਅਚਰਜ-ਗ੍ਰਹਿ ਦੇ ਲੋਕਾਂ 'ਚੋਂ ਬਸ . . ਕੁੱਲ ਏਨੇ ਕੁ ਹੀ ਬਚੇ ਹਨ?"

ਪਤੰਗ-ਪੁਲਾੜਯਾਨ 'ਤੇ, ਕੁਝ ਕੁ ਬੱਚੇ ਵੀ ਸਨ। ਵੱਡਿਆਂ ਦੀਆਂ ਉਦਾਸ-ਉਪਰਾਮ ਆਵਾਜ਼ਾਂ, ਉਹਨਾਂ ਦੇ ਕੰਨਾਂ ਵਿੱਚ ਪੈ ਰਹੀਆਂ ਸਨ ਅਤੇ ਉਹ ਅੱਖਾਂ ਅੱਡੀ, ਆਪਣੇ ਸੁਦੇਸ਼ੀ ਗ੍ਰਹਿ ਨੂੰ ਚੁੱਪ-ਚਾਪ ਹੱਥ ਹਿਲਾ-ਹਿਲਾ ਕੇ, ਅਲਵਿਦਾ ਆਖ ਰਹੇ ਸਨ, ਕਿਉਂਕਿ ਉਹ, ਉਹਨਾਂ ਦੇ ਹੇਠਾਂ, ਲੋਪ ਹੋ ਰਿਹਾ ਸੀ।

ਇਕ ਦਾਰਸ਼ਨਿਕ ਨੇ, ਲੰਮੀ ਆਹ ਭਰੀ ਅਤੇ ਫਿਰ ਸ਼ਾਂਤ-ਚਿੱਤ ਹੋ, ਆਖਣ ਲੱਗਾ। "ਮੇਰੇ ਪਿਆਰੇ ਬੱਚਿਓ, ਸ਼ਾਇਦ ਅਸੀਂ ਆਪਣੇ ਅਚਰਜ-ਗ੍ਰਹਿ ਨੂੰ, ਮੁੜ ਕਦੇ ਵੀ ਨਹੀਂ ਵੇਖ ਸਕਾਂਗੇ। ਕਿਸੇ ਨੂੰ ਕੋਈ ਇਲਮ ਨਹੀਂ ਕਿ ਉਹ ਚਾਂਦੀ-ਰੰਗੀ ਚੀਜ਼ ਸਾਡੇ ਗ੍ਰਹਿ 'ਤੇ ਕਿਉਂ ਆਈ। ਸਾਨੂੰ, ਉਸ ਚੀਜ਼ ਨੂੰ ਖੋਲ੍ਹਣ ਦਾ ਯਤਨ ਕਰਨ ਤੋਂ ਪਹਿਲਾਂ, ਉਸ ਦੀ ਸਾਵਧਾਨੀ ਨਾਲ ਪਰਖ-ਪੜਤਾਲ ਤੇ ਤਫ਼ਤੀਸ਼ ਕਰ ਲੈਣੀ ਚਾਹੀਦੀ ਸੀ। ਹੁਣ ਅਸੀਂ ਵੇਖ ਲਿਆ ਹੈ ਕਿ ਅਸੀਂ ਇਸ ਬ੍ਰਹਿਮੰਡ ਵਿਚਲੀਆਂ ਚੀਜ਼ਾਂ ਬਾਰੇ, ਮਹਿਜ਼ ਉਹਨਾਂ ਨੂੰ ਤੋੜ-ਖੋਲ੍ਹ ਕੇ ਹੀ, ਚੰਗੀ ਤਰ੍ਹਾਂ ਨਹੀਂ ਜਾਣ ਸਕਦੇ !"

ਇੱਕ ਜਵਾਨ ਮੁੰਡਾ ਬੋਲ ਉੱਠਿਆ, "ਹੁਣ ਅਸੀਂ ਏਥੋਂ, ਵਿਸ਼ਾਲ ਬਾਹਰਲੇ ਪੁਲਾੜ ਵਿੱਚ ਜਾ ਕਿੱਥੇ ਰਹੇ ਹਾਂ?! ਸਾਨੂੰ ਪਤਾ ਹੈ ਕਿ ਅਸੀਂ ਮੁੜ ਅਚਰਜ-ਗ੍ਰਹਿ 'ਤੇ ਨਹੀਂ ਰਹਿ ਸਕਾਂਗੇ, ਪਰ ਉਹ ਜ਼ਹਿਰੀਲਾ ਧੂੜਾ ਤਾਂ ਹੌਲੀ-ਹੌਲੀ ਪੁਲਾੜ ਵਿੱਚ ਵੀ ਪਸਰ ਰਿਹਾ ਹੈ। ਉਫ਼, ਉਹ ਚਾਂਦੀ-ਵੰਨੀ ਚੀਜ਼ ਆਈ ਕਿੱਥੋਂ?"

"ਧਰਤੀ ਤੋਂ ?" ਇੱਕ ਵਿਗਿਆਨੀ ਨੇ ਆਖਿਆ। "ਨਹੀਂ, ਕਿਸੇ ਹੋਰ ਗ੍ਰਹਿ ਤੋਂ। ਨਹੀਂ, ਉਸ ਦੀ ਗਤੀ ਅਤੇ ਦਿਸ਼ਾ

ਦਾ ਖ਼ਿਆਲ ਕਰਦਿਆਂ ਤਾਂ ਉਹ ਧਰਤੀ ਤੋਂ ਹੀ ਆਈ ਹੋਵੇਗੀ। ਪਰ ਨਹੀਂ, ਧਰਤੀ ਦੇ ਲੋਕ ਅਜਿਹੀ ਭਿਆਨਕ ਚੀਜ਼ ਨਹੀਂ ਸੀ ਬਣ ਸਕਦੇ। ਕੋਈ ਵੀ ਮਨੁੱਖੀ ਜੀਵ ਬਿਰਧ ਹੋਏ ਬਗ਼ੈਰ ਹਮੇਸ਼ਾ ਨਹੀਂ ਰਹਿ ਸਕਦਾ, ਜਿਵੇਂ ਕਿ ਅਸੀਂ ਰਹਿ ਸਕਦੇ ਹਾਂ। ਉਹ ਉਸ ਤਰ੍ਹਾਂ ਦੀ ਕੋਈ ਚੀਜ਼ ਕਿਉਂ ਬਣਾਉਂਦੇ, ਜੇਕਰ ਉਹਨਾਂ ਸਭਨਾਂ ਨੇ, ਆਪਣੀ ਜ਼ਿੰਦਗੀ ਦੇ ਅੰਤ 'ਤੇ ਕਿਵੇਂ-ਨਾ-ਕਿਵੇਂ ਮਰਨਾ ਹੀ ਹੈ? ਅਤੇ ਅਚਰਜ-ਗ੍ਰਹਿ ਤੇ ਪੁਰਾਤਨ ਗਾਥਾ ਤਾਂ ਸ਼ੁਰੂ ਹੀ ਇਉਂ ਹੁੰਦੀ ਹੈ "ਇੱਕ ਨਿੱਘੇ ਚਮਕੀਲੇ ਸੂਰਜ ਹੇਠ ਤਰੋ-ਤਾਜ਼ਾ ਤੇ ਹਰੇ-ਭਰੇ ਟਹਿਕਣਾ-ਚਹਿਕਣਾ........" ਉਥੇ ਭਲਾ ਕੋਈ ਅਸੰਤੁਸ਼ਟ ਕਿਵੇਂ ਹੋ ਸਕਦਾ ਸੀ?"

ਸੂਝਵਾਨ ਮਨੁੱਖ ਨੇ ਹੌਲੀ ਤਾਈਂ ਉੱਤਰ ਦਿੱਤਾ, "ਧਰਤੀ ਦੇ ਲੋਕਾਂ ਬਾਰੇ ਇਹੀ ਤਾਂ ਏਨੀ ਹੈਰਾਨੀ-ਜਨਕ ਗੱਲ ਹੈ। ਹੁਣ, ਉਸ ਰੱਕਿਟ ਦੇ ਇੱਕ ਪਾਸੇ 'ਤੇ ਰੰਗ ਨਾਲ ਲਿਖੇ ਸ਼ਬਦ, ਯਕੀਨੀ ਤੌਰ 'ਤੇ ਧਰਤੀ ਦੀ ਭਾਸ਼ਾ ਦੇ ਸ਼ਬਦ ਹਨ। ਕੋਈ ਚੀਜ਼ ਮੈਨੂੰ ਦੱਸਦੀ ਹੈ ਕਿ ਜੋ ਕੁੱਝ ਲਿਖਿਆ ਹੋਇਆ ਸੀ, ਉਹ ਇਕ ਤਾੜਨਾ ਸੀ ਕਿ ਜੇਕਰ ਅੰਦੇਰਲਾ ਖ਼ਤਰਨਾਕ ਧੂੜਾ ਛੱਡਿਆ ਗਿਆ ਤਾਂ ਧਰਤੀ ਦੇ ਲੋਕਾਂ ਨੂੰ, ਉਸ ਨਾਲ ਹੋਣ ਵਾਲੇ ਨੁਕਸਾਨ ਨੂੰ, ਠੀਕ ਕਰਨ ਦੀ ਕੋਈ ਜਾਚ ਨਹੀਂ ਆਉਂਦੀ।"

ਪਲ ਭਰ ਲਈ ਸਾਹੇ ਚੁੱਪ ਹੋ ਗਏ। ਫਿਰ ਗਿਆਨਵਾਨ ਮਨੁੱਖ ਤੇਜ਼-ਤਿੱਖੀ ਆਵਾਜ਼ ਵਿੱਚ ਆਖਣ ਲੱਗਾ।

"ਸਾਨੂੰ ਮਨੁੱਖੀ ਜੀਵਾਂ 'ਚ ਉਸ ਤੋਂ ਵਧੇਰੇ ਵਿਸ਼ਵਾਸ ਕਰਨਾ ਚਾਹੀਦੈ। ਜੇ ਬ੍ਰਹਿਮੰਡ ਵਿੱਚ, ਸਾਰਿਆਂ ਵਿਚ ਵਿਸ਼ਵਾਸ ਨਹੀਂ ਹੋਵੇਗਾ, ਤਾਂ ਅਨਗਿਣਤ ਤਾਰੇ ਅਤੇ ਗ੍ਰਹਿ ਅਤੇ ਜੀਵਿਤ ਪ੍ਰਾਣੀ, ਕਿਵੇਂ ਕਾਇਮ ਰਹਿ ਸਕਦੇ ਹਨ ? ਇਸ ਤੋਂ ਪਹਿਲਾਂ ਕਿਸੇ ਨੇ ਵੀ ਇਹ ਨਹੀਂ ਆਖਿਆ, ਪਰ ਮੈਂ ਇਸ ਹੈਰਾਨ-ਕੁਨ ਗੱਲ ਦਾ ਪਤਾ ਲਾ ਲਿਆ ਹੈ ਕਿ ਖ਼ੁਦ ਬ੍ਰਹਿਮੰਡ ਦਾ ਜਨਮ ਵੀ, ਇੱਕ ਕੋਸ਼ਿਕਾ ਅਤੇ ਦੂਸਰੀ ਕੋਸ਼ਿਕਾ ਵਿਚਕਾਰ ਵਿਸ਼ਵਾਸ 'ਚੋਂ ਹੋਇਆ ਹੈ।"

"ਕਿੰਨੀ ਵੱਡੀ ਬੇਹੂਦਗੀ ਹੈ।" ਇੱਕ ਛੋਟੇ ਜਿਹੇ ਮੁੰਡੇ ਨੇ ਉੱਚੀ ਆਵਾਜ਼ ਵਿੱਚ ਆਖਿਆ ! ਆਪਣੇ ਮੁੜ੍ਹਕੋ-ਮੁੜ੍ਹਕੀ ਹੋਏ ਸਰੀਰ ਤੋਂ ਜੈਕਿਟ ਨੂੰ ਪਾੜਦਿਆਂ, ਲੀਰੋ-ਲੀਰ ਕਰਦਿਆਂ ਅਤੇ ਲਾਹ ਕੇ ਥੱਲੇ ਸੁੱਟਦਿਆਂ, ਉਹਨੇ ਲਿਸ਼ਕਦੀ ਹੋਈ ਆਕਾਸ਼-ਗੰਗਾ ਵਿਚਲੀ, ਇੱਕ ਗੋਲ ਬਾਰੀ ਵਲ ਇਸ਼ਾਰਾ ਕੀਤਾ।" ਖ਼ੈਰ ਆਉ, ਉਹਨਾਂ ਮਨੁੱਖਾਂ ਬਾਰੇ ਪਤਾ ਕਰੀਏ ਅਤੇ ਮਲੂਮ ਕਰੀਏ ਕਿ ਬ੍ਰਹਿਮੰਡ ਵਿਚ ਕੀ ਹੋ ਰਿਹੈ।"

ਇਸ ਉੱਤੇ ਪਤੰਗ-ਯਾਨ ਦੇ ਅੰਦਰ, ਅਜਿਹਾ ਰੌਲਾ-ਗੋਲਾ ਉੱਠ ਖੜਾ ਹੋਇਆ।

*"ਪਤਾ ਕਰੋ, ਧਰਤ-ਵਾਸੀਆਂ ਬਾਰੇ,*
*ਪਤਾ ਕਰੋ, ਧਰਤ-ਵਾਸੀਆਂ ਬਾਰੇ।*
*ਧਰਤੀ ਦੇ ਲੋਕ ਨੇ, ਬ੍ਰਹਿਮੰਡ ਦਾ,*
*ਵੱਡਾ ਇੱਕ ਸਰਮਾਇਆ,*
*ਭੇਦ ਇੱਕ ਬਹੁਮੁੱਲਾ,*
*'ਅਚਰਜ' ਹੈ, ਇਹ ਰਤਨ ਅਸਾਡਾ,*
*ਸਾਡੇ ਸੁੱਖ ਦਾ ਰਾਜ਼।"*

ਜਦੋਂ ਉਹ ਸਾਰੇ ਰਲ ਕੇ, ਉੱਚੀ-ਉੱਚੀ ਗਾ ਰਹੇ ਸਨ, ਤਾਂ ਪਤੰਗ-ਯਾਨ ਮੁੜਿਆ ਅਤੇ ਪ੍ਰਿਥਵੀ-ਗ੍ਰਹਿ ਲਈ, ਇੱਕ ਪੱਥ ਵਿੱਚ ਸਥਿੱਤ ਹੋ ਗਿਆ। ਹੈਰਾਨ-ਕੁਨ ਰਫ਼ਤਾਰ 'ਤੇ, ਉਹ ਉੱਪਰ ਨੂੰ ਉੱਡਣ ਲੱਗਾ।

ਅਚਾਨਕ—–

"ਅਹੁ ਕੀ ਹੈ?! ਕੀ ਹੈ ਅਹੁ—?"

ਪੁਲਾੜ ਵਿੱਚ, ਬਹੁਤ ਸਾਰੇ ਅਜੀਬ-ਅਜੀਬ ਪੁਲਾੜ-ਯਾਨ, ਇੱਕ-ਦੂਸਰੇ ਦੇ ਨੇੜੇ-ਨੇੜੇ ਤਰਨ ਲੱਗੇ। ਅਤੇ ਫਿਰ, ਜੀਊਂਦੇ ਜੀਵਾਂ ਵਾਂਗ, ਉਹਨਾਂ ਇੱਕ-ਦੂਸਰੇ ਨੂੰ ਮਾਰਨ ਲਈ, ਇੱਕ ਦੂਸਰੇ 'ਤੇ ਝਪਟਣ ਤੇ ਖਹੁ-ਖਿੰਝ ਕਰਨ ਲਈ ਧਾਤ ਦੀਆਂ ਭੁਜਾਵਾਂ ਫੈਲਾ ਲਈਆਂ।

"ਕੀ ਉਹ ਰੀਮੋਟ-ਕੰਟਰੋਲ ਵਾਲੇ ਜੰਗੀ ਪੁਲਾੜ-ਯਾਨ ਹਨ, ਜਿਹਨਾਂ ਬਾਰੇ ਅਸੀਂ ਸੁਣਿਆ ਹੋਇਆ ਸੀ?" ਸੂਝਵਾਨ ਮਨੁੱਖ ਨੇ ਆਖਿਆ, "ਉਹਨਾਂ ਵਿੱਚ ਕੋਈ ਸਵਾਰ ਨਹੀਂ ਹੁੰਦਾ, ਪਰ 'ਕੰਪਿਊਟਰ' ਨਾਂ ਦੀਆਂ ਮਸ਼ੀਨਾਂ ਅੰਦਰ ਹੁੰਦੀਆਂ ਹਨ। ਇਹ ਮਸ਼ੀਨਾਂ ਦੀ ਲੜਾਈ ਹੈ। ਪ੍ਰਸਿੱਧ ਚੰਗੇ ਮਨੁੱਖੀ ਦਿਮਾਗ਼ਾਂ ਵਿਚੋਂ ਕੋਈ ਉਹਨਾਂ ਵਿੱਚ ਨਹੀਂ ਹੁੰਦਾ।"

ਫਿਰ ਉਤੇਜਿਤ ਬੱਚੇ ਚਾਂਗ੍ਰਾਂ ਮਾਰਨ ਲੱਗੇ, "ਆਹਾ, ਅਹੁ ਰਹੀ ਧਰਤੀ! ਉਸ ਹਰੀ-ਭਰੀ-ਟਹਿਕ ਵਲ ਵੇਖੋ!"

ਪਰ ਉਹ ਸੀ ਕੀ ? ! ਜਿਉਂ ਹੀ ਪਤੰਗ-ਪੁਲਾੜਯਾਨ ਧਰਤੀ ਦੇ ਨੇੜੇ ਹੋਇਆ ਤਾਂ ਉਹਨਾਂ ਰੱਕਿਟ ਅਤੇ ਵੱਡੇ-ਵੱਡੇ ਕਾਰਖ਼ਾਨਿਆਂ 'ਚੋਂ, ਕੰਪਿਊਟਰਾਂ ਦੇ ਟੁੱਟੇ-ਭੱਜੇ ਟੁਕੜੇ, ਉੱਪਰ ਵਲ ਨੂੰ ਉੱਠਦੇ ਅਤੇ ਤੇਜ਼ੀ ਨਾਲ ਉੱਪਰ ਪੁਲਾੜ ਵਿੱਚ ਪੁੱਜਦੇ ਵੇਖੇ।

"ਹਰ ਕੋਈ, ਉਹ ਸਭ ਧਰਤੀ ਤੋਂ ਆ ਰਹੇ ਹਨ? ਕਿਉਂ, ਕਿਸ ਲਈ?।" ਬੱਚੇ ਚਿੱਲਾ ਉੱਠੇ।

"ਤੱਕੋ ਅਤੇ ਧਰਤੀ ਦੀ ਹਾਲਤ ਵੇਖੋ। ਪ੍ਰਿਥਵੀ-ਗ੍ਰਹਿ ਦੇ ਸਾਰੇ ਪਰਬਤ, ਦਰਿਆ ਅਤੇ ਸਾਗਰ ਕੂੜੇ-ਕਚਰੇ ਨਾਲ ਅਤੇ ਏਨੇ ਜ਼ਿਆਦਾ ਵਿਕਿਰਣ ਨਾਲ, ਏਨੇ ਮੈਲੇ-ਗੰਧਲੇ ਹੋ ਰਹੇ ਹਨ, ਕਿ ਧਰਤ-ਵਾਸੀਆਂ ਵਾਸਤੇ ਉਡ ਕੇ, ਪੁਲਾੜ ਵਿੱਚ ਜਾਣ ਤੋਂ ਛੁੱਟ ਕੋਈ ਚਾਰਾ ਨਹੀਂ।"

ਐਨ ਉਸੇ ਵੇਲੇ ਹੀ, ਸ਼ੀਸ਼ੇ ਦਾ ਬਣਿਆ ਇੱਕ ਵੱਡਾ ਸਾਰਾ ਰੱਕਿਟ ਪਤੰਗ-ਯਾਨ ਦੇ ਕੋਲੋਂ ਦੀ, ਤੇਜ਼ੀ ਨਾਲ ਲੰਘਿਆ।

"ਉਸ ਵਲ ਵੇਖੋ!" ਅਚਰਜ ਤੋਂ ਇੱਕ ਪਨਸਾਰੀ, ਉੱਚੀ ਆਵਾਜ਼ ਵਿੱਚ ਚਿੱਲਾਇਆ। "ਰੱਕਿਟ ਦੇ ਸਾਰੇ ਮੁਸਾਫ਼ਿਰ ਬਿਰਧ ਲੋਕ ਹਨ। ਹਾਂ, ਉਹ ਆਪਣੇ ਬਿਰਧ ਲੋਕਾਂ ਨੂੰ, ਬਾਹਰ ਸੁੱਟ ਰਹੇ ਹਨ। ਉਥੇ ਧਰਤੀ ਉੱਤੇ ਕੀ ਹੋ ਗਿਐ ? !"

ਸੂਝ ਵਾਲੇ ਮਨੁੱਖ ਦੀ ਆਵਾਜ਼ ਉਦਾਸੀ ਨਾਲ ਭਾਰੀ ਜਾਪ ਰਹੀ ਸੀ।

"ਇਹ ਪ੍ਰਿਥਵੀ-ਗ੍ਰਹਿ ਨਹੀਂ, ਕਿਉਂਕਿ ਕੋਈ ਗ੍ਰਹਿ, ਅਜਿਹੀਆਂ ਚੀਜ਼ਾਂ ਨਹੀਂ ਕਰ ਸਕਦਾ। ਇਹ ਧਰਤ-ਵਾਸੀ ਹਨ। ਮਨੁੱਖੀ ਜੀਵ! ਉਹਨਾਂ ਉਹ ਚੀਜ਼ਾਂ, ਆਪਣੇ ਹੱਥਾਂ ਨਾਲ ਬਣਾਈਆਂ ਹਨ। ਉਹ! ਮੈਨੂੰ ਇਹ ਮੰਨਣਾ ਪੈ ਰਿਹਾ ਹੈ ਕਿ ਮੈਂ ਉਹਨਾਂ ਮਨੁੱਖੀ ਜੀਵਾਂ ਬਾਰੇ ਗ਼ਲਤ ਸਾਂ।"

ਏਨੇ ਸਾਰੇ ਰੱਕਿਟਾਂ ਅਤੇ ਕੰਪਿਊਟਰਾਂ ਦੇ ਟੋਟਿਆਂ ਨੂੰ, ਆਪਣੇ ਸਾਹਮਣੇ ਉਡਦਿਆਂ ਵੇਖ, ਅਚਰਜ-ਗ੍ਰਹਿ ਤੋਂ ਆਏ ਪਤੰਗ-ਪੁਲਾੜਯਾਨ ਵਿਚਲੇ ਲੋਕਾਂ ਨੇ ਹੁਣ ਧਰਤੀ ਦੇ ਲੋਕਾਂ ਦੀ ਦੁਨੀਆ 'ਤੇ, ਵੱਖਰੀਆਂ ਅੱਖਾਂ ਥਾਣੀਂ ਝਾਤ ਪਾਈ। ਐਨ ਹੇਠਾਂ, ਵਧੇਰੇ ਹੀ ਵਧੇਰੇ ਰੱਕਿਟ ਤੇਜ਼ੀ ਨਾਲ ਉੱਪਰ ਵਲ ਨੂੰ ਉਡ ਰਹੇ ਸਨ ਅਤੇ ਉਹ ਲੋਕ ਇੱਕ ਸੰਕੇਤ ਤੱਕ ਰਹੇ ਸਨ, "ਖ਼ਤਰਨਾਕ ਵਿਕਿਰਣਸ਼ੀਲ ਕੂੜਾ-ਕਚਰਾ ਨਿਪਟਾਰਾ," ਜਿੱਥੇ ਏਨੇ ਜ਼ਿਆਦਾ ਰੱਕਿਟ ਬਣਾਏ ਜਾ ਰਹੇ ਸਨ— ਉਸ ਰੱਕਿਟ ਵਰਗੇ ਰੱਕਿਟ, ਜਿਹੜਾ ਉਹਨਾਂ ਦੇ ਗ੍ਰਹਿ 'ਤੇ ਆਇਆ ਸੀ—ਅਤੇ ਕਾਰਖ਼ਾਨੇ ਦੇ ਬਾਹਰਵਾਰ, ਰੱਕਿਟ, ਇੱਕ ਦੂਸਰੇ ਦੇ ਉੱਤੇ-'ਤੇ-ਉੱਤੇ ਪਹਾੜ ਵਾਂਗ ਰੱਖੇ ਹੋਏ ਸਨ। ਉਹਨਾਂ ਇੱਕ ਸਾਫ਼ ਨਾਲੀ ਵੀ ਵੇਖੀ, ਜਿਸ ਦੇ ਵਿਚੋਂ ਦੀ ਵਹਿ ਕੇ, ਚਿੱਟਾ ਧੂੜਾ ਰੱਕਿਟਾਂ ਦੇ ਅੰਦਰ ਜਾ ਰਿਹਾ ਸੀ।

"ਉਹ ਹਨ, ਧਰਤ-ਵਾਸੀ! ਇਹ ਮਨੁੱਖੀ ਹੱਥ ਹਨ, ਜੋ ਉਥੇ ਏਨੀ ਮਸਰੂਫ਼ੀਅਤ ਨਾਲ, ਏਨੀ ਰੁੱਝ ਨਾਲ ਕੰਮ ਕਰਦੇ ਹਨ। ਅਤੇ ਉਥੇ ਇਹ ਸਾਰਾ ਰੌਲਾ, ਇਹ, ਮਨੁੱਖੀ ਬੋਲਾਂ ਤੋਂ ਪੈਦਾ ਹੋਈ ਮਨੁੱਖੀ ਸ਼ਬਦਾਂ ਦੀ ਆਵਾਜ਼ ਹੈ।" ਸੂਝ ਵਾਲਾ ਮਨੁੱਖ ਕੰਬਿਆ ਅਤੇ ਫਿਰ ਉੱਚੀ ਆਵਾਜ਼ ਵਿੱਚ ਬੋਲਿਆ।


"ਸਾਡਾ ਅਚਰਜ-ਗ੍ਰਹਿ, ਮਨੁੱਖਾਂ ਵਲੋਂ ਰਚਾਈ ਗਈ ਸੱਭਿਅਤਾ ਦੀ ਮੂਰਖ-ਖੇਡ ਵਿਚ ਫਸ ਗਿਆ ਜਾਪਦਾ ਹੈ। ਉਫ਼! ਇਸ ਸੱਭ ਕੁੱਝ ਦਾ ਕੀ ਅਰਥ ਹੈ? ਉਹ ਚੀਜ਼, ਜੋ ਸਾਡੇ ਗ੍ਰਹਿ 'ਤੇ ਆਈ ਸੀ, ਇੱਕ ਤੋਹਫ਼ਾ ਨਹੀਂ ਸੀ। ਜੋ ਕੁੱਝ ਉਥੇ ਸਾਡੇ ਪਾਸ ਆਇਆ ਸੀ, ਉਹ ਮੌਤ ਦੀ ਰਾਖ ਸੀ, ਉਹ ਧੂੜਾ, ਜੋ ਸਾਰੀਆਂ ਸਜੀਵ ਚੀਜ਼ਾਂ ਨੂੰ ਮਾਰ ਮੁਕਾਉਂਦਾ ਹੈ। ਜੇਕਰ ਧਰਤੀ 'ਤੇ ਕੋਈ ਅਜਿਹੀ ਥਾਂ ਬਾਕੀ ਨਹੀਂ ਸੀ ਬਚੀ, ਜਿੱਥੇ ਕਿ ਉਹ ਰਾਖ ਸੁੱਟੀ ਜਾ ਸਕਦੀ, ਤਾਂ ਵੀ ਉਹ ਕਿਉਂ......"

"ਸਾਨੂੰ ਉਹਨਾਂ ਤੋਂ ਦੂਰ ਰਹਿਣਾ ਚਾਹੀਦੈ, ਪੁਲਾੜ ਦੇ ਉਸ ਮਹਾਂ ਸਾਗਰ ਦੇ ਪਾਰ। ਮਨੁੱਖੀ ਜੀਵਾਂ ਤੋਂ, ਉਹਨਾਂ ਸਾਰੀਆਂ ਚੀਜ਼ਾਂ ਤੋਂ, ਜੋ ਉਹਨਾਂ ਦੇ ਹੱਥ ਬਣਾਉਂਦੇ ਹਨ, ਆਪਣੇ-ਆਪ ਨੂੰ ਦੂਰ ਰੱਖੋ।"

"ਪਤੰਗ-ਪੁਲਾੜਯਾਨ, ਆਕਾਸ਼-ਗੰਗਾ ਤੋਂ ਬਾਹਰ, ਵਾਪਸ ਉੱਡਣ ਲਈ, ਆਪਣੇ ਪੰਧ 'ਤੇ ਪੈ ਗਿਆ। ਜਿਉਂ ਹੀ ਉਹ ਤੇਜ਼ੀ ਨਾਲ ਧਰਤੀ ਤੋਂ ਦੂਰ ਹੋਣ ਲੱਗੇ—

"ਸ਼ਾਨਦਾਰ ਧਰਤ-ਕਥਾ ਦੇ ਅੰਤਿਮ ਦਿਨ 'ਤੇ ਇੱਕ ਝਾਤ ਪਾ ਲਉ। ਉਹਨਾਂ ਦੇ ਨੀਲੇ ਅਸਮਾਨ ਹੇਠ ਉਹ ਚਮਕਦਾਰ ਲਿਸ਼ਕਾਰਾ ਅਤੇ ਉਹ ਅਜੀਬ ਬੱਦਲ —ਨਿਸ਼ਚੇ ਹੀ ਇਹ, ਉਹ ਬਿਜਲੀ ਅਤੇ ਬੱਦਲ ਨਹੀਂ, ਜੋ ਪ੍ਰਕਿਰਤੀ ਬਣਾਉਂਦੀ ਹੈ।"

ਹਰ ਕੋਈ ਵੱਡੀ ਸਾਰੀ ਦੂਰਬੀਨ ਪਾਸ ਭੱਜਾ-ਭੱਜਾ ਆਇਆ ਅਤੇ ਉਹ ਨਿੱਕੀ-ਜਿਹੀ ਬੱਦਲੀ, ਇੱਕ ਬਹੁਤ ਵੱਡੀ ਖੁੰਮ ਦੀ ਸ਼ਕਲ ਦੀ ਬਣ ਗਈ ਅਤੇ ਫਿਰ ਕਿੰਨੇ ਹੀ ਹੋਰ ਖੁੰਮ-ਬੱਦਲ ਦਿੱਸਣ ਲੱਗ ਪਏ।



ਇੱਕ ਛੋਟੇ-ਜਿਹੇ ਛਿਣ ਵਿੱਚ ਹਰੀ-ਭਰੀ ਧਰਤੀ ਭੂਰੀ ਹੋ ਗਈ ਸੀ ਅਤੇ ਫਿਰ ਛੇਤੀ ਹੀ ਪਿੱਛੋਂ, ਗੂੜ੍ਹੇ ਲਾਲ-ਲਾਲ ਲਾਂਬੂਆਂ ਦੀ ਲਪੇਟ ਵਿਚ ਆ ਗਈ।

ਜਿਸ ਵੇਲੇ ਤੱਕ ਪਤੰਗ-ਪੁਲਾੜਯਾਨ ਧਰਤੀ ਤੋਂ ਬਹੁਤ ਦੂਰ ਗਿਆ, ਉਸ ਅਭਾਗੇ ਗ੍ਰਹਿ ਦਾ ਰੰਗ, ਲਾਲ ਤੋਂ ਬਦਲ ਕੇ, ਬੈਂਗਣੀ ਹੋ ਗਿਆ ਸੀ। ਫਿਰ ਬਹੁਤ ਵਕਤ ਬੀਤਣ ਤੋਂ ਪਹਿਲਾਂ ਹੀ ਕਾਲਾ ਹੋ ਗਿਆ ਅਤੇ ਫਿਰ ਅਖ਼ੀਰ ਪੁਲਾੜ ਦੇ ਸੁੰਨੇ ਹਨੇਰੇ ਨੇ ਉਸ ਨੂੰ ਨਿਗਲ ਲਿਆ।

"ਧਰਤੀ ਦੇ ਲੋਕੋ, ਅਲਵਿਦਾ। ਬ੍ਰਹਿਮੰਡ ਵਿਚ ਕੋਈ ਵੀ ਚੀਜ਼ ਏਨੀ ਹੈਰਾਨ-ਕੁਨ ਨਹੀਂ, ਜਿੰਨੇ ਕਿ ਤੁਸੀਂ ਸਿਗੇ। ਪੁਲਾੜ ਦੀ ਕੋਈ ਸੀਮਾ ਨਹੀਂ, ਪਰ ਇੰਜ ਜਾਪਦਾ ਹੈ, ਜਿਵੇਂ ਕਿ ਧਰਤ-ਵਾਸੀਆਂ ਦਾ ਸੰਸਾਰ ਆਪਣੇ ਅੰਤ 'ਤੇ ਪੁੱਜ ਚੁੱਕਾ ਹੋਵੇ। ਧਰਤੀ ਦੇ ਲੋਕਾਂ ਦੀ ਸੱਭਿਅਤਾ ਬਹੁਤ ਹੀ ਛੇਤੀ ਵਿਕਸਿਤ ਤੇ ਪਰਿਵਰਤਿਤ ਹੋਈ ਹੈ ਅਤੇ ਸਾਡੇ ਵਿੱਚੋਂ, ਬ੍ਰਹਿਮੰਡ ਵਿਚਲੇ ਬਹੁਤ ਸਾਰੇ ਲੋਕ, ਇਸ ਵਿੱਚ, ਆਸਾਂ-ਉਮੀਦਾਂ ਗੁਆ ਬੈਠੇ ਹਨ। ਵਾਧੇ ਅਤੇ ਵਿਕਾਸ ਦੇ ਹਜ਼ਾਰਾਂ ਵਰ੍ਹਿਆਂ ਬਾਅਦ, ਇੱਕ ਅਜਿਹੀ ਸੱਭਿਅਤਾ ਦੀ ਸਿਰਜਣਾ, ਜਿਸ ਨੇ ਆਪਣੇ ਸਿਰਜਕਾਂ ਨੂੰ ਹੀ ਤਬਾਹ ਕਰ ਦਿੱਤਾ ਹੈ..... ਇਸ ਲਈ ਉਹ ਸਾਰੀ ਤਰੱਕੀ ਮਹਿਜ਼ ਇੱਕ ਬਹੁਤ ਵੱਡੀ ਬਰਬਾਦੀ, ਪੂਰਨ ਤੌਰ 'ਤੇ ਇੱਕ ਨਕਲੀ ਪ੍ਰਾਪਤੀ ਹੀ ਨਿਕਲੀ ਹੈ। ਉਹ, ਮਨੁੱਖੀ ਪ੍ਰਾਣੀਓ! ਤੁਸੀਂ ਖ਼ੁਦ ਆਪਣੇ ਹੱਥਾਂ ਨਾਲ ਬਣਾਈਆਂ ਚੀਜ਼ਾਂ ਨਾਲੋਂ ਵੀ ਵਧੇਰੇ ਹੈਰਾਨੀ-ਜਨਕ ਸਿਗੇ, ਸਭ ਤੋਂ ਵੱਧ ਅਚੰਭਾਕਾਰੀ!"

ਸੂਝ ਵਾਲਾ ਮਨੁੱਖ, ਆਪਣੇ ਸਾਰੇ ਲੋਕਾਂ ਨੂੰ ਵੇਖਣ ਵਾਸਤੇ ਮੁੜਿਆ ਅਤੇ ਹੌਲੀ ਤਾਈਂ ਆਖਣ ਲੱਗਾ, "ਇਸ ਵਸੀਹ-ਵਿਸ਼ਾਲ ਬ੍ਰਹਿਮੰਡ ਵਿੱਚ, ਕਿਤੇ-ਨਾ-ਕਿਤੇ ਕਿਸੇ ਅਜਿਹੀ ਥਾਂ 'ਤੇ ਜਿਸ ਬਾਰੇ ਅਸੀਂ ਨਹੀਂ ਜਾਣਦੇ, ਕੋਈ ਅਜਿਹਾ ਗ੍ਰਹਿ ਜ਼ਰੂਰ ਹੋਵੇਗਾ, ਜਿੱਥੇ ਕਿ ਸਿਰਫ਼ ਸੱਚੇ ਸ਼ਬਦ ਹੀ ਬੋਲੇ ਜਾਂਦੇ ਹਨ ਅਤੇ ਸਾਰੀਆਂ ਚੀਜ਼ਾ ਸੁਬਕ ਤੇ ਕੁਸ਼ਲਤਾਪੂਰਨ ਹੱਥਾਂ ਨਾਲ ਹੀ ਬਣਾਈਆਂ ਜਾਂਦੀਆਂ ਹਨ। ਉਮੀਦ ਰੱਖੋ। ਖ਼ੁਦ ਉਮੀਦ ਹੀ, ਜਾਨਦਾਰ ਚੀਜ਼ਾਂ ਲਈ; ਸਭ ਤੋਂ ਮਹੱਤਵਪੂਰਨ ਸ਼ਬਦ ਹੈ। ਜੇ ਤੁਹਾਨੂੰ ਉਮੀਦ ਨਜ਼ਰ ਨਾ ਆਵੇ, ਤਾਂ ਇਹ ਤੁਹਾਡੇ ਉੱਤੇ ਹੈ ਕਿ ਤੁਸੀਂ ਖ਼ੁਦ, ਉਮੀਦ ਦੀ ਸਿਰਜਣਾ ਕਰਨ ਵਿਚ ਜੁਟ ਜਾਵੋ। ਉਮੀਦ ਸਾਡੇ ਵਾਸਤੇ, ਅਚਰਜ ਨਾਲੋਂ ਵੀ ਵਧੇਰੇ ਅਹਿਮ ਹੈ।

ਅਚਰਜ-ਗ੍ਰਹਿ ਤੋਂ ਲੋਕ, ਨਵੇਂ ਗ੍ਰਹਿ ਦੀ ਤਲਾਸ਼ ਕਰਦੇ, ਉਡਦੇ ਗਏ, ਅੱਗੇ-ਤੋਂ-ਅੱਗੇ ਉਡਦੇ ਗਏ। ਕੋਈ ਵੀ ਇਹ ਜਾਣਦਾ ਨਹੀਂ ਜਾਪਦਾ ਕਿ ਉਹ ਹੁਣ ਪੁਲਾੜ ਦੇ ਕਿਸ ਹਿੱਸੇ ਵਿੱਚ ਉਡ ਰਹੇ ਹੋਣਗੇ ਜਾਂ ਕਿ ਫਿਰ ਉਹ ਕਿਧਰੇ ਉੱਤਰ ਗਏ ਹੋਣਗੇ।

ਪੁਲਾੜ ਦੇ ਚੁੱਪ-ਚਾਪ, ਘੁੱਪ-ਘੋਰ ਹਨੇਰੇ ਵਿੱਚ, ਅਨਗਿਣਤ-ਅਸੰਖਾਂ ਤਾਰੇ ਝਿਲਮਿਲ-ਝਿਲਮਿਲ ਕਰਦੇ ਹਨ, ਜਿਵੇਂ ਕਿ ਉਹਨਾਂ ਨੂੰ, ਅਚਰਜ-ਗ੍ਰਹਿ ਦੀ ਤ੍ਰਾਸਦੀ ਬਾਰੇ ਕੋਈ ਇਲਮ ਨਾ ਹੋਵੇ।

---

# ਕੋਈ .

ਜਦੋਂ ਕਿਸੇ ਜਣੇ ਨੇ ਸਾਹ ਲਿਆ, ਗਰਮ ਹਵਾ ਦੀ ਹਵਾੜ ਬਾਹਰ ਕੱਢੀ; ਤਾਂ ਕਿਸੇ ਥਾਂ 'ਤੇ, ਇਕ ਖ਼ਾਸ ਦਰਵਾਜ਼ਾ, ਹੌਲੀ-ਹੌਲੀ, ਸਹਿਜੇ ਹੀ ਬਗ਼ੈਰ ਕਿਸੇ ਅਵਾਜ਼ ਦੇ ਖੁੱਲ੍ਹ ਗਿਆ।

ਉਹ ਦਰਵਾਜ਼ਾ ਅਤਿਅੰਤ ਨਰਮ ਅਤੇ ਖੰਭਾਂ ਦੀ ਰਜ਼ਾਈ ਵਾਂਗ ਹਲਕਾ ਜਾਪ ਰਿਹਾ ਸੀ। ਸੱਚ-ਮੁੱਚ ਹੀ, ਭਾਵੇਂ ਦਰਵਾਜ਼ਾ ਬਰਫ਼ ਦੀ ਮੋਟੀ ਸਿੱਲ ਦਾ ਬਣਿਆ ਹੋਇਆ ਸੀ, ਚਿੱਟੇ ਵਾਸ਼ਪ ਦੇ ਬੱਦਲ, ਉਸ ਵਿਚੋਂ ਦੀ ਬਾਹਰ ਵਹਿ ਰਹੇ ਸਨ।

ਭਾਰੇ ਦਰਵਾਜ਼ੇ ਦੇ ਪਰ੍ਹੇ, ਇੱਕ ਬਹੁਤ ਵੱਡਾ ਕਮਰਾ ਸੀ, ਜਿਸ ਦੀ ਛੱਤ ਨਾਲ ਹਜ਼ਾਰਾਂ ਹੀ ਹਿੰਮ-ਟੋਟੇ ਤੇ ਬਰਫ਼-ਕਲਮਾਂ ਲਟਕ ਰਹੀਆਂ ਸਨ। ਉੱਤਰੀ ਹਵਾ ਕਮਰੇ ਦੇ ਏਧਰ-ਓਧਰ, ਆਲੇ-ਦੁਆਲੇ ਸ਼ੋਰ ਮਚਾਉਂਦੀ, ਘੁੰਮ ਰਹੀ ਸੀ, ਜਿਵੇਂ ਕਿ ਉਹ ਹਮੇਸ਼ਾ ਹੀ ਕਰਿਆ ਕਰਦੀ ਸੀ, ਉਸ ਦਾ ਲੰਮਾ ਚਿੱਟਾ ਲਬਾਦਾ, ਉਸ ਦੇ ਪਿੱਛੇ-ਪਿੱਛੇ ਉਡਦਾ-ਲਹਿਰਦਾ ਆਉਂਦਾ ਸੀ।

ਜਰਨੈਲ ਸਿਆਲਾ ਇਸ ਵੱਡੇ ਵਿਸ਼ਾਲ ਕਮਰੇ ਦੇ ਵਿਚਾਲੇ ਬੈਠਾ, ਆਪਣੇ ਸੱਜੇ ਹੱਥ ਵਾਲੇ ਮਨੁੱਖ ਉੱਤਰੀ ਪਵਨ, ਹਿੰਮ-ਜੀਵ, ਬੁੱਢੇ ਕੱਕਰ, ਹਿੰਮ-ਦੈਂਤ ਅਤੇ ਆਪਣੇ ਹੋਰ ਅਰਦਲੀਆਂ ਨੂੰ, ਇੱਕ-ਤੋਂ-ਬਾਅਦ ਇੱਕ, ਉੱਤੋ-ੜ੍ਹਿਤੀ, ਉੱਚੀ-ਉੱਚੀ ਹੁਕਮ ਸੁਣਾਈ ਜਾ ਰਿਹਾ ਸੀ। ਜਰਨੈਲ ਸਿਆਲੇ ਦੀ ਸਫ਼ੇਦ ਵਰਦੀ ਦੀ ਛਾਤੀ ਉੱਤੇ, ਬਹੁਤ ਸਾਰੇ, ਵੱਡੇ-ਵੱਡੇ ਤਮਗੇ ਲਟਕ ਰਹੇ ਸਨ ਅਤੇ ਉਸ ਦੇ ਮੋਢੇ ਉਤਲੀ ਸੁਨਹਿਰੀ ਫ਼ੀਤੀ ਖ਼ੂਬ ਲਿਸ਼-ਲਿਸ਼ ਕਰ ਰਹੀ ਸੀ। ਉਸ ਦੀ ਗਜ਼ਾਂ ਲੰਮੀ ਰੋਬਦਾਰ ਜਲਾਲੀ ਦਾੜ੍ਹੀ, ਕੱਕਰ ਨਾਲ ਇਉਂ ਕੱਜੀ ਹੋਈ ਸੀ ਕਿ ਉਹ ਸੁਧੀ ਸਫ਼ੇਦ, ਝੰਮ-ਝੰਮ ਕਰ ਰਹੀ ਸੀ। ਉਸ ਦੇ ਹੱਥ ਵਿੱਚ ਵੱਡੀ ਸਾਰੀ ਤਲਵਾਰ ਸੀ, ਜਿਸ ਦਾ ਤਿੱਖਾ ਫਲ ਬਰਫ਼ ਦਾ ਸੀ, ਜਿਸ ਦੀ ਵਰਤੋਂ ਉਹ ਸਿਆਲ ਦੀ ਸਾਰੀ ਦੁਨੀਆਂ ਨੂੰ ਆਪਣੇ ਕਾਬੂ ਵਿੱਚ ਰੱਖਣ ਲਈ ਕਰਦਾ ਸੀ।

ਪਰ, ਇਉਂ ਜਾਪਦਾ ਸੀ ਪਿੱਛੇ-ਜਿਹੇ ਤੋਂ, ਜਰਨੈਲ ਸਿਆਲੇ ਨੇ ਨਿਰਆਸ਼ਿਤ ਤੌਰ 'ਤੇ ਹੁਕਮ ਦੇਣੇ ਬੰਦ ਕਰ ਦਿੱਤੇ ਹੋਣ, ਕਿਉਂਕਿ ਉਹ ਊਂਘਦਾ ਰਹਿੰਦਾ ਸੀ, ਉਸ ਦਾ ਸਿਰ ਹੌਲੀ-ਹੌਲੀ ਉੱਪਰ-ਹੇਠਾਂ ਹਿੱਲਦਾ ਰਹਿੰਦਾ ਸੀ। ਤਾਂ ਹੀ ਉਸ ਦੇ ਅਰਦਲੀ, ਆਪਣੇ ਕੰਮ ਵਲ ਬਹੁਤਾ ਧਿਆਨ ਨਹੀਂ ਸੀ ਦਿੰਦੇ।

ਅਜਿਹੇ ਹੀ ਇਕ ਸਮੇਂ, ਕਿਸੇ ਜਣੇ ਨੇ, ਮੁੜ ਫਿਰ ਸਾਹ ਦਾ ਇੱਕ ਅਜਿਹਾ ਫ਼ੱਰਾਟਾ ਜਿਹਾ ਛੱਡਿਆ, ਜਿਸ ਨਾਲ ਮੋਟਾ ਸਾਰਾ ਬਰਫ਼-ਬੂਹਾ ਖੁੱਲ੍ਹ ਗਿਆ, ਜਿਵੇਂ ਕਿ ਉਹ ਇਸ ਅਵਸਰ ਦੀ ਉਡੀਕ ਵਿੱਚ ਹੀ ਸੀ ਅਤੇ ਧੁੱਪ ਦੀ ਇੱਕ ਕਾਤਰ ਅਛੋਪਲੇ ਹੀ ਖਿਸਕ ਕੇ, ਕਮਰੇ ਦੇ ਅੰਦਰ ਆ ਵੜੀ। ਇੱਕ ਵਾਰ ਅੰਦਰ ਆ ਵੜਨ 'ਤੇ ਸੂਰਜ ਦੀ ਉਹ ਕਿਰਨ ਵਧੇਰੇ ਤਿੱਖੀ ਤੇ ਵਧੇਰੇ ਚਮਕੀਲੀ ਹੁੰਦੀ ਗਈ ਅਤੇ ਬਰਫ਼ ਦੇ ਕਮਰੇ ਦੇ ਕੋਨਿਆਂ ਤੱਕ ਪੁੱਜ ਗਈ ਅਤੇ ਅਖ਼ੀਰ ਉਹਨੇ ਊਂਘਦੇ ਹੋਏ ਜਰਨੈਲ ਸਿਆਲੇ ਦੇ ਨੱਕ ਦੀ ਨੋਕ ਵੀ ਲੱਭ ਲਈ।

ਬੁੱਢੇ ਜਰਨੈਲ ਸਿਆਲੇ ਦਾ ਸਿਰ, ਅਚਨਚੇਤ ਹੀ, ਹੌਲੀ ਹੌਲੀ ਹਿੱਲਣੋਂ ਬੰਦ ਹੋ ਗਿਆ। ਉਹ ਅਛੋਪਲੇ ਹੀ ਛਾਲ ਮਾਰ ਕੇ ਉੱਠ ਬੈਠਾ ਅਤੇ ਆਪਣੀ ਤਲਵਾਰ ਸੂਤ ਕੇ, ਆਪਣੇ ਅਰਦਲੀਆਂ ਉੱਤੇ ਚੰਘਾੜਿਆ-ਚਿੱਲਾਇਆ। "ਓਏ, ਨਿਕੰਮਿਓ, ਨਿਖੱਟੂਓ, ਮੈਂ ਤੁਹਾਨੂੰ ਕਿੰਨੀ ਵਾਰ ਆਖਿਐ ਕਿ ਉਸ ਬੰਦੇ ਨੂੰ ਕਮਰੇ ਦੇ ਅੰਦਰ ਨਾ ਆਉਣ ਦਿਆ ਕਰੋ ! ਸੈਆਂ, ਹਜ਼ਾਰਾਂ ਸਾਲਾਂ ਲਈ, ਮੈਂ ਉਸ ਨੂੰ ਏਥੋਂ ਬਾਹਰ ਰੱਖਣ ਲਈ, ਸੰਘਰਸ਼ ਕੀਤਾ ਹੈ ਪਰ ਤੁਸੀਂ ਝੱਲ ਵਲੱਲੇ ! ਆਪਣਾ ਕੰਮ ਪੂਰਾ ਕਰਨੋਂ, ਹਮੇਸ਼ਾ ਹੀ ਉੱਕ ਜਾਂਦੇ ਹੋ, ਐਨ ਉਦੋਂ, ਜਦੋਂ ਕਿ ਅਸੀਂ ਉਸ ਤੋਂ ਵੱਧ-ਤੋਂ-ਵੱਧ ਲਾਭ ਲੈ ਰਹੇ ਹੁੰਦੇ ਹਾਂ।



ਉਫ਼, ਉਹ ਏਨਾ ਨਿਰਲੱਜ ਚਰਿੱਤਰ ਹੈ ! ਉਹ ਲੁਕ-ਛੁਪ ਕੇ ਏਥੇ ਆ ਵੜਦਾ ਹੈ, ਅਤੇ ਬਿਰਧ ਰਵੀ ਨੂੰ ਆਪਣੇ ਨਾਲ ਲੈ ਆਉਂਦਾ ਹੈ ਅਤੇ ਸਾਨੂੰ ਨਿੰਦਰਾਇਆ-ਊਂਘਦਾ ਬਣਾਉਣ ਵਾਸਤੇ, ਆਪਣਾ ਨੀਂਦਰ-ਧੂੜਾ ਸਾਡੇ ਆਲੇ-ਦੁਆਲੇ ਖਿਲ਼ਾਰ ਦਿੰਦਾ ਹੈ।"

"ਖ਼ੈਰ ਜੋ ਵੀ ਹੈ, ਇਸ ਵਰ੍ਹੇ ਤਾਂ ਬਹੁਤ ਦੇਰ ਹੋ ਗਈ ਹੈ ਅਤੇ ਲੜਨ ਦਾ ਵਕਤ ਨਹੀਂ ਰਿਹਾ ਕਿਉਂਕਿ ਬਿਰਧ ਰਵੀ ਪਹਿਲਾਂ ਹੀ ਸਾਡੇ ਗੜ੍ਹ ਦੇ ਹਰੇਕ ਹਿੱਸੇ ਅਤੇ ਖੂੰਜੇ ਵਿੱਚ ਪੁੱਜ ਚੁੱਕਾ ਹੈ। ਉੱਤਰੀ ਪਵਨ, ਇਹ ਕਾਫ਼ੀ ਹੈ। ਇਸ ਸਾਲ ਲਈ ਤਾਂ ਛੱਡ ਦਿਉ। ਉਫ਼, ਪਰ ਇਹ ਇਸ ਦਾ ਅੰਤ ਨਹੀਂ ! ਫ਼ੌਰਨ ਚਲੇ ਜਾਉ ਅਤੇ ਅਗਲੇ ਵਰ੍ਹੇ ਦੀ ਲੜਾਈ ਲਈ ਤਿਆਰੀਆਂ ਸ਼ੁਰੂ ਕਰ ਦਿਉ। ਠੀਕ ਹੈ, ਹਰ ਕੋਈ ਪਿੱਛੇ ਹਟਣ ਲਈ ਤਿਆਰ ਹੋ ਜਾਉ। ਛੇਤੀ ਕਰੋ, ਹੁਣ ਇਸ ਨੂੰ ਚਾਅ ਨਾਲ ਪਰਵਾਨ ਕਰ ਲਉ।"

ਅਰਦਲੀ, ਰਵਾਨਾ ਹੋਣ ਲਈ ਤਿਆਰੀਆਂ ਵਿੱਚ ਰੁੱਝ ਗਏ, ਜਰਨੈਲ ਸਿਆਲੇ ਦੀ ਸ਼ਾਨਦਾਰ ਸਫ਼ੇਦ ਵਰਦੀ ਨੂੰ ਤਹਿ ਕਰਨ ਅਤੇ ਉਸ ਨੂੰ ਬਰਫ਼ ਦੇ ਬਣੇ ਇੱਕ ਵੱਡੇ ਸਾਰੇ ਬਕਸੇ ਵਿੱਚ ਬੰਦ ਕਰਨ ਲੱਗ ਪਏ, ਛੱਤ ਤੋਂ ਹਿੰਮ-ਟੁਕੜੇ ਅਤੇ ਬਰਫ਼-ਕਲਮਾਂ ਖਿੱਚਣ ਤੋੜਨ ਲੱਗੇ ਅਤੇ ਉਹਨਾਂ ਨੂੰ ਗੰਢਾਂ-ਬੁਚਕੀਆਂ ਵਿੱਚ ਬੰਨ੍ਹਣ ਲੱਗੇ, ਅਤੇ ਬਰਫ ਨੂੰ ਇੱਕਠੀ ਕਰ ਕੇ, ਗੋਲ-ਗੋਲ ਗੋਲੇ ਬਣਾਉਣ ਲੱਗੇ ਅਤੇ ਉਹਨਾਂ ਨੂੰ ਆਪਣੇ ਮੂੰਹਾਂ ਵਿੱਚ ਪਾਉਣ ਲੱਗੇ। ਉੱਤਰੀ ਪਵਨ, ਜੋ

ਵਧੇਰੇ ਲੜਾਈ ਕਰਨ ਲਈ ਰੀਝਵਾਨ ਸੀ, ਆਪਣੇ ਮੁੱਖ 'ਤੇ ਤਲਖ਼ ਭਾਵ ਲਈ, ਆਪਣਾ ਸਫ਼ੇਦ ਲਬਾਦਾ ਲਾਹ ਕੇ, ਤਹਿ ਕਰਨ ਲੱਗ ਪਿਆ ਸੀ।

ਜਿਉਂ ਹੀ ਸੂਰਜ ਦੀ ਧੁੱਪ ਨੇ, ਵੱਡੇ ਸਾਰੇ ਕਮਰੇ ਵਿਚੋਂ, ਕੱਕਰ-ਕੋਰ੍ਹਾ ਤੇ ਬਰਫ਼ ਛੇਤੀ ਨਾਲ ਪਿਘਲਾ-ਪੰਘਰਾ ਦਿੱਤੀ, ਤਾਂ ਗਰਮ-ਤੱਤੀ ਪੌਣ ਦੀਆਂ ਲਹਿਰਾਂ, ਉਥੇ ਆ ਪ੍ਰਗਟ ਹੋਈਆਂ, ਏਧਰ-ਓਧਰ ਨੱਚਣ ਮੇਲ੍ਹਣ ਲੱਗੀਆਂ ਅਤੇ ਆਪਣੇ ਹੀ, ਖ਼ਾਸ ਅੰਦਾਜ਼ ਵਿੱਚ ਗੱਲਾਂ ਕਰਨ, ਬੋਲਣ ਲੱਗ ਪਈਆਂ। ਉਹਨਾਂ ਕੀ ਆਖਿਆ, ਕੋਈ ਵੀ ਨਹੀਂ ਦੱਸ ਸਕਦਾ, ਪਰ ਜਿਉਂ ਹੀ ਉਹ ਏਧਰ-ਓਧਰ ਝੂਮ ਰਹੀਆਂ ਸਨ, ਵਲ-ਵਲੇਵੇਂ ਖਾ ਰਹੀਆਂ ਸਨ, ਹੌਲੀ-ਹੌਲੀ ਉਪਰ ਵਲ ਨੂੰ ਉੱਠ ਰਹੀਆਂ ਸਨ, ਤਾਂ ਉਹ ਚੁੱਪ-ਚਾਪ, ਖ਼ਾਮੋਸ਼, ਆਪਣੇ-ਆਪ ਵਿੱਚ ਹੀ ਹੱਸ-ਹਸਾ ਰਹੀਆਂ ਸਨ।

ਦੂਰ ਪਰ੍ਹੇ, ਬਹੁਤ ਦੂਰ, ਪਹਾੜ ਨਿੱਸਲ ਪਏ ਸਨ ਅਤੇ ਦਿਸ-ਹੱਦੇ ਤੋਂ ਪਰ੍ਹੇ, ਆਰਾਮ ਨਾਲ ਪੱਸਰੇ ਪਏ ਸਨ, ਕਿਸੇ ਸੁਖਾਵੀਂ ਸੁੱਖਦਾਈ ਚੀਜ਼ ਦੀ, ਚਾਅ ਨਾਲ ਉਡੀਕ ਕਰਦੇ। ਨਦੀਆਂ, ਜੋ ਕਿ ਚਿਰਾਂ ਤੋਂ ਰੁਕੀਆਂ ਹੋਈਆਂ ਸਨ, ਲੰਮੇ ਸਿਆਲ ਦੇ ਦੌਰਾਨ, ਜੰਮੀਆਂ ਹੋਈਆਂ ਸਨ, ਵਗੀਆਂ ਨਹੀਂ ਸਨ : ਸਮੁੰਦਰ ਵਲ, ਦੌੜਨ ਲੱਗ ਪਈਆਂ, ਵਾਹੋ-ਦਾਹੀ, ਤੇਜ਼ੀ ਨਾਲ, ਚਾਅ ਨਾਲ ਝਰ-ਝਰ, ਕਲਕਲ ਕਰਦੀਆਂ, ਗੀਤ ਗਾਉਂਦੀਆਂ। ਨਦੀ ਵਿਚ, ਚੱਟਾਨਾਂ ਹੇਠ ਸੁੱਤੀਆਂ, ਨਿੱਕੀਆਂ-ਨਿੱਕੀਆਂ ਮੱਛੀਆਂ- ਮੀਨਾਂ ਜਾਗ ਉੱਠੀਆਂ, ਪਹਿਲਾਂ ਉਹਨਾਂ ਸਿਰਫ਼ ਆਪਣੀਆਂ ਅੱਖਾਂ ਅਤੇ ਪੂਛਾਂ ਹੀ ਹਿਲਾਈਆਂ, ਹੌਲੀ-ਹੌਲੀ, ਥੋੜ੍ਹੀਆਂ-ਥੋੜ੍ਹੀਆਂ ਫਿਰ ਦੂਰ ਪਾਰ ਦੇ ਆਕਾਸ਼ਾਂ-ਅੰਬਰਾਂ ਤੋਂ ਚਿੱਟੇ-ਚਿੱਟੇ ਬੱਦਲ ਘਿਰ-ਘਿਰ ਆਉਣ ਲੱਗੇ ਅਤੇ ਸਮੁੰਦਰਾਂ 'ਤੇ ਛਾ ਜਾਣ ਲੱਗੇ ਅਤੇ ਆਪਣੇ ਨਾਲ ਨਿੱਘੀ ਨਿੱਘੀ ਪੌਣ ਲਿਆਉਣ ਲੱਗੇ। ਪੁਰਾਣੀ ਪਵਨ-ਚੱਕੀ ਦਾ ਪੱਹੀਆ ਚੀਕ੍ਰਿਆ ਅਤੇ ਫਿਰ ਮੌਜ ਨਾਲ ਘੁੰਮਣ ਲੱਗ ਪਿਆ ਅਤੇ ਪਿੰਡ ਦੇ ਲੋਕਾਂ ਦੇ ਚਿਹਰੇ, ਨਵੀਂ-ਲੱਭੀ ਖ਼ੁਸ਼ੀ ਨਾਲ ਚਮਕ ਉਠੇ।

ਬਹਾਰ ਦਾ ਸਮਾਂ ਸੀ, ਜਦ ਕਿ ਹਰ ਚੀਜ਼ ਬੜੀ ਤੇਜ਼ੀ ਨਾਲ ਬਦਲਣ ਤੇ ਰੰਗ ਵਟਾਉਣ ਲੱਗ ਪੈਂਦੀ ਹੈ। ਪਰ, ਜ਼ਰਾ ਗਹੁ ਨਾਲ ਤੱਕੋ ਨਾ ! ਜ਼ਮੀਨ ਦੇ ਹੇਠਾਂ, ਜਿਥੇ ਕਿ ਸੂਰਜ ਦੀਆਂ ਕਿਰਨਾਂ ਨਹੀਂ ਜਾ ਸਕਦੀਆਂ, ਕਈ ਨੀਂਦੂ ਪ੍ਰਾਣੀ ਹਾਲ ਵੀ ਘੂਕ ਸੁੱਤੇ ਪਏ, ਘੁਰਾੜੇ ਮਾਰ ਰਹੇ ਸਨ।

ਭਾਵੇਂ ਕਿ ਰਵੀ ਉਥੇ, ਜਿੱਥੇ ਕਿ ਉਹ ਲੰਮੇ ਪਏ ਹੋਏ ਸਨ, ਆਪਣੀਆਂ ਕਿਰਨਾਂ ਨਹੀਂ ਸੀ ਘੱਲ ਸਕਦਾ, ਇਸ ਲਈ ਉਹ ਮਿੱਠੀ ਤੇ ਮੱਠੀ ਆਵਾਜ਼ ਵਿੱਚ ਬੋਲਿਆ, ਜੋ ਉਹਨਾਂ ਸੁਸਤ-ਆਲਸੀ ਜੀਵਾਂ ਤੱਕ ਪੁੱਜ ਗਈ, ਜੋ ਹਾਲੇ ਵੀ ਧਰਤੀ ਦੇ ਹੇਠਾਂ ਅਲਸਾ ਰਹੇ ਸਨ।

"ਹੈਂ ਜੀ, ਵੇਖੋ ਨਾ, ਬਹਾਰ ਦਾ ਮੌਸਮ ਹੈ ! ਤੱਕੋ ਨਾ, ਕਿੰਨੀ ਗਰਮੀ ਹੋ ਗਈ ਹੈ ! ਵੇਖੋ ਨਾ, ਕਿਵੇਂ ਹਰ ਕੋਈ ਕੰਮ ਕਰਨ ਲੱਗ ਪਿਆ ਹੈ ਅਤੇ ਹਰੇਕ ਦੇ ਮੱਥੇ ਤੇ, ਮੁੜ੍ਹਕੇ ਦੇ ਚਾਂਦੀ-ਵੰਨੇ ਮੋਤੀ ਡੱਲ੍ਹਕਣ ਲੱਗ ਪਏ ਹਨ। ਹੁਣ ਬਾਹਰ ਆ ਜਾਣਾ ਸੁਰੱਖਿਅਤ ਹੈ, ਕਿਉਂਕਿ ਜਰਨੈਲ ਸਿਆਲਾ ਜਾ ਚੁੱਕਾ ਹੈ। ਹੁਣ ਹਨੇਰੇ 'ਚੋਂ, ਹਨੇਰੀ ਧਰਤੀ ਤੋਂ ਬਹਾਰ ਦੀ ਚਮਕਦਾਰ ਰੌਸ਼ਨੀ ਵਿੱਚ ਆ ਜਾਉ।"

ਜਿਉਂ ਹੀ ਸੂਰਜ ਮੁੜ ਖ਼ਾਮੋਸ਼ ਹੋਇਆ, ਧਰਤੀ ਏਥੋਂ ਥੋੜ੍ਹੀ ਕੁ ਉੱਪਰ ਉੱਠ ਗਈ, ਅਤੇ ਘਾਹ ਦੇ ਅਤੇ ਹੋਰ ਪੇੜ-ਪੌਦਿਆਂ ਦੇ ਪੁੰਗਾਰੇ-ਸ਼ਗੂਫ਼ੇ, ਫੜੱਕ ਕਰ ਕੇ ਬਾਹਰ ਨਿਕਲਣ ਲੱਗ ਪਏ। ਕੀੜੀਆਂ ਕਿਰਲੇ-ਕਿਰਲੀਆਂ ਅਤੇ ਸੱਪ-ਸਪੋਲੀਏ ਆਪਣੀਆਂ ਸਿਰੀਆਂ ਬਾਹਰ ਕੱਢਣ ਲੱਗ ਪਏ। ਉਹ ਸਾਰੇ ਹੀ ਸੂਰਜ ਦੀ ਤੇਜ਼-ਤਿੱਖੀ ਲੋਅ ਵਿੱਚ ਆਪਣੀਆਂ ਅੱਖਾਂ ਤੇਜ਼ੀ ਨਾਲ ਝਮਕ ਰਹੇ ਸਨ, ਅਤੇ ਆਪਣੇ ਉੱਪਰ, ਨਿੱਘੇ ਸੂਰਜ ਵਲ, ਖ਼ੁਸ਼ੀ ਨਾਲ ਵੇਖ ਰਹੇ ਸਨ ਅਤੇ ਤੇਜ਼ੀ ਨਾਲ ਕੰਮ-ਕਾਰ ਵਿੱਚ ਰੁੱਝ ਗਏ ਸਨ।

ਬਹਾਰ ਦੀ ਫ਼ਿਜ਼ਾ ਵਿੱਚ ਜਦੋਂ ਇਹ ਸੱਭ ਕੁੱਝ ਹੋ ਰਿਹਾ ਸੀ, ਦੋ ਦੋਸਤ — ਤਾਨਪੋਪੋ, ਪੀਲੇ ਫੁੱਲਾਂ ਵਾਲਾ 'ਡੈਂਡੀਲੌਨ' ਅਤੇ ਫੂਕੀ-ਨੋ, ਬਟਰਬਰ ਹਾਲੇ ਵੀ ਜ਼ਮੀਨ ਦੇ ਹੇਠਾਂ ਹੀ ਸਨ, ਊਂਘਦੀਆਂ-ਨਿੰਦਰਾਈਆਂ ਆਵਾਜ਼ਾਂ ਵਿੱਚ ਆਪੋ-ਵਿੱਚ ਗੱਲਾਂ ਕਰਦੇ।

"ਓਏ, ਤਾਨਪੋਪੋ, ਵੇਖ ਬਾਹਰ ਬਹਾਰ ਦਾ ਮੌਸਮ ਹੈ। ਜੋ ਵੀ ਹੈ, ਜਿਸ ਨੂੰ ਅਸੀਂ ਬਹਾਰ ਆਖਦੇ ਹਾਂ, ਉਹ ਕੀ ਚੀਜ਼ ਹੈ ? ਹਾਂ, ਇਹ ਕੋਈ ਬਹੁਤ ਸ਼ੋਖ਼ ਚਮਕਦਾਰ ਚੀਜ਼ ਹੈ, ਪਰ ਮੈਂ ਇਹੋ ਸੋਚਦਾ ਰਿਹਾ ਹਾਂ ਕਿ ਬਾਹਰ, ਧਰਤੀ ਉੱਤੇ, ਜਿੰਨੀ ਮਰਜ਼ੀ ਚਮਕ ਹੋਵੇ, ਕੋਈ ਫ਼ਰਕ ਨਹੀਂ ਪੈਂਦਾ, ਏਥੇ ਹੇਠਾਂ ਰਹਿਣਾ, ਜਿਵੇਂ ਕਿ ਅਸੀਂ ਹੁਣ ਤੱਕ ਚਿਰਾਂ ਤੋਂ ਰਹਿ ਰਹੇ ਹਾਂ, ਕਿੰਨਾ ਸੌਖਾ ਹੈ ! ਉਥੇ, ਬਾਹਰ ਤਾਂ ਜੀਵਨ, ਬੱਸ, ਨਿਰਾ-ਪੁਰਾ ਸਮੱਸਿਆਵਾਂ ਦਾ ਢੇਰ ਹੋਵੇਗਾ।"

"ਤੂੰ ਠੀਕ ਆਖਦਾ ਏਂ, "ਡੈਂਡੀਲੌਨ ਨੇ ਆਖਿਆ। ਏਥੇ ਧਰਤੀ-ਹੇਠ ਤਾਂ ਬਹੁਤ ਹੀ ਸੁੱਖ-ਆਰਾਮ ਹੈ। ਭਾਵੇਂ ਕਿ ਸੂਰਜ, ਉਥੇ ਉੱਪਰ ਜ਼ਿੰਦਗੀ ਬਾਰੇ ਚੰਗੀ ਗੱਲ ਹੀ ਆਖਦਾ ਹੈ, ਆ, ਏਥੇ ਹੇਠਾਂ ਹੀ ਰੁਕੇ ਰਹੀਏ, ਜਿੱਥੇ ਅਸੀਂ ਖ਼ੁਸ਼ ਹਾਂ। ਜੇ ਮੈਂ ਉਥੇ ਬਾਹਰ ਚਲਿਆ ਗਿਆ, ਤਾਂ ਮੇਰੇ ਸਰੀਰ ਉੱਤੇ ਪੱਤੇ, ਅਤੇ ਸਿਰ ਉੱਤੇ ਫੁੱਲ ਨਿਕਲ ਆਉਣਗੇ, ਪਰ ਮੈਨੂੰ ਛਿਣ ਭਰ ਲਈ ਵੀ ਆਰਾਮ ਨਹੀਂ ਮਿਲੇਗਾ। ਅਤੇ ਫਿਰ ਜਦੋਂ ਮੇਰੇ ਫੁੱਲ, ਬੀਆਂ ਵਿਚ ਬਦਲ ਜਾਣਗੇ, ਤਾਂ ਉਹਨਾਂ ਬੀਆਂ ਨੂੰ, ਛੇਤੀ ਹੀ ਹਵਾ ਉਡਾ ਲਿਜਾਵੇਗੀ, ਅਤੇ ਬਹੁਤ ਦੂਰ ਲੈ ਜਾਵੇਗੀ, ਕਿੱਥੇ ? ਕੌਣ ਜਾਣੇ ? ......... ਮੇਰਾ ਖ਼ਿਆਲ ਹੈ, ਏਥੇ ਹੇਠਾਂ ਰਹਿ ਕੇ, ਮੈਂ ਸੱਭ ਤੋਂ ਵੱਧ ਖ਼ੁਸ਼ ਹਾਂ, ਬਸ ਸੌਣਾ ਅਤੇ ਰਤਾ ਭਰ ਵੀ ਹਿੱਲਣਾ-ਜੁਲਣਾ ਨਹੀਂ।"

ਜਦੋਂ ਡੈਂਡੀਲੌਨ ਅਤੇ ਬਟਰਬਰ, ਇਸ ਤਰ੍ਹਾਂ ਆਪੋ ਵਿੱਚ ਗੱਲਾਂ ਕਰ ਰਹੇ ਸਨ, ਉਦੋਂ ਵੀ ਉੱਪਰ ਜ਼ਮੀਨ 'ਤੇ, ਖ਼ੁਸ਼ੀ-ਭਰੇ ਬੋਲਾਂ ਦੀਆਂ ਆਵਾਜ਼ਾਂ, ਉਹਨਾਂ ਤੱਕ ਆ ਰਹੀਆਂ ਸਨ। ਪੋੜ-ਪੌਦਿਆਂ, ਨਿੱਕੀਆਂ-ਨਿੱਕੀਆਂ ਤਾਜ਼ਾ ਨਿੱਕਲੀਆਂ ਡੋਡੀਆਂ ਅਤੇ ਫੁੱਲਾਂ ਦੇ ਹੱਸਣ ਅਤੇ ਆਪਸ ਵਿੱਚ ਗੱਲਾਂ ਕਰਨ ਦੀਆਂ ਆਵਾਜ਼ਾਂ ਏਨੀਆਂ ਪ੍ਰਸੰਨ ਤੇ ਪਿਆਰੀਆਂ ਲੱਗ ਰਹੀਆਂ ਸਨ, ਜਿਵੇਂ ਕੋਈ ਜਸ਼ਨ, ਕੋਈ ਤਿਉਹਾਰ ਹੋ ਰਿਹਾ ਹੋਵੇ; ਅਤੇ ਉੱਤਰੀ ਪਵਨ ਨਾਲ ਖ਼ਰਾਬ ਹੋਏ, ਆਪਣੇ ਘਰਾਂ ਨੂੰ ਠੀਕ ਕਰਦੇ ਜਾਨਵਰਾਂ ਤੇ ਪਸ਼ੂਆਂ ਦੀ ਚਹਿਲ-ਪਹਿਲ ਅਜਿਹੀ ਸੀ, ਜੋ ਕਿਸੇ ਵੀ ਹਿਰਦੇ ਨੂੰ ਹੌਲਾ ਤੇ ਪ੍ਰਸੰਨ ਬਣਾ ਸਕਦੀ ਸੀ। ਜ਼ਮੀਨ ਦੇ ਹੇਠਾਂ ਦੋਵਾਂ ਹੀ ਦੋਸਤਾਂ ਨੇ, ਇਹ ਆਵਾਜ਼ਾਂ ਸੁਣੀਆਂ ਅਤੇ ਉਹਨਾਂ ਦੋਵਾਂ ਨੇ ਹੀ, ਖ਼ੁਸ਼ੀ ਤੇ ਗ਼ਮੀ, ਸੁੱਖ ਤੇ ਦੁੱਖ ਦੇ, ਇੱਕ ਅਸੁਖਾਵੇਂ ਜਿਹੇ ਰੋਲ-ਘਚੋਲੇ ਦਾ ਅਨੁਭਵ ਕੀਤਾ।

"ਓਏ, ਮੇਰੇ ਮਿੱਤਰ ਤਾਨਪੋਪੋ, ਤੇਰਾ ਕੀ ਖ਼ਿਆਲ ਹੈ, ਜੇ ਸਿਰਫ਼ ਬਿੰਦ ਕੁ ਲਈ ਹੀ, ਅਸੀਂ ਆਪਣੇ ਸਿਰ, ਬਾਹਰ ਦੀ, ਆਲੇ-ਦੁਆਲੇ ਦੀ ਛਿਣ-ਪਲੀ ਝਲਕ ਵੇਖਣ ਲਈ, ਬਾਹਰ ਕੱਢ ਲਈਏ ? ਜਿੱਥੋਂ ਤੱਕ ਮੇਰੀ ਗੱਲ ਹੈ, ਜਿਉਂ ਹੀ ਮੈਂ, ਬਾਹਰ ਵਲ ਨੂੰ ਵਧਣ-ਵਿਗਸਣ ਲੱਗਦਾ ਹਾਂ, ਲੋਕੀ ਚਲੇ ਆਉਂਦੇ ਹਨ ਅਤੇ ਬਟਰਬਰ-ਸ਼ੋਰਬਾ ਜਾਂ ਬਟਰਬਰ-ਆਚਾਰ ਬਣਾਉਣ ਵਾਸਤੇ ਮੈਨੂੰ ਤੋੜ ਲਿਜਾਂਦੇ ਹਨ ਪਰ ਮੈਂ ਇਹ ਸੋਚਣ ਤੇ ਜਾਨਣ ਦੀ ਰੀਝ ਨੂੰ ਬਿਲਕੁਲ ਨਹੀਂ ਰੋਕ ਸਕਦਾ ਕਿ ਉਥੇ, ਉੱਪਰ ਕੀ ਹੋ ਰਿਹਾ ਹੈ।"

"ਹਾਂ ....... ਮੇਰਾ ਵੀ ਅਜਿਹਾ ਹੀ ਅਨੁਮਾਨ ਹੈ, ਫੂਕੀ-ਨੋ ! ਮੈਂ ਵੀ ਉਥੋਂ ਦੇ ਦ੍ਰਿਸ਼ 'ਤੇ ਇੱਕ ਝਾਤ ਪਾਉਣ ਲਈ ਉਤਸੁਕ ਹਾਂ .......... ਪਰ ਇੱਕ ਛਿਣ-ਭੰਗਰੀ ਫਟਾ-ਫਟੀ ਝਾਤ, ਠੀਕ ਹੈ ਨਾ ?"


ਇੰਜ ਡੈਂਡੀਲੌਨ ਅਤੇ ਬਟਰਬਰ ਦੋਵਾਂ ਨੇ ਹੀ ਇੱਕ ਲੰਮਾ ਸਾਹ ਖਿੱਚਿਆ ਅਤੇ ਆਪਣੇ ਸਿਰ ਉੱਪਰ ਵਲ ਨੂੰ ਧੱਕੇ। ਉਹਨਾਂ ਦੇ ਉੱਪਰਲੀ ਜ਼ਮੀਨ ਉੱਤੇ ਦੋ ਛੋਟੇ-ਛੋਟੇ ਢੇਰ ਜਿਹੇ ਬਣ ਗਏ ਅਤੇ ਫਿਰ ਆਕਾਸ਼ ਤੀਕਣ, ਦੋ ਨਿੱਕੇ-ਨਿੱਕੇ ਛੇਕ ਹੋ ਗਏ ਅਤੇ ਦੋਵੇਂ ਦੋਸਤ ਉੱਪਰ ਵਲ ਨੂੰ ਉੱਛਲੇ। ਜਿਉਂ ਤਾਨਪੋਪੋ ਅਤੇ ਫੂਕੀ-ਨੋ ਨੇ ਆਪਣੇ ਸਿਰ ਬਾਹਰ ਕੱਢੇ, ਉਹਨਾਂ ਦੀਆਂ ਅੱਖਾਂ ਤੇਜ਼-ਲਿਸ਼ਕਦੀ ਰੌਸ਼ਨੀ ਵਿੱਚ, ਤੇਜ਼ੀ ਨਾਲ ਝਪਕਣ ਲੱਗੀਆਂ ਅਤੇ ਉਹਨਾਂ ਉਤਲਾ ਸੂਰਜ, ਹੇਠਾਂ ਉੱਤੇ, ਮਿਹਰ ਨਾਲ ਮੁਸਕਰਾਉਣ ਲੱਗਾ।

"ਮੈਂ ਤੁਹਾਨੂੰ ਵੇਖ ਕੇ ਬੇਹੱਦ ਖ਼ੁਸ਼ ਹਾਂ, ਤਾਨਪੋਪੋ ਅਤੇ ਫੂਕੀ-ਨੋ। ਅਸੀਂ ਸਾਰੇ ਹੀ ਉਡੀਕਦੇ ਰਹੇ ਹਾਂ ਅਤੇ ਸੋਚਦੇ

ਰਹੇ ਹਾਂ ਕਿ ਤੁਸੀਂ ਕਦੋਂ ਬਾਹਰ ਆਵੋਗੇ। ਹੱਛਾ, ਹੁਣ ਇਹ ਨਿੰਦਰਾਈਆਂ ਅੱਖਾਂ ਚੰਗੀ ਤਰ੍ਹਾਂ ਖੋਲ੍ਹ ਲਉ ਅਤੇ ਆਪਣੇ ਆਲੇ-ਦੁਆਲੇ, ਚਾਰੇ ਪਾਸੇ ਤੱਕੋ।"

"ਹੇ ਰੱਬ ਜੀ, ਏ ......... ਨ ......... ਨ ........ ੀ ...... ਤੇਜ਼ ਚਮਕ ! ਫੂਕੀ-ਨੇ ਆਪਣੀਆਂ ਅੱਖਾਂ ਨੂੰ ਦੋਵਾਂ ਹੱਥਾਂ ਨਾਲ ਕੱਜਦਿਆਂ, ਛਾਂ ਕਰਦਿਆਂ, ਉੱਚੀ ਤਾਈ ਚਿੱਲਾਇਆ। "ਏਥੇ ਜ਼ਮੀਨ ਉੱਤੇ ਰੋਸ਼ਨੀ ਚੰਧਿਆਊ ਹੈ। ਇਹ ਤਾਂ ਨਿਸਚੇ ਹੀ, ਮੇਰੀਆਂ ਅੱਖਾਂ ਦਾ ਅੰਤ ਹੋਵੇਗਾ। ਅਤੇ ਇਹ ਏਨੀਆਂ ਸਾਰੀਆਂ ਵੱਖ-ਵੱਖ ਆਵਾਜ਼ਾਂ ! ਜ਼ਮੀਨ ਦੇ ਹੇਠਾਂ ਕਿੰਨਾ ਹਨੇਰਾ ਅਤੇ ਕਿੰਨੀ ਚੁੱਪ ਸੀ ! .......... ਆਹ ........... ਪਰ ਇਹ ਤਾਂ ਸੱਚ-ਮੁੱਚ ਬੜੀ ਸੁਖਾਵੀਂ ਸਮੀਰ ਹੈ ...... ਤਾਨਪੋਪੋ, ਹੁਣ ਅਸੀਂ ਕੀ ਕਰੀਏ ? ਅਸੀਂ ਤਾਂ ਬੱਸ, ਇੱਕ ਪੰਛੀ-ਝਾਤ ਹੀ ਪਾਉਂਣਾ ਚਾਹੁੰਦੇ ਸਾਂ ........."

ਅਖ਼ੀਰ, ਉਸ ਦੀਆਂ ਅੱਖਾਂ ਸੂਰਜ ਦੀ ਰੋਸ਼ਨੀ ਦੀਆਂ ਆਦੀ ਹੋ ਗਈਆਂ, ਬਟਰਬਰ ਨੇ ਵਿਸਵਿਸੇ ਨਾਲ ਆਲੇ-ਦੁਆਲੇ ਤੱਕਿਆ। ਬਹਾਰ ਦਾ ਨਿੱਘਾ-ਨਿੱਘਾ, ਗਰਮ-ਗਰਮ ਸਾਹ, ਚੁੱਪ-ਚਾਪ, ਪਰ ਲਗਾਤਾਰ ਰੁਝੇਵੇਂ ਨਾਲ, ਏਥੇ-ਉਥੇ ਥਾਂ-ਥਾਂ ਤੇ ਕਾਰੇ ਲੱਗਾ ਹੋਇਆ ਸੀ। ਰੁੱਖਾਂ-ਬੂਟਿਆਂ 'ਤੇ ਪੱਤੇ ਅਤੇ ਫੁੱਲ ਕੱਢ ਰਿਹਾ ਸੀ ਅਤੇ ਘਾਹ ਦੇ ਵਿਸ਼ਾਲ ਮੈਦਾਨਾਂ ਵਿਚ ਵੀ ਸੱਪ ਤੇ ਡੱਡੂ ਏਧਰ-ਓਧਰ ਘੁੰਮ-ਫਿਰ ਰਹੇ ਸਨ। ਉਹਨਾਂ ਦੀਆਂ ਅੱਖਾਂ ਸਿਆਲ ਦੀ ਲੰਮੀ ਨੀਂਦਰ ਨਾਲ ਹਾਲੇ ਵੀ ਲਾਲ ਸੁਰਖ਼ ਸਨ। ਪਹਾੜੀ ਦੇ ਪਾਸੇ ਤੇ ਇਕ ਰਿੱਛ ਮਹੀਨਿਆਂ ਬੱਧੀ ਕੁੱਝ ਨਾ ਖਾਣ ਕਾਰਨ, ਭੁੱਖਣ-ਭਾਣਾ, ਝਾੜੀਆਂ ਵਿੱਚ ਟਹਿਲ ਰਿਹਾ ਸੀ।



ਤਾਨਪੋਪੋ ਨੇ, ਆਪਣੇ ਆਲੇ-ਦੁਆਲੇ ਦੀਆਂ ਸਾਰੀਆਂ ਚੀਜ਼ਾਂ ਨੂੰ ਚਾਅ ਤੇ ਪ੍ਰਸਨੰਤਾ ਨਾਲ ਤੱਕਿਆ ਅਤੇ ਫਿਰ ਵਿਸ਼ਵਾਸ ਨਾਲ ਆਖਿਆ।

"ਫੂਕੀ-ਨੋ ! ਇਹ ਠੀਕ ਹੈ ਕਿ ਉਥੇ ਹੇਠਾਂ ਜੀਵਨ ਬੜਾ ਸੌਖਾ ਸੀ, ਪਰ ਉਹ ਇਸ ਕਰਕੇ ਸੀ ਕਿ ਅਸੀਂ ਸੌਣ ਦੇ ਸਿਵਾ, ਹੋਰ ਕੁੱਝ ਨਹੀਂ ਸਾਂ ਕਰਦੇ। ਉਸ ਤਰ੍ਹਾਂ ਸੌਂ ਕੇ, ਅਸੀਂ ਕੁੱਝ ਨਹੀਂ ਸਾਂ ਤੱਕ ਸਕਦੇ, ਕੁੱਝ ਨਹੀਂ ਸਾਂ ਸੁਣ ਸਕਦੇ, ਕੁੱਝ ਨਹੀਂ ਸਾਂ ਸੁੰਘ ਸਕਦੇ ਅਤੇ ਕੁੱਝ ਵੀ ਮਹਿਸੂਸ ਨਹੀਂ ਸਾਂ ਕਰ ਸਕਦੇ। ਪਰ ਅਸਲ ਵਿੱਚ, ਉਹ ਜੀਊਣਾ ਨਹੀਂ ਸੀ, ਠੀਕ ਹੈ ਨਾ ਨਿਸ਼ਚੇ ਹੀ, ਏਥੇ, ਬਾਹਰ ਆਉਣਾ ਤੇ ਲੰਮੇ-ਲੰਮੇ ਸਾਹ ਲੈਣਾ, ਅੰਬਰ ਵਲ ਮੂੰਹ ਕਰਨਾ ਅਤੇ ਹੌਲੀ-ਹੌਲੀ ਵਧਣਾ-ਵਿਗਸਣਾ ਕਿੰਨਾ ਵਧੇਰੇ ਆਨੰਦਮਈ ਹੈ।"

"ਪਰ ......., " ਫੂਕੀ-ਨੋ ਵਿਚੋਂ ਹੀ ਬੋਲ ਪਿਆ, "ਚੇਤੇ ਰੱਖ, ਜਦੋਂ ਤੂੰ ਵੱਡਾ ਹੋ ਜਾਵੇਂਗਾ, ਅਤੇ ਤੇਰੇ ਬੀਅ ਬਣ ਜਾਣਗੇ, ਤਾਂ ਪੌਣ ਆਵੇਗੀ ਅਤੇ ਉਹਨਾਂ ਸਾਰਿਆਂ ਨੂੰ ਉਡਾ ਕੇ ਲੈ ਜਾਵੇਗੀ। ਮੇਰੇ ਲਈ ਤਾਂ ਹੋਰ ਵੀ ਮਾੜਾ ਹੈ। ਮੈਨੂੰ ਛੇਤੀ ਹੀ ਕੋਈ ਆਦਮੀ ਖਾ ਜਾਵੇਗਾ। ਜਦੋਂ ਤੂੰ ਹਵਾ ਵਿੱਚ ਨੱਚਦਾ-ਟੱਪਦਾ, ਉਸ ਦੇ ਨਾਲ, ਏਧਰ-ਉਧਰ ਲਿਜਾਇਆ ਜਾ ਰਿਹਾ ਹੋਵੇਂਗਾ, ਉਦੋਂ ਤੱਕ ਮੈਂ ਕਿਸੇ ਬੰਦੇ ਦੇ ਢਿੱਡ ਵਿੱਚ ਪੁੱਜ ਚੁੱਕਾ ਹੋਵਾਂਗਾ।"

"ਤੂੰ ਆਖਦਾ ਏਂ ਕਿ ਤੂੰ ਆਪਣਾ ਸਿਰ ਉੱਪਰ, ਆਕਾਸ਼ ਵਲ ਚੁੱਕੇਂਗਾ ਅਤੇ ਵਧੇਂ-ਵਿਗਸੇਂਗਾ, ਪਰ ਕੀ ਤੂੰ ਸੱਚ-ਮੁੱਚ ਹੀ ਜਾਣਦਾ ਏਂ ਕਿ ਆਕਾਸ਼ ਕਿਸ ਪਾਸੇ ਹੈ? ਅਸੀਂ ਵਧਣ ਤੋਂ ਛੁੱਟ ਹੋਰ ਕੁੱਝ ਨਹੀਂ ਕਰ ਸਕਦੇ ਅਤੇ ਜਿੰਨੀ ਤੇਜ਼ੀ ਨਾਲ ਅਸੀਂ ਵਧਦੇ ਹਾਂ, ਓਨੀ ਛੇਤੀ ਹੀ, ਅਸੀਂ ਮੁੱਕ ਜਾਂਦੇ ਹਾਂ। ਮੈਂ ਮੌਤ ਨਾਲ ਕੋਈ ਵਾਸਤਾ ਨਹੀਂ ਰੱਖਣਾ ਚਾਹੁੰਦਾ।"

ਤਾਨਪੋਪੋ ਝੁਕ ਕੇ ਖੜਾ ਹੋ ਗਿਆ, ਸੋਚਣ ਲੱਗ ਪਿਆ ਅਤੇ ਫਿਰ ਉਹਨੇ ਆਪਣੇ ਮਿੱਤਰ ਨੂੰ, ਉੱਤਰ ਦਿੱਤਾ "ਹਾਂ, ਇਹ ਨਿਸ਼ਚੇ ਹੀ ਸੱਚ ਹੈ। ਮੇਰਾ ਅਨੁਮਾਨ ਹੈ ਕਿ ਛੇਤੀ ਛੇਤੀ ਵਧਣ ਦੇ ਫਲ-ਰੂਪ, ਬੁਢਾਪਾ ਆਉਂਦਾ ਹੈ ਅਤੇ ਫਿਰ ਮੌਤ ! ਊਈ ! ਪਰ ਮੈਂ ਤਾਂ ਵਧਣ ਦੀ ਚਾਹ ਨੂੰ, ਰੋਕ ਨਹੀਂ ਸਕਦਾ। ਫੁੱਲ ਕੱਢਣਾ ਅਤੇ ਫਿਰ ਛੋਟੇ-ਛੋਟੇ ਬੀਅ — ਬਹਾਰ ਦੀ ਰੌਸ਼ਨੀ ਵਲ ਮੂੰਹ ਕਰਨ ਅਤੇ ਵਧਣ ਬਾਰੇ ਸੋਚਣ ਨਾਲ ਹੀ, ਦਿਲ ਕਿੰਨਾ ਨਿੱਘਾ-ਨਿੱਘਾ ਮਹਿਸੂਸ ਕਰਦਾ ਹੈ।

"ਅਤੇ ..........., " ਡੈਂਡੀਲੌਨ ਹਿਚਕਚਾਇਆ, "ਅੰਬਰ ਕਿਸ ਪਾਸੇ ਹੈ, ਇਸ ਬਾਰੇ ਮੇਰਾ ਵਿਚਾਰ ਹੈ ਕਿ ਉਹ ਉੱਪਰ ਉਥੇ ਹੀ ਹੈ, ਜਿੱਥੇ ਕਿ ਲਿਸ਼-ਲਿਸ਼ ਕਰਦਾ ਸੂਰਜ ਚਮਕਦਾ ਹੈ, ਆਕਾਸ਼ ਦੀ ਚੋਟੀ ਤੋਂ ਵੀ ਉਚੇਰਾ। ਅਹੁ ਵੇਖ, ਕੀ ਤੂੰ ਖੇਤ ਵਿਚੋਂ ਉਡਦੀ ਅਤੇ ਆਕਾਸ਼ ਵਿੱਚ ਉੱਚੀ-ਉੱਠਦੀ ਉਸ ਚੰਡੋਲ ਨੂੰ ਵੇਖ ਰਿਹਾ ਏਂ। ਮੇਰਾ ਖ਼ਿਆਲ ਹੈ ਕਿ ਉਸ ਦਾ ਵਿਸ਼ਵਾਸ ਵੀ, ਉਸੇ ਤਰ੍ਹਾਂ ਹੈ, ਜਿਸ ਤਰ੍ਹਾਂ ਮੇਰਾ ......... "

"ਹੱਛਾ, ਜੋ ਵੀ ਹੈ, " ਫੂਕੀ-ਨੋ ਨੇ ਆਖਿਆ, "ਮੈਨੂੰ ਅਫ਼ਸੋਸ ਹੈ ਪਰ ਮੈਂ ਏਥੇ ਰੁਕਾਂਗਾ ਨਹੀਂ, ਵਧਾਂਗਾ ਨਹੀਂ, ਵੱਡਾ ਨਹੀਂ ਹੋਵਾਂਗਾ। ਮੈਂ ਮਰਨਾ ਪਸੰਦ ਨਹੀਂ ਕਰਦਾ। ਮੈਂ ਸਗੋਂ ਜ਼ਮੀਨ ਹੇਠ ਰਹਿਣਾ ਅਤੇ ਸਦਾ ਸੌਣਾ ਚਾਹਵਾਂਗਾ।" ਫਿ ਬਟਰਬਰ ਹੇਠਾਂ ਵਲ ਨੂੰ ਝੁਕਿਆ ਅਤੇ ਆਪਣੇ ਦੋਵਾਂ ਹੱਥਾਂ ਨਾਲ ਵਾਹੋ-ਦਾਹੀ ਹੇਠਾਂ ਵਲ ਨੂੰ ਆਪਣਾ ਰਸਤਾ ਪੁੱਟਣ ਲੱਗ ਪਿਆ। ਪਰ ਉਹਨੇ ਵੇਖਿਆ ਕਿ ਜ਼ਮੀਨ ਬਹੁਤ ਸਖ਼ਤ ਹੋ ਗਈ ਸੀ ਅਤੇ ਉਸ ਨੂੰ ਆਪਣੇ ਅੰਦਰ ਜਾਣ ਦੇਣ ਲਈ ਤਿਆਰ ਨਹੀਂ ਸੀ। ਉਹ ਸਗੋਂ ਗੁੱਸੇ ਨਾਲ ਆਖਣ ਲੱਗੀ।

"ਤੈਨੂੰ ਹੋ ਕੀ ਗਿਐ ਫੂਕੀ-ਨੋ ! ਏਨਾ ਬੁਜ਼ਦਿਲ ਨਾ ਬਣ। ਕੋਈ ਜਣਾ ਵੀ, ਖੁੱਲ੍ਹੀ ਹਵਾ ਵਿੱਚ, ਆਪਣਾ ਸਿ ਕੱਢਣ ਤੋਂ ਮਗਰੋਂ ਮੁੜ ਜ਼ਮੀਨ ਹੇਠ ਜਾਣ ਦੀ ਗੱਲ ਨਹੀਂ ਕਰਦਾ। ਸਜੀਵ ਸੰਸਾਰ ਵਿੱਚ ਆ ਜਾਣ ਤੋਂ ਬਾਅਦ, ਮੁ ਹਨੇਰੇ ਦੀ ਦੁਨੀਆ ਵਿੱਚ ਪਰਤਣ ਦੀ ਚਾਹ ਕਰਨਾ, ਨਿਰੀ ਮੂਰਖਤਾ ਹੈ।"

ਜ਼ਮੀਨ ਹੋਰ ਕੁਝ ਨਾ ਕੂਈ, ਪਰ ਅਚਨਚੇਤੀ, ਉਹ ਕਾਰਡ, ਜ਼ਮੀਨ 'ਤੇ ਫੂਕੀ-ਨੋ ਦੇ ਆਲੇ-ਦੁਆਲੇ ਹਰ ਪ ਹੀ ਦਿਖਾਈ ਦੇਣ ਲੱਗੇ ਜਿਹਨਾਂ ਉੱਤੇ ਲਿਖਿਆ ਹੋਇਆ ਸੀ, "ਅੰਦਰ ਨਾ ਆਓ " ਅਤੇ "ਅਯੋਗ ਦਖ਼ਲ ਦੇਣਾ ਮ ਹੈ। ਬਦ ਕਿਸਮਤ ਬਟਰਬਰ ਲਈ, ਇਹ ਸੱਭ, ਬਰਦਾਸ਼ਤ ਤੋਂ ਬਾਹਰ ਸੀ। ਇਸ ਲਈ ਉਹ ਰੋਣ ਲੱਗ ਪਿਆ। ਫਿ

ਤਾਨਪੋਪੋ ਦੀ ਨਰਮ-ਕੋਮਲ, ਜਾਣੀ-ਪਛਾਣੀ ਆਵਾਜ਼ ਉਸਦੇ ਕੰਨੀਂ ਪਈ।

"ਫੂਕੀ-ਨੋ ! ਆ, ਉਥੇ ਹੇਠਾਂ ਵਾਪਸ ਜਾਣ ਦੇ ਆਪਣੇ ਵਿਚਾਰ ਬਾਰੇ ਸੱਭ ਭੁੱਲ-ਭੁਲਾ ਜਾਈਏ। ਖ਼ੈਰ, ਹੁਣ ਅਸੀਂ ਸਚੇਤ ਹਾਂ, ਇਸ ਲਈ ਅਸੀਂ ਮੁੜ ਗੂੜ੍ਹੀ ਨੀਂਦ ਦੀ ਟੇਕ ਕਿਉਂ ਲਈਏ? ਕਿਵੇਂ-ਨਾ-ਕਿਵੇਂ, ਇਹ ਕਰਨਾ, ਮੈਨੂੰ ਏਥੇ ਅਵਸਰ ਲੈਣ ਨਾਲੋਂ, ਵਧੇਰੇ ਡਰਾਉਣਾ ਲੱਗਦਾ ਹੈ। ਉਹ, ਫੂਕੀ-ਨੋ, ਮੈਂ ਵੀ ਖਾਧੇ ਜਾਣ ਤੇ ਮਰਨ ਦੇ ਡਰ ਤੋਂ ਬਚ ਨਹੀਂ ਸਕਦਾ, ਪਰ ਇਹ ਕੁਝ ਹਰ ਇੱਕ ਨਾਲ ਹੀ ਹੁੰਦਾ ਹੈ। ਆਖ਼ਿਰ ਸੁੱਤੇ ਹੋਣ ਅਤੇ ਮੋਏ ਹੋਣ ਵਿੱਚ ਕੀ ਫ਼ਰਕ ਹੈ? ਜੇ ਅਸੀਂ ਏਥੇ ਬਾਹਰ ਇਸ ਸੰਸਾਰ ਵਿੱਚ ਰਹਾਂਗੇ, ਹੌਲੀ-ਹੌਲੀ ਵੱਡੇ ਹੋਵਾਂਗੇ, ਤਾਂ ਅਸੀਂ ਆਪਣੇ ਆਲੇ-ਦੁਆਲੇ ਬਹੁਤ ਸਾਰੀਆਂ ਚੀਜ਼ਾਂ ਵੇਖ ਸਕਾਂਗੇ ਅਤੇ ਇਹ ਵੀ ਹੋ ਸਕਦਾ ਹੈ ਕਿ ਸਾਨੂੰ ਪੌਣਾਂ ਉੱਤੇ ਅਤੇ ਪਾਣੀਆਂ ਉੱਤੇ ਆਲੇ-ਦੁਆਲੇ, ਸਫ਼ਰ ਕਰਨ ਦਾ ਵੀ ਮੌਕਾ ਮਿਲ ਜਾਵੇ। ਜ਼ਮੀਨ ਦੇ ਹੇਠਾਂ ਸੁੱਤਿਆਂ ਤਾਂ, ਅਸੀਂ ਆਪਣੇ ਛੋਟੇ-ਛੋਟੇ ਸਿਰਾਂ ਵਿੱਚ, ਸਿਰਫ਼ ਸੁਪਨਿਆਂ ਦਾ ਇੱਕ ਨਿੱਕਾ ਜਿਹਾ ਸੰਸਾਰ ਹੀ ਵੇਖ ਸਕਦੇ ਹਾਂ। ਮੇਰੇ ਮਿੱਤਰ ਆ, ਵਡੇ ਹੋਣ ਦਾ, ਇੱਕ ਸਮੇਂ ਤੋਂ, ਥੋੜ੍ਹੇ-ਥੋੜ੍ਹੇ ਵੱਡੇ ਹੋਣ ਦਾ, ਅਤੇ ਉਸ ਮਿਹਰਬਾਨ, ਨਿੱਘੇ ਸੂਰਜ ਵਲ ਵਧਦੇ ਜਾਣ ਦਾ ਮਨ ਬਣਾਈਏ।"

ਇਸ ਸਾਰਾ ਸਮਾਂ ਫੂਕੀ-ਨੋ , ਹੱਥ ਜੋੜੀ, ਸੱਭ ਕੁਝ ਧਿਆਨ ਨਾਲ ਸੁਣਦਾ ਰਿਹਾ ਅਤੇ ਫਿਰ ਉਹਨੇ ਹੌਲੀ-ਹੌਲੀ, ਆਪਣਾ ਸਿਰ ਹਿਲਾ ਦਿੱਤਾ।

"ਹਾਂ, ਇਹ ਠੀਕ ਹੈ। ਸੁੱਤੇ ਪਏ ਰਹਿਣਾ, ਮੋਏ ਹੋਣ ਵਰਗਾ ਹੀ ਹੈ। ਹੁਣ, ਜਦੋਂ ਕਿ ਅਸੀਂ ਸਚੇਤ ਹਾਂ, ਆਉ, ਕੰਮ ਵਿੱਚ ਜੁਟ ਜਾਈਏ, ਸੂਰਜ ਦੀ ਨਿੱਘੀ ਰੌਸ਼ਨੀ ਵਿੱਚ ਵਧਣ, ਵੱਡੇ ਹੋਣ ਵਿੱਚ। ਹਾਂ, ਠੀਕ ਹੈ, ਕਿਵੇਂ-ਨਾ-ਕਿਵੇਂ ਮੈਂ ਪਹਿਲਾਂ ਹੀ ਆਪਣੇ ਆਪ ਨੂੰ ਮਜ਼ਬੂਤ ਮਹਿਸੂਸ ਕਰਨ ਲੱਗ ਪਿਆ ਹਾਂ।"

"ਹਾਂ, ਹਾਂ ! " ਤਾਨਪੋਪੋ ਨੇ ਪ੍ਰਸੰਨਤਾ ਵਿੱਚ ਮੁਸਕਰਾਉਂਦਿਆਂ, ਉੱਤਰ ਦਿੱਤਾ।

ਹਾਂ, ਤੇ ਤਾਨਪੋਪੋ ਅਤੇ ਫੂਕੀ-ਨੋ, ਜਦੋਂ ਆਪਣੇ ਸਿਰਾਂ 'ਚੋਂ ਰੇਤ-ਮਿੱਟੀ ਝਾੜ ਰਹੇ ਸਨ, ਤਾਂ ਉਹ ਗਾ ਵੀ ਰਹੇ ਸਨ, ਨੱਚ ਵੀ ਰਹੇ ਸਨ ਅਤੇ ਫਿਰ ਉਹ ਵੱਡੇ ਹੋਣ ਲੱਗ ਪਏ। ਸੂਰਜ ਨੇ ਹੇਠਾਂ, ਇਹ ਦ੍ਰਿਸ਼ ਦੇਖਿਆ ਅਤੇ ਮੁਸਕਰਾ ਪਿਆ ਅਤੇ ਦੂਰ-ਪਰੇ, ਇੱਕ ਹਰੇ-ਭਰੇ ਪਰਬਤ-ਸਿਲਸਿਲੇ ਤੋਂ, ਇੱਕ ਵੱਡਾ ਸਾਰਾ ਸਫ਼ੇਦ ਬੱਦਲ ਉਠਿਆ ਅਤੇ ਦੋਵਾਂ ਦੋਸਤਾਂ ਵਲ ਵਧਣ ਲੱਗ ਪਿਆ। ਉਹ ਬੱਦਲ, ਆਰਾਮ ਕਰਨ ਲਈ ਐਨ ਉਹਨਾਂ ਦੇ ਸਿਰਾਂ ਉੱਪਰ, ਰੁਕ ਗਿਆ ਅਤੇ ਉਹਨਾਂ ਦੀਆਂ ਆਵਾਜ਼ਾਂ, ਆਨੰਦਮਈ ਗੀਤ ਵਿੱਚ ਉੱਚੀਆਂ ਉੱਠੀਆਂ, ਜਦ ਕਿ ਉਹ ਹਮੇਸ਼ਾ ਨਾਲੋਂ, ਵਧੇਰੇ ਜ਼ੋਰ ਨਾਲ ਵੱਡੇ ਹੋ ਰਹੇ ਸਨ। ਫਿਰ ਉਹਨਾਂ ਆਪਣੇ ਚਿਹਰੇ, ਸੂਰਜ ਵਲ ਘੁਮਾਏ, ਦੋਵਾਂ ਨੇ ਥੋੜ੍ਹੇ-ਜਿਹੇ ਚਿਰ ਲਈ, ਆਪਣੀ ਇੱਕ ਅੱਖ ਮੀਚੀ ਅਤੇ ਉਸ ਨੂੰ ਮਾਰੀ।

ਐਨ ਉਸ ਵੇਲੇ, ਬਹਾਰ ਦੀ ਵਰਖਾ ਦੇ ਦੋ ਨਿੱਘੇ-ਨਿੱਘੇ ਤੁਪਕੇ ਡਿਗੇ ਅਤੇ ਉਹਨਾਂ ਵਿਚੋਂ, ਇੱਕ-ਇੱਕ ਤੁਪਕਾ ਤਾਨਪੋਪੋ ਅਤੇ ਫੂਕੀ-ਨੋ ਦੇ ਸਿਰ ਤੇ ਥੱਪ ਦੇ ਕੇ ਪਿਆ। ਇਹ ਦਰਸਾਉਣ ਵਾਸਤੇ ਸ਼ਬਦ ਨਹੀਂ ਕਿ ਵਰਖਾ ਦੇ ਉਹ ਦੋ ਤੁਪਕੇ, ਦੋਵਾਂ ਹੀ ਖ਼ੁਸ਼-ਖ਼ੁਸ਼ ਦੋਸਤਾਂ ਨੂੰ ਕਿੰਨੇ ਮਜ਼ੇਦਾਰ ਲੱਗੇ !


ਉਦੋਂ ਤੋਂ ਲੈ ਕੇ, ਤਾਨਪੋਪੋ ਅਤੇ ਫੂਕੀ-ਨੋ, ਸੂਰਜ ਵਲ, ਹਮੇਸ਼ਾ ਹੀ ਸੂਰਜ ਵਲ, ਬਹੁਤ ਹੀ ਖ਼ੁਸ਼ੀ ਨਾਲ, ਮਿਹਨਤ ਨਾਲ ਵਧਦੇ ਗਏ, ਵਧਦੇ ਹੀ ਗਏ।

"ਜਦ ਕਦੇ ਵੀ, ਮੈਂ ਇਹ ਚੇਤੇ ਕਰਦਾ ਹਾਂ ਕਿ ਉਹਨਾਂ ਦੋਵਾਂ ਨਾਲ ਕੀ ਬੀਤੀ, ਕੀ ਵਾਪਰੀ, ਤਾਂ ਮੇਰਾ ਹਿਰਦਾ, ਇੱਕ ਹਰਨੋਟੇ ਵਾਂਗ, ਚੁੰਗੀਆਂ ਭਰਨ ਅਤੇ ਕਲੋਲ ਕਰਨ ਲੱਗ ਪੈਂਦਾ ਹੈ। ਹਾਂ, ਹੌਲੀ-ਹੌਲੀ, ਸਹਿਜੇ-ਸਹਿਜੇ ਵੱਡੇ ਹੋਣਾ ਸਚਮੁੱਚ ਹੀ ਇੱਕ ਅਦਭੁਤ-ਅਜੀਬ ਅਸਚਰਜਤਾ-ਜਨਕ ਗੱਲ ਹੈ........"

ਸਹਿਜੇ-ਜਿਹੇ ਇਹ ਸ਼ਬਦ ਆਖਦਿਆਂ, ਕਿਸੇ ਨੇ ਲੰਮਾ ਸਾਹ ਬਾਹਰ ਛੱਡਿਆ ਅਤੇ ਨਿੱਘੀ ਸਮੀਰ ਦਾ ਇੱਕ ਬੁੱਲਾ, ਆਪਣੇ ਰਾਹ ਤੋਰ ਦਿੱਤਾ।

---

# ਰੇਗਿਸਤਾਨ ਦਾ ਡਾਈਨੋਸੌਰ



ਬਹੁਤ ਚਿਰ ਪਹਿਲਾਂ ਦੀ ਗੱਲ ਨਹੀਂ, ਇੱਕ ਦਿਨ, ਸੌਦਾਗਰਾਂ ਅਤੇ ਊਠਾਂ ਦਾ ਇੱਕ ਕਾਰਵਾਂ ਬਾਜ਼ਾਰ ਵਿਚ, ਪਹਿਲੀ ਵਾਰ ਤੇਲ ਵੇਚਣ ਜਾ ਰਿਹਾ ਸੀ। ਊਠਾਂ ਉੱਤੇ, ਉੱਚ-ਕੋਟੀ ਦੇ ਖ਼ੁਸ਼ਬੋਦਾਰ ਤੇਲ ਦੇ, ਬਹੁਤ ਸਾਰੇ ਭਾਂਡੇ ਲੱਦੇ ਹੋਏ ਸਨ। ਰਾਹ ਵਿੱਚ ਇਕ ਬਹੁਤ ਲੰਮਾ-ਚੌੜਾ ਰੇਗਿਸਤਾਨ ਪੈਂਦਾ ਸੀ। ਜਦੋਂ ਉਹ ਰੇਗਿਸਤਾਨ ਪਾਰ ਕਰਦਿਆਂ, ਅੱਧ ਵਿੱਚ ਅੱਪੜੇ, ਤਾਂ ਉਹਨਾਂ ਸੌਦਾਗਰਾਂ ਵਿਚ ਇੱਕ ਵੱਡਾ ਮਤ-ਭੇਦ ਪੈਦਾ ਹੋ ਗਿਆ।

ਹੁਣ ਉਹਨਾਂ ਦੀ ਲੜਾਈ ਦਾ ਕੀ ਕਾਰਨ ਸੀ ? ਜ਼ਰਾ ਧਿਆਨ ਨਾਲ ਸੁਣੋ—

ਕਾਰਵਾਂ ਵਿਚਲੇ ਆਦਮੀ ਇਸ ਗੱਲ ਤੇ ਸਹਿਮਤ ਨਹੀਂ ਸਨ ਹੋ ਰਹੇ ਕਿ ਉਹ ਆਪਣਾ ਖ਼ੁਸ਼ਬੋਦਾਰ ਤੇਲ ਵੇਚਣ ਤੋਂ ਬਾਅਦ ਆਪੋ ਵਿੱਚ ਪੈਸਿਆਂ ਦੀ ਵੰਡ ਕਿਵੇਂ ਕਰਨਗੇ। ਉਹ ਰੇਤ ਵਿਚ ਤੁਰਦੇ ਗਏ, ਤੁਰਦੇ ਗਏ ਅਤੇ ਬਹਿਸ ਵੀ ਕਰਦੇ ਗਏ, ਪਰ ਉਹ ਆਪਣਾ ਝਗੜਾ ਨਾ ਨਬੇੜ ਸਕੇ। ਅਖ਼ੀਰ, ਸੌਦਾਗਰ ਇੱਕ ਨਖ਼ਲਿਸਤਾਨ ਵਿਚ ਜਾ ਰੁਕੇ। ਉਹਨਾਂ ਆਪਣੇ ਊਠ ਖਜੂਰ ਦੇ ਰੁੱਖਾਂ ਨਾਲ ਬੰਨ੍ਹੇ ਅਤੇ ਸਮੱਸਿਆ 'ਤੇ ਗੱਲ-ਬਾਤ ਕਰਨ ਲਈ ਇੱਕ ਗੋਲ ਦਾਇਰੇ ਵਿੱਚ ਬੈਠ ਗਏ।

ਸਭ ਤੋਂ ਪਹਿਲਾਂ ਬੋਲਣ ਵਾਲਾ ਬੰਦਾ, ਕੁੱਬੇ ਮੋਢਿਆਂ ਅਤੇ ਚਾਲਾਕ-ਚਾਲਬਾਜ਼ ਅੱਖਾਂ ਵਾਲਾ ਬੁੱਢਾ ਸੀ। ਇਸ

ਤਰ੍ਹਾਂ ਦਾ ਪ੍ਰਭਾਵ ਦੇਂਦਿਆਂ ਕਿ ਉਸ ਨੂੰ ਹਰੇਕ ਚੀਜ਼ ਬਾਰੇ ਸੱਭ ਕੁਝ ਪਤਾ ਹੈ, ਉਹਨੇ ਅਭਿਮਾਨ-ਭਰੇ ਅੰਦਾਜ਼ ਵਿੱਚ ਸ਼ੁਰੂਆਤ ਕੀਤੀ . . .

"ਅੱਛਾ, ਸਾਰੇ ਜਣੇ ਸੁਣੋ, ਖ਼ੁਸ਼ਬੋਦਾਰ ਤੇਲ ਵੇਚ ਕੇ ਅਸੀਂ ਜੋ ਪੈਸਾ ਪ੍ਰਾਪਤ ਕਰਾਂਗੇ, ਉਸ ਦੀ ਵੰਡ ਇਸ ਤਰ੍ਹਾਂ ਕਰਾਂਗੇ। ਸਭ ਤੋਂ ਵੱਡੀ ਉਮਰ ਦੇ ਆਦਮੀ ਨੂੰ ਸੱਭ ਤੋਂ ਵੱਧ ਰਕਮ ਮਿਲਣੀ ਚਾਹੀਦੀ ਹੈ, ਉਮਰ ਵਿੱਚ ਦੂਜੇ ਨੰਬਰ ਦੇ ਆਦਮੀ ਨੂੰ ਉਸ ਤੋਂ ਘੱਟ ਅਤੇ ਅੱਗੇ ਇਸੇ ਤਰ੍ਹਾਂ ਹੀ . . .! ਅਖ਼ੀਰ ਨੂੰ ਤਾਂ ਬਹੁਤ ਬਹੁਤ ਸਮਾਂ ਪਹਿਲਾਂ ਰੱਬ ਨੇ ਫ਼ੈਸਲਾ ਕੀਤਾ ਸੀ ਕਿ ਇਉਂ ਹੀ ਕੀਤਾ ਜਾਵੇ। ਇਸ ਬਾਰੇ, ਇਸ ਤਰ੍ਹਾਂ ਸੋਚੋ- ਉਹ ਕੌਣ ਸੀ, ਜਿਸ ਨੇ ਤੁਹਾਨੂੰ ਨੌਜਵਾਨਾਂ ਨੂੰ ਚੀਜ਼ਾਂ ਦੀ ਖ਼ਰੀਦ ਤੇ ਵਿੱਕਰੀ ਬਾਰੇ ਸੱਭ ਕੁੱਝ ਸਿਖਾਇਆ? ਠੀਕ ਹੈ, ਇਹ ਅਸੀਂ ਹੀ ਸਾਂ, ਤੁਹਾਡੇ ਵਡੇਰੇ ਅਤੇ ਇਹ ਗੱਲ ਭੁੱਲੋ ਨਹੀਂ। ਗੱਭਰੂ ਲੋਕ ਅੱਜ-ਕੱਲ੍ਹ ਰਿਣੀ ਹੋਣ ਬਾਰੇ, ਕੁੱਝ ਨਹੀਂ ਜਾਣਦੇ।"

ਜਿਉਂ ਹੀ ਬਿਰਧ ਨੇ ਗੱਲ ਮੁਕਾਈ, ਇੱਕ ਉੱਚਾ-ਲੰਮਾ ਗੱਭਰੂ, ਜਿਸ ਨੇ ਆਪਣੀਆਂ ਮੁੱਛਾਂ ਨੂੰ ਚੰਗੀ ਤਰ੍ਹਾਂ ਵੱਟ ਚੜ੍ਹਾ ਕੇ, ਮਰੋੜਿਆ ਹੋਇਆ ਸੀ ਅਤੇ ਆਪਣੇ ਸਿਰ ਤੇ ਚਿੱਟੀ ਪੱਗ ਲਪੇਟੀ ਹੋਈ ਸੀ, ਬੋਲ ਉੱਠਿਆ, ਉਸਦੇ ਸ਼ਬਦਾਂ ਦੀ ਚੋਣ ਸਾਵਧਾਨੀਪੂਰਨ ਸੀ ਅਤੇ ਉਹ ਆਪਣੀਆਂ ਚੀਰਵੀਆਂ ਨਜ਼ਰਾਂ ਨਾਲ, ਦੂਰ ਦਿਸ-ਹੱਦੇ ਵਲ ਵੇਖ ਰਿਹਾ ਸੀ।

"ਇਸ ਵਿੱਚ ਕੋਈ ਸ਼ੱਕ ਨਹੀਂ। ਸਾਡੇ 'ਚੋਂ, ਜੋ ਬੰਦੇ ਇਸ ਤੇਲ ਨੂੰ ਵੇਚਣ ਲਈ, ਸੱਭ ਤੋਂ ਵੱਧ ਟਿੱਲ ਲਾਉਣਗੇ, ਉਹਨਾਂ ਨੂੰ ਸਭ ਤੋਂ ਵੱਧ ਪੈਸਾ ਮਿਲਣਾ ਚਾਹੀਦੈ। ਅਸੀਂ ਆਪਣੇ ਵਿਚਲੇ ਬੁੱਢਿਆਂ ਨੂੰ ਏਨਾ ਪੈਸਾ ਕਿਉਂ ਦੱਈਏ, ਜੋ ਹਮੇਸ਼ਾ ਇਹ ਆਖਦੇ ਰਹਿੰਦੇ ਹਨ ਕਿ 'ਸਾਡੇ ਸਰੀਰ ਦੁਖ ਰਹੇ ਹਨ ਅਤੇ ਸਾਨੂੰ ਆਰਾਮ ਚਾਹੀਦੈ, ਅਤੇ ਉਹ ਹਰ ਵੇਲੇ ਥੱਕੇ-ਟੁੱਟੇ ਰਹਿੰਦੇ ਹਨ ਅਤੇ ਵਧੇਰੇ ਸਮਾਂ ਸੌਂ ਕੇ ਬਤੀਤ ਕਰਦੇ ਹਨ? ਇਹ ਅਸੀਂ ਨੌਜਵਾਨ ਹੀ ਹਾਂ, ਜੋ ਦਿਨ-ਰਾਤ ਲਗਾਤਾਰ ਕੰਮ ਕਰਦੇ ਹਾਂ। ਜੇਕਰ ਕੀਤੇ ਕੰਮ ਦੇ ਹਿਸਾਬ ਨਾਲ ਪੈਸਾ ਮਿਲੇਗਾ, ਤਾਂ ਅਸੀਂ ਜਵਾਨ ਮੁੰਡੇ ਹੋਰ ਮਿਹਨਤ, ਹੋਰ ਵਧੇਰੇ ਮਿਹਨਤ ਕਰਾਂਗੇ।"

ਇਸ ਉੱਤੇ, ਇੱਕ ਛੋਟੇ ਜਿਹੇ, ਪੀਲੇ ਚਿਹਰੇ ਵਾਲੇ, ਘਬਰਾਏ ਹੋਏ ਆਦਮੀ ਦੀ ਤਿੱਖੀ-ਚੀਕਵੀਂ ਆਵਾਜ਼ ਆਈ, "ਪਰ . . . ਇਸ ਤਰ੍ਹਾਂ . . . " ਉਹ ਦਾਇਰੇ ਦੇ ਬਾਹਰਲੇ ਪਾਸੇ 'ਤੇ ਬੈਠਾ ਹੋਇਆ ਸੀ ਅਤੇ ਖਿਝ ਨਾਲ ਭਰੀ ਆਵਾਜ਼ ਵਿੱਚ, ਉਹ ਆਖਦਾ ਗਿਆ "ਮੈਂ ਤਾਂ ਸ਼ੁਰੂ ਤੋਂ ਹੀ ਇਹੋ ਆਖ ਰਿਹਾਂ। ਇਸ ਕਿਸਮ ਦੇ ਝਗੜੇ ਤੋਂ ਬਚਣ ਦਾ ਇਕੋ-ਇੱਕ ਪੱਕਾ ਤਰੀਕਾ ਹੈ, ਸੰਸਾਰ ਵਿੱਚ, ਚੀਜ਼ਾਂ ਦੀ ਉਸੇ ਤਰਤੀਬ ਨੂੰ ਪਰਵਾਨ ਕਰਨਾ, ਜਿਵੇਂ ਕਿ ਉਹ ਕਾਇਮ ਹੈ। ਤੁਹਾਡਾ ਕੀ ਖ਼ਿਆਲ ਹੈ ਕਿ "ਬੰਸਾਵਲੀ" ਅਤੇ "ਸ਼੍ਰੇਣੀ" ਵਰਗੀਆਂ ਅਹਿਮ ਪਰਿਪਾਟੀਆਂ, ਸਾਡੇ ਵਿੱਚ ਕਿਉਂ ਪ੍ਰਚਲਿਤ ਹੋਈਆਂ ਹਨ? ਨਿਸ਼ਚੇ ਹੀ, ਸਾਡੇ ਵਿਚੋਂ ਉਹਨਾਂ ਲੋਕਾਂ ਨੂੰ ਸੱਭ ਤੋਂ ਵੱਧ ਪੈਸਾ ਮਿਲਣਾ ਚਾਹੀਦੈ, ਜਿਹਨਾਂ ਦਾ ਜਨਮ ਸਰਵੋਤਮ ਹੈ, ਅਤੇ ਜੋ ਉੱਚਤਮ ਸ਼੍ਰੇਣੀ ਦੇ ਹਨ। ਆਖ਼ਿਰ ਤਾਂ ਮਿੱਤਰੋ, ਕੀ ਇਹ ਸ਼ਰਮ ਦੀ ਗੱਲ ਨਹੀਂ ਕਿ ਅਸੀਂ ਰੁਪਏ-ਪੈਸੇ ਦੇ ਮਾਮਲੇ 'ਤੇ ਲੜੀਏ? ਉਹੋ, ਮੈਂ ਇਹ ਜ਼ਿਕਰ ਕਰਨਾ ਤਾਂ ਭੁੱਲ ਹੀ ਗਿਆ ਕਿ ਆਪਣੇ ਪਿਤਾ ਵਲੋਂ, ਮੇਰਾ ਪਰਿਵਾਰ ਰਾਜਿਆਂ-ਮਹਾਰਾਜਿਆਂ ਦੇ ਮੁਲਕ ਵਿੱਚ ਸਿੱਧਾ ਇੱਕ ਬਾਦਸ਼ਾਹ ਨਾਲ ਸੰਬੰਧ ਰੱਖਦਾ ਹੈ।"

"ਬਹੁਤ ਹੋ ਚੁੱਕਿਐ! ਹੁਣ ਇੱਕ ਵੀ ਸ਼ਬਦ ਹੋਰ ਮੂੰਹੋਂ ਨਾ ਕੱਢਣਾ" ਇੱਕ ਚੌਥਾ ਆਦਮੀ ਉੱਚੀ ਤਾਈਂ ਚਿੱਲਾ ਉੱਠਿਆ। ਇਸ ਆਦਮੀ ਨੇ, ਜਿਸ ਦਾ ਪਤਲਾ-ਛੀਟਕਾ ਸਰੀਰ ਲੀਰਾਂ-ਕਚੀਰਾਂ 'ਚ ਲਿਪਟਿਆ ਹੋਇਆ ਸੀ, ਅਤੇ ਜਿਸ ਦੇ ਵਾਲ ਇੱਖਰੇ-ਵਿੱਖਰੇ ਸਨ, ਬੋਲਣ ਲੱਗਿਆਂ ਆਪਣੀਆਂ ਅੱਖਾਂ ਬੇਤਹਾਸ਼ਾ ਏਧਰ-ਉੱਧਰ ਘੁਮਾਈਆਂ।

"ਧਿਹਾੜੇ ਸਾਰਿਆਂ 'ਚੋਂ ਇਕ ਵੀ ਅਜਿਹਾ ਨਹੀਂ, ਜਿਸ ਦੇ ਦਿਲ ਵਿੱਚ ਦਇਆ ਦਾ ਭੋਰਾ ਹੋਵੇ ! ਜੇ ਤੁਹਾਡੇ 'ਚ ਦਇਆ ਦੀ ਛੋਹ-ਮਾਤਰ ਵੀ ਹੁੰਦੀ, ਤਾਂ ਮੈਂ ਸਮਝਦਾਂ, ਤੁਸੀਂ ਅਜਿਹੀਆਂ ਰੁੱਖੀਆਂ ਤੇ ਸਵਾਰਥੀ ਗੱਲਾਂ ਨਾ ਕਰਦੇ ! ਜ਼ਰਾ ਵੇਖੋ ਨਾ, ਜੇ ਅਮੀਰ ਆਦਮੀਆਂ ਨੂੰ, ਤੇਲ ਵੇਚਣ ਨਾਲ ਬਹੁਤਾ ਪੈਸਾ ਨਾ ਵੀ ਮਿਲਿਆ, ਤਾਂ ਉਹ

ਭੁੱਖੇ ਤਾਂ ਨਹੀਂ ਮਰਨ ਲੱਗੇ ! ਰਹੇ ਗ਼ਰੀਬ ਆਦਮੀ, ਉਹ ਵੱਖਰੀ ਤਰ੍ਹਾਂ ਦੇ ਹੁੰਦੇ ਹਨ। ਜੇ ਉਹਨਾਂ ਨੂੰ ਆਪਣਾ ਹਿੱਸਾ ਨਾ ਵੀ ਮਿਲਿਆਂ ਤਾਂ ਉਹ ਭੁੱਖੇ ਤਾਂ ਨਹੀਂ ਮਰ ਜਾਣ ਲੱਗੇ। ਸਾਰੇ ਇਤਿਹਾਸ ਵਿੱਚ ਹੀ, ਗ਼ਰੀਬ ਲੋਕ, ਇੱਕ ਤਰਸ-ਯੋਗ ਦ੍ਰਿਸ਼ ਬਣੇ ਰਹੇ ਸਨ। ਗ਼ਰੀਬ ਪੈਦਾ ਹੋ ਕੇ, ਉਹ ਭਲਾ ਢਿੱਡ-ਭਰ ਕੇ ਖੱਧੇ ਬਿਨਾਂ, ਜੀਵਿਤ ਕਿਵੇਂ ਰਹਿੰਦੇ ਹਨ

ਜਿਉਂ ਹੀ ਉਸ ਆਦਮੀ ਨੇ ਆਪਣੀ ਮੋਟੀ-ਠੁੱਲ੍ਹੀ ਗੱਲ ਮੁਕਾਈ, ਸੂਰਜ ਦੂਰ ਦੋਮੇਲ ਤੋਂ ਥੱਲੇ, ਡੁੱਬਣਾ ਸ਼ੁਰੂ ਹੋ ਗਿਆ ਸੀ। ਦਾਇਰੇ ਵਿੱਚ ਬੈਠੇ ਸੌਦਾਗਰਾਂ ਦੇ ਪਰਛਾਵੇਂ, ਰੇਗਿਸਤਾਨ ਦੀ, ਤੇਜ਼ੀ ਨਾਲ ਠੰਡੀ ਹੋ ਰਹੀ ਰੇਤ ਦੇ ਆਰ-ਪਾਰ ਲੰਮੇ ਹੋਣ ਲੱਗ ਪਏ ਸਨ, ਅਤੇ ਉਹ ਅਚਨਚੇਤੀ, ਇਹ ਮਹਿਸੂਸ ਕਰਨ ਲੱਗ ਪਏ ਸਨ, ਕਿ ਉਹ ਸੱਚਮੁੱਚ ਹੀ ਕਿੰਨੇ ਥੱਕ ਗਏ ਸਨ!

"ਇਸ ਤਰ੍ਹਾਂ ਦਲੀਲਬਾਜ਼ੀ ਕਰਨ . . . " ਪੰਜਵਾਂ ਆਦਮੀ ਖੰਘੂਰਾ ਮਾਰ ਕੇ ਆਪਣੀ ਬੱਗੀ-ਭੂਰੀ ਦਾੜ੍ਹੀ ਨੂੰ ਹੌਲੀ ਜਿਹੀ, ਬਹੁਤ ਸਾਵਧਾਨੀ ਨਾਲ ਖੁਰਕਦਾ ਹੋਇਆ ਆਖਣ ਲੱਗਾ, "ਤੁਹਾਨੂੰ ਨਹੀਂ ਪਤਾ ਲੱਗਦੈ ਕਿ ਇਉਂ ਤਾਂ ਝਗੜਾ ਕਦੇ ਮੁੱਕੇਗਾ ਹੀ ਨਹੀਂ! ਲੱਗਦੈ ਕਿ ਤੁਹਾਡੇ 'ਚ ਅਕਲ ਦੀ ਕੁਝ ਘਾਟ ਹੈ। ਅਕਲ ਦੀ ਕਮੀ ਕਾਰਨ ਜ਼ਿੰਦਗੀ 'ਚ ਕਈ ਨੁਕਸਾਨ ਹੋ ਜਾਂਦੇ ਹਨ। ਸੁਣੋ, ਸਾਰਿਆਂ ਦੀ ਤੱਸਲੀ ਲਈ, ਸਾਡੀ ਮਿਹਨਤ ਨਾਲ ਕਮਾਈ ਹੋਈ ਦੌਲਤ, ਅਸਾਂ ਸਾਰਿਆਂ ਵਿਚਕਾਰ ਬਰਾਬਰ-ਬਰਾਬਰ ਵੰਡੀ ਜਾਣੀ ਚਾਹੀਦੀ ਹੈ – ਸਮੱਸਿਆ ਨੂੰ ਸੁਲਝਾਉਣ ਦਾ ਇਹੋ ਸਭ ਤੋਂ ਸਿਆਣਾ ਢੰਗ ਹੈ, ਕਿਉਂਕਿ ਮੂਰਖਤਾ ਸੱਭ ਨੂੰ ਬਰਬਾਦ ਕਰ ਦਿੰਦੀ ਹੈ।" ਆਪਣੀ ਸੰਖੇਪ ਜਿਹੀ ਗੱਲ ਤਸੱਲੀ ਨਾਲ ਖ਼ਤਮ ਕਰ ਕੇ ਉਹ ਆਦਮੀ ਬੈਠ ਗਿਆ।

ਫਿਰ ਕਾਲੀ ਦਾੜ੍ਹੀ ਵਾਲਾ ਆਦਮੀ ਜੋ ਕਿ ਟੋਲੀ ਦਾ ਸੱਭ ਤੋਂ ਉੱਚਾ-ਲੰਮਾ ਅਤੇ ਤਕੜਾ ਆਦਮੀ ਸੀ, ਅਚਾਨਕ ਉੱਛਲ ਕੇ ਖੜਾ ਹੋ ਗਿਆ ਅਤੇ ਉਹਨੇ ਛੇਤੀ ਨਾਲ, ਆਪਣੀ ਤਲਵਾਰ ਸੂਤ ਲਈ। "ਸੱਭ ਤੋਂ ਜ਼ੋਰਾਵਰ ਹੀ ਫ਼ੈਸਲਾ ਦਿੰਦਾ ਹੈ!" ਤੇ-ਤਿੱਖੀ ਗੜ੍ਹਕਦੀ ਆਵਾਜ਼ ਵਿੱਚ ਆਖਦਿਆਂ, ਉਹ ਆਪਣੇ ਸਾਰੇ ਹੀ ਹੈਰਾਨ-ਭੌਂਚੱਕੇ ਸਾਥੀਆਂ ਨੂੰ ਵੇਖਣ ਲਈ ਏਧਰ-ਉਧਰ ਘੁੰਮਿਆ-ਮੁੜਿਆ। ਸੰਧਿਆ ਦੇ ਲਾਲ-ਲਿਸ਼ਕਦੇ ਸੂਰਜ ਨੇ, ਉਸ ਦੇ ਚਿਹਰੇ ਉੱਤੇ ਪੈ ਕੇ, ਉਸ ਨੂੰ ਅਸਾਧਾਰਨ ਤੌਰ 'ਤੇ ਡਰਾਉਣਾ ਬਣਾ ਦਿੱਤਾ ਸੀ।

"ਸਮਝੇ? ਸੱਭ ਤੋਂ ਮਜ਼ਬੂਤ ਹਥਿਆਰ, ਸੱਭ ਤੋਂ ਤਾਕਤਵਰ ਤਲਵਾਰ ਵਾਲਾ ਆਦਮੀ— ਚਾਹੇ ਮਾਰੂਥੱਲ ਦੇ ਮੱਧ ਵਿੱਚ ਹੋਵੇ, ਚਾਹੇ ਸ਼ਹਿਰ ਵਿੱਚ, ਬਾਦਸ਼ਾਹ ਹੁੰਦੈ। ਇਹ ਫ਼ੈਸਲਾ ਕਰਨਾ ਕਿ ਹੁਕਮ ਕਿਸ ਦਾ ਚੱਲੇਗਾ, ਸਾਧਾਰਨ ਜਿਹੀ ਗੱਲ ਹੈ। ਤੁਸੀਂ ਸਾਰੇ ਆਪਣੀਆਂ-ਆਪਣੀਆਂ ਤਲਵਾਰਾਂ ਕੱਢ ਲਉ!" ਇਹ ਆਖ ਕੇ, ਕਾਲੀ ਦਾੜ੍ਹੀ ਵਾਲਾ ਬਦਮਾਸ਼ ਜਿਹਾ ਆਦਮੀ ਰੇਗਿਸਤਾਨ ਦੀ ਰੇਤ ਵਿੱਚ ਖ਼ੁਸ਼ੀ 'ਚ ਨੱਚਣ ਲੱਗ ਪਿਆ ਅਤੇ ਆਪਣੀ ਤਲਵਾਰ ਐਨ ਆਪਣੇ ਸਾਹਮਣੇ ਵਾਲੇ ਆਦਮੀ ਦੇ ਢਿੱਡ ਵਿੱਚ ਖੋਭ ਦਿਤੀ, ਜੋ ਹਾਲੇ ਆਪਣੀ ਤਲਵਾਰ ਸੂਤਣ ਹੀ ਵਾਲਾ ਸੀ।

ਹਾਂ, ਤੇ ਹੁਣ ਝਗੜਾ ਨਿਰੀ ਬਹਿਸ ਨਹੀਂ ਸੀ ਰਿਹਾ। ਤਕੜਿਆਂ ਅਤੇ ਮਾੜਿਆਂ-ਦੋਵਾਂ ਨੇ ਹੀ, ਆਪਣੀਆਂ ਤਲਵਾਰਾਂ ਸੂਤ ਲਈਆਂ ਅਤੇ ਅੰਨ੍ਹੇ-ਵਾਹ ਇੱਕ-ਦੂਸਰੇ 'ਤੇ ਵਾਰ ਕਰਨੇ, ਫੱਟ ਲਾਉਣੇ ਅਤੇ ਪਾੜਛੇ ਲਾਹੁਣੇ ਸ਼ੁਰੂ ਕਰ ਦਿੱਤੇ।

ਖ਼ੂਬ ਰੌਲਾ-ਰੱਪਾ ਮਚ ਉੱਠਿਆ, ਦੰਗਾ-ਫ਼ਸਾਦ ਵਧ ਗਿਆ। ਕਾਰਵਾਂ ਦੇ ਬੰਦੇ, ਬਿਨਾਂ ਸੋਚੇ-ਸਮਝੇ, ਜੋ ਵੀ ਨੇੜੇ ਆਇਆ, ਇੱਕ-ਦੂਸਰੇ ਨੂੰ ਮਾਰਨ-ਵੱਢਣ ਲੱਗ ਪਏ। ਕਹਿਰਾਂ ਦਾ ਸ਼ੋਰ-ਸ਼ਰਾਬਾ, ਅੰਤਾਂ ਦੀ ਅਫ਼ੜਾ-ਦਫ਼ੜੀ। ਬੰਦੇ ਇੱਕ-ਦੂਸਰੇ ਦੇ ਉੱਪਰ ਡਿੱਗਣ-ਢਹਿਣ ਲੱਗੇ, ਮਾੜੇ ਪਹਿਲਾਂ, ਅਤੇ ਫਿਰ ਹੌਲੀ-ਹੌਲੀ ਮਾਰੂਥੱਲ ਦੀ ਰੇਤ ਵਿੱਚ ਲਹੂ ਦੇ ਛੱਪੜ ਲੱਗ ਗਏ।

ਲੜਦੇ ਹੋਏ ਬੰਦਿਆਂ ਦੀਆਂ ਚੀਕਾਂ-ਕਿਲਕਾਰੀਆਂ, ਸੰਝ ਦੇ ਸੂਰਜ ਦੀ ਰੌਸ਼ਨੀ ਵਿੱਚ ਆਪੋ ਵਿੱਚ

ਟੱਕਰਾਉਂਦੀਆਂ ਤਲਵਾਰਾਂ ਦੀਆਂ ਲਿਸ਼ਕਾਂ-ਝਲਕਾਰੀਆਂ ! ਖਜੂਰ ਦੇ ਬਿਰਛਾਂ ਨਾਲ ਬੰਨ੍ਹੇ ਊਠ ਬਿਹਬਲ, ਬੇਕਰਾਰ ਤੇ ਬੇਮੁਹਾਰ ਹੋ ਉੱਠੇ। ਉਹ ਆਪਣੇ ਪੈਰ ਜ਼ਿਮੀਂ 'ਤੇ ਜ਼ੋਰ-ਜ਼ੋਰ ਦੀ ਮਾਰਨ ਲੱਗੇ ਅਤੇ ਏਧਰ-ਓਧਰ ਉੱਚੜ-ਪੈੜੇ ਲੈਣ ਲੱਗੇ। ਫਿਰ, ਉਹਨਾਂ ਦੀਆਂ ਪਿੱਠਾਂ 'ਤੇ ਰੱਖੇ ਭਾਂਡੇ ਡਿਗੱਣ ਲੱਗ ਪਏ ਅਤੇ ਜ਼ਿਮੀਂ ਤੇ ਡਿੱਗ ਕੇ ਟੁੱਟਣ ਲੱਗ ਪਏ ਅਤੇ ਕੀਮਤੀ ਤੇਲ ਹੌਲੀ-ਹੌਲੀ ਰੇਤ ਵਿੱਚ ਰਿੱਸਣ ਲੱਗ ਪਿਆ, ਪਰ ਜਾਪਦਾ ਸੀ ਕਿ ਹਾਲੇ ਤੱਕ ਵੀ ਕਿਸੇ ਬੰਦੇ ਨੇ ਇਸ ਦਾ ਧਿਆਨ ਨਹੀਂ ਸੀ ਕੀਤਾ। ਉਹ ਇੱਕ-ਦੂਸਰੇ ਨੂੰ ਡੇਗਣ, ਢੇਰੀ ਕਰਨ ਵਿੱਚ ਏਨੇ ਜੁਟੇ ਹੋਏ ਸਨ ਕਿ ਉਹ ਆਪਣੇ ਤੇਲ ਬਾਰੇ, ਪੂਰੀ-ਤਰ੍ਹਾਂ ਭੁੱਲ-ਭੁਲਾ ਹੀ ਗਏ ਸਨ।

ਉਹ ਕਿੰਨੀ ਦੇਰ ਤੱਕ ਲਗਾਤਾਰ ਲੜਦੇ ਰਹੇ, ਕੋਈ ਵੀ ਠੀਕ-ਠੀਕ ਨਹੀਂ ਸੀ ਆਖ ਸਕਦਾ। ਅਖ਼ੀਰ, ਜਦੋਂ ਕਾਫ਼ਿਲੇ ਦੇ ਬਹੁਤ ਸਾਰੇ ਬੰਦੇ, ਇੱਕ-ਇੱਕ ਕਰ ਕੇ ਢੇਰੀ ਹੋ ਗਏ, ਤਾਂ ਸਿਰਫ਼ ਕਾਲੀ ਦਾੜ੍ਹੀ ਵਾਲਾ ਬੰਦਾ ਅਤੇ ਸਿਰ 'ਤੇ ਚਿੱਟੀ ਪੱਗ ਵਾਲਾ ਜਵਾਨ ਹੀ ਮੈਦਾਨ ਵਿੱਚ ਖੜੋਤੇ ਬਾਕੀ ਬਚੇ।

ਜਿਉਂ ਹੀ ਤਿਰਕਾਲਾਂ ਦਾ ਘੁਸਮੁਸਾ ਮਾਰੂਥੱਲ 'ਤੇ ਉੱਤਰਿਆ, ਉਹਨਾਂ ਦੀਆਂ ਤਲਵਾਰਾਂ ਜਦ ਵੀ ਆਪੋ ਵਿੱਚ ਟੱਕਰਾਉਂਦੀਆਂ, ਤਾਂ ਹਵਾ ਵਿੱਚ ਉਡਦੇ-ਉੱਭਰਦੇ ਚੰਗਿਆੜੇ ਵਿਖਾਈ ਦਿੰਦੇ।

ਪਰ ਫਿਰ, ਉਹਨਾਂ ਦੇ ਲੜਨ ਦੀਆਂ ਆਵਾਜ਼ਾਂ ਵੀ ਛੇਤੀ ਹੀ ਮਰ-ਮੁੱਕ ਗਈਆਂ। ਤਲਵਾਰਾਂ ਦੇ ਬਹੁਤ ਸਾਰੇ ਜ਼ਖ਼ਮਾਂ ਨਾਲ ਪੱਛੇ, ਨਿਢਾਲ ਹੋਏ, ਉਹ ਦੋਵੇਂ ਵੀ ਰੇਤ 'ਤੇ ਢਹਿ ਪਏ, ਏਨੇ ਥੱਕੇ-ਟੁੱਟੇ ਕਿ ਉਹਨਾਂ ਵਿੱਚ ਬੋਲ ਸਕਣ ਦੀ ਸ਼ਕਤੀ ਵੀ ਬਾਕੀ ਨਹੀਂ ਸੀ ਬਚੀ!

ਐਨ ਉਸ ਵੇਲੇ, ਰਾਤ ਦੇ ਆਕਾਸ਼ ਵਿੱਚ, ਇੱਕ ਨਵਾਂ ਚੰਨ ਚੜ੍ਹ ਰਿਹਾ ਸੀ, ਆਕਾਸ਼ ਜੋ ਵਧੇਰੇ ਤੇਜ਼ੀ ਨਾਲ ਚਮਕਦੇ ਤਾਰਿਆਂ ਨਾਲ ਭਰਿਆ ਹੋਇਆ ਸੀ, ਏਨੇ ਤਾਰੇ ਕਿ ਕੋਈ ਵੀ ਉਹਨਾਂ ਦੀ ਗਿਣਤੀ ਨਹੀਂ ਸੀ ਕਰ ਸਕਦਾ! ਰੇਗਿਸਤਾਨ ਦੇ ਐਨ ਵਿਚਕਾਰ ਜੋ ਇੱਕ ਵਾਰ ਮੁੜ ਬਹੁਤ ਹੀ ਚੁੱਪ-ਸ਼ਾਂਤ ਸੀ, ਸੌਦਾਗਰਾਂ ਦੇ ਏਧਰ-ਓਧਰ ਪਏ, ਇੱਖਰੇ ਵਿੱਖਰੇ ਸਰੀਰ, ਉਹਨਾਂ ਦੇ, ਤੇਲ ਦੇ ਟੁੱਟੇ-ਭੱਜੇ ਭਾਂਡੇ ਅਤੇ ਹਾਲੇ ਵੀ ਖਜੂਰ ਦੇ ਰੁੱਖਾਂ ਨਾਲ ਬੱਧੇ ਊਠ ਜੋ ਹੁਣ ਚੁੱਪ-ਚਾਪ, ਸ਼ਾਂਤ ਖਲੋਤੇ ਸਨ, ਚੰਦ ਦੀ ਨੀਲੀ-ਚਿਟੀ ਚਾਨਣੀ ਵਿੱਚ ਮੱਧਮ-ਮੱਧਮ, ਨ੍ਹਿੰਮੇ-ਨ੍ਹਿੰਮੇ ਚਮਕ ਰਹੇ ਸਨ।

ਅਤੇ ਫਿਰ ਹੋਇਆ ਇਉਂ ਕਿ ਰੇਗਿਸਤਾਨ ਦੀ ਰੇਤ ਹੌਲੀ-ਹੌਲੀ ਉੱਪਰ ਵਲ ਨੂੰ ਉੱਠਣ ਲੱਗ ਪਈ ਅਤੇ ਛੇਤੀ ਹੀ ਰੇਤ ਦਾ ਇੱਕ ਪਹਾੜ ਜਿਹਾ ਬਣ ਗਿਆ। ਅਤੇ ਫਿਰ ਮਣਾਂ, ਟਣਾਂ ਮੂੰਹੀਂ ਰੇਤ ਖਿਸਕੀ ਅਤੇ ਰੇਤ ਦੇ ਬਹੁਤ ਵੱਡੇ ਢੇਰ ਦੇ ਹੇਠੋਂ ਇੱਕ ਦੇਉ-ਕੱਦ ਡਾਈਨੋਸੌਰ (ਰੀਂਗਣ ਵਾਲਾ ਇਕ ਵਿਸ਼ਾਲ-ਵਿਕਰਾਲ ਜਾਨਵਰ, ਜੋ ਅੱਜ-ਕੱਲ੍ਹ ਲੁਪਤ ਹੋ ਚੁੱਕਾ ਹੈ) ਪ੍ਰਗਟ ਹੋਇਆ।

ਇਹ ਡਾਈਨੋਸੌਰ ਉਥੇ ਡੂੰਘੀ ਹੋਰ ਡੂੰਘੀ, ਰੇਤ ਵਿੱਚ, ਕਈ ਹਜ਼ਾਰ ਸਾਲਾਂ ਤੋਂ ਸੁੱਤਾ ਹੋਇਆ ਸੀ, ਪਰ ਉਸ ਨੂੰ ਕਦੇ, ਇਕ ਵਾਰ ਵੀ ਭੁੱਖ ਜਾਂ ਤ੍ਰੇਹ ਨਹੀਂ ਸੀ ਲੱਗੀ ਕਿਉਂਕਿ ਉਸ ਦੇ ਸਿਰ ਦੇ ਐਨ ਉੱਪਰ, ਵੱਡਾ ਸਾਰਾ ਨਖ਼ਲਿਸਤਾਨ ਸੀ। ਇਸ ਨਖ਼ਲਿਸਤਾਨ ਦੇ ਗੱਭੇ ਇਕ ਚਸ਼ਮਾ ਸੀ ਅਤੇ ਹਰ ਰੋਜ਼ ਹੀ ਬਹੁਤ ਸਾਰਾ ਸਾਫ਼-ਸ਼ੱਫ਼ਾਫ਼ ਤੇ ਠੰਡਾ-ਸੀਤ ਪਾਣੀ, ਇਸ ਚਸ਼ਮੇ ਵਿਚੋਂ ਬੂੰਬ ਦੇ ਕੇ ਨਿਕਲਦਾ ਰਹਿੰਦਾ ਸੀ ਅਤੇ ਸਿੱਧਾ ਡਾਈਨੋਸੌਰ ਦੇ ਮੂੰਹ ਵਿੱਚ ਪੈਂਦਾ ਰਹਿੰਦਾ ਸੀ।

ਇਸ ਬਹੁਤ ਵੱਡੇ ਜੀਵ ਦੀ ਪਿੱਠ ਉੱਪਰ ਬਹੁਤ ਸਾਰੀਆਂ, ਬਹੁਤ ਹੀ ਲੰਮੀਆਂ-ਲੰਮੀਆਂ ਸੂਲਾਂ ਸਨ, ਜੋ ਅਸਮਾਨ ਨੂੰ ਚੀਰਦੀਆਂ ਜਾਪ ਰਹੀਆਂ ਸਨ ਅਤੇ ਉਹ ਚੰਨ-ਚਾਨਣੀ ਵਿੱਚ ਅਜੀਬ ਤਰ੍ਹਾਂ ਜਗਮਗ-ਜਗਮਗ ਕਰ ਰਹੀਆਂ ਸਨ। ਉਸ ਦੇ ਸਿਰ ਵਿਚਲੀਆਂ ਦੋ ਵੱਡੀਆਂ-ਵੱਡੀਆਂ ਲਾਲ-ਲਾਲ ਅੱਖੀਆਂ ਲਿਸ਼ਕ ਰਹੀਆਂ ਸਨ ਅਤੇ

ਉਸਦੇ ਮੂੰਹ ਵਿੱਚ ਤਿੱਖੇ-ਤਿੱਖੇ ਦੰਦਾਂ ਦੀਆਂ ਬੀੜਾਂ ਸਨ ਜੋ ਏਨੇ ਵੱਡੇ-ਵੱਡੇ ਤੇ ਮਜ਼ਬੂਤ ਸਨ ਕਿ ਪੱਥਰਾਂ ਨੂੰ ਵੀ ਚਬਾ ਜਾਣ।

ਡਾਈਨੋਸੌਰ ਛਿਣ-ਪਲ ਲਈ ਖੜਾ ਹੋ ਗਿਆ, ਉਹਨੇ ਆਪਣਾ ਵੱਡਾ ਸਾਰਾ ਥੂੰਨ ਜ਼ਮੀਨ 'ਤੇ ਪਏ ਸਾਰੇ ਬੰਦਿਆਂ 'ਤੇ ਇੱਕ ਝਾਤ ਪਾਉਣ ਲਈ ਹੌਲੀ-ਹੌਲੀ ਏਧਰ-ਓਧਰ ਘੁਮਾਇਆ। ਫਿਰ ਉਹ ਸਹਿਜੇ-ਸਹਿਜੇ ਰੀਂਗਦਾ ਹੋਇਆ, ਅੱਗੇ ਵਧਿਆ ਅਤੇ ਆਪਣਾ ਵੱਡਾ ਸਾਰਾ ਮੂੰਹ ਅੱਡ ਕੇ, ਉਹਨਾਂ ਨੂੰ, ਇੱਕ-ਤੋਂ-ਬਾਅਦ-ਇੱਕ, ਖਾਣ ਲੱਗ ਪਿਆ। ਉਥੇ ਪਏ ਸਰੀਰਾਂ ਵਿੱਚ ਕੁੱਝ ਅਜਿਹੇ ਸਨ ਜੋ ਆਪਣਾ ਆਖ਼ਰੀ ਸਾਹ ਲੈਂਦੇ, ਚਿੱਲਾ ਰਹੇ ਸਨ। ਅਤੇ ਕੁੱਝ ਹੋਰ ਅਜਿਹੇ ਵੀ ਸਨ ਜੋ ਭਾਵੇਂ ਬਹੁਤ ਬੁਰੀ-ਤਰ੍ਹਾਂ ਜ਼ਖ਼ਮੀ ਹੋ ਚੁੱਕੇ ਸਨ ਪਰ ਹਾਲੇ ਵੀ ਹਿੱਲ-ਜੁਲ ਰਹੇ ਸਨ, ਪਰ ਡਾਈਨੋਸੌਰ ਨੇ ਕੋਈ ਧਿਆਨ ਨਾ ਕੀਤਾ। ਉਹਨੇ ਭਿਆਨਕ ਘੱਪ-ਘੱਪ ਤੇ ਕ੍ਰਿੱਚ-ਕ੍ਰਿੱਚ ਕਰ ਕੇ, ਉਹਨਾਂ ਸਭਨਾਂ ਨੂੰ ਖਾ ਲਿਆ ਅਤੇ ਆਖ਼ਰੀ ਬੰਦੇ ਨੂੰ ਖਾਣ ਤੋਂ ਬਾਅਦ, ਉਹਨੇ ਬਹੁਤ ਜ਼ੋਰ ਦੀ ਛਿੱਕ ਮਾਰੀ ਅਤੇ ਫਿਰ ਆਪਣੇ-ਆਪ ਨਾਲ ਹੀ ਗੱਲਾਂ ਕਰਨ ਲੱਗ ਪਿਆ।

"ਵਾਹ, ਕਿੰਨਾ ਜ਼ੋਰ ਦਾ ਹੁੱਲੜ ਸੀ! ਮਨੁੱਖ ਯਕੀਨਨ ਹੀ ਉੱਚੀ-ਉੱਚੀ ਰੌਲਾ ਪਾਉਣ ਵਾਲੇ ਪ੍ਰਾਣੀ ਹਨ! ਮੈਂ ਹੈਰਾਨ ਹਾਂ ਕਿ ਉਹਨਾਂ ਨੂੰ ਆਪੋ-ਵਿੱਚ ਏਨੀ ਉੱਚੀ-ਉੱਚੀ ਦਲੀਲਬਾਜ਼ੀ ਕਰਨ ਦੀ ਲੋੜ ਕਿਉਂ ਪੈਂਦੀ ਹੈ ਅਤੇ ਫਿਰ ਅਖ਼ੀਰ ਉਹ ਹਮੇਸ਼ਾ ਹੀ ਇੱਕ-ਦੂਸਰੇ ਨਾਲ ਲੜ ਕਿਉਂ ਪੈਂਦੇ ਹਨ। ਮੈਂ ਤਾਂ ਹੋਰ ਪੰਜਾਹ ਹਜ਼ਾਰ ਸਾਲ, ਰੇਤ ਵਿੱਚ ਸੁੱਤੇ ਰਹਿਣ ਦਾ ਮਨ ਬਣਾਇਆ ਹੋਇਆ ਸੀ, ਕਿਉਂਕਿ ਮੈਂ ਹਿਸਾਬ ਲਾ ਲਿਆ ਸੀ ਕਿ ਉਦੋਂ ਤੱਕ ਧਰਤੀ ਕੁੱਝ ਕੁ ਵਧੇਰੇ ਸ਼ਾਂਤ ਹੋ ਜਾਵੇਗੀ।"

ਡਾਈਨੋਸੌਰ ਨੇ ਉੱਚੀ-ਜਿਹੀ ਡਕਾਰ ਮਾਰਿਆ।

"ਹਾਂ, ਇਉਂ ਹੀ ਹੁੰਦਾ ਹੈ। ਉਹਨਾਂ ਮਨੁਖਾਂ ਨੇ ਐਨ ਮੇਰੇ ਸਿਰ ਦੇ ਉੱਪਰ, ਆਪਣੀ ਰੌਲੇ-ਗੌਲੇ ਵਾਲੀ ਦਲੀਲਬਾਜ਼ੀ ਸ਼ੁਰੂ ਕਰ ਦਿੱਤੀ ਅਤੇ ਮੈਨੂੰ ਜਗਾ ਦਿੱਤਾ। ਫਿਰ, ਕੁੱਝ ਚਿਰ ਪਿੱਛੋਂ, ਇੰਝ ਜਾਪਿਆ, ਜਿਵੇਂ ਏਧਰ-ਓਧਰ ਬਹੁਤ ਸਾਰੀ ਨੱਸ-ਭੱਜ ਹੁੰਦੀ ਰਹੀ, ਤਲਵਾਰਾਂ ਦੇ ਆਪੋ-ਵਿੱਚ ਟੱਕਰਾਉਣ ਦੀਆਂ ਆਵਾਜ਼ਾਂ ਆਉਂਦੀਆਂ ਰਹੀਆਂ ਅਤੇ ਛੇਤੀ ਹੀ, ਖ਼ੁਸ਼ਬੋਦਾਰ ਤੇਲ ਦੀ ਦੇਵਲੋਕੀ ਬਹਿਸ਼ਤੀ ਵਾਸ਼ਨਾ ਮੇਰੇ ਨੱਕ ਵਿੱਚ ਝੁਣਝੁਣੀਆਂ ਛੇੜਨ ਲੱਗ ਪਈ। ਇਹ ਸੱਭ ਕੁੱਝ ਹੁੰਦਿਆਂ, ਮੈਂ ਭਲਾ ਕਿਵੇਂ ਸੌਂ ਸਕਦਾ ਸਾਂ, ਇਸ ਲਈ ਮੈਂ ਏਥੇ, ਉੱਪਰ ਆ ਗਿਆ ਅਤੇ ਆ ਕੇ ਇਹ ਸਾਰੀ ਗੜ-ਬੜ ਦੇਖੀ।"

ਫਿਰ ਡਾਈਨੋਸੌਰ ਨੇ ਆਪਣੀ ਪਿੱਠ ਥੱਲੇ ਨੂੰ ਝੁਕਾਈ ਅਤੇ ਹੌਲੀ-ਹੌਲੀ ਰੇਤ ਤੇ ਬੈਠ ਗਿਆ। ਉਹਨੇ ਸਾਵਧਾਨੀ ਨਾਲ ਆਪਣੀ ਪੂਛ ਮੋੜੀ, ਉਸ ਵਿਚ ਵਲ-ਵਲੇਵੇਂ ਪਾਏ, ਤਾਂ ਜੋ ਆਪਣੇ ਆਪ ਨੂੰ ਤੇਜ਼ ਤਿੱਖੀਆਂ ਸੂਲਾਂ ਤੇ ਬੈਠਣ ਤੋਂ ਬਚਾ ਸਕੇ ਅਤੇ ਫਿਰ ਉਹਨੇ, ਰਾਤ ਦੇ ਨਿਰਮਲ-ਨਿੱਖਰੇ ਅਸਮਾਨ ਵਿੱਚ ਝਿਲਮਿਲ-ਝਿਲਮਿਲ ਕਰਦੇ ਤਾਰਿਆਂ ਵਲ ਤੱਕਿਆ।

"ਉਫ਼, ਉੱਪਰ ਅਸਮਾਨ ਵਿਚਲੇ ਇਹ ਤਾਰੇ, ਉਦੋਂ ਤੋਂ ਰਤਾ-ਭਰ ਵੀ ਨਹੀਂ ਬਦਲੇ, ਜਦੋਂ ਅਸੀਂ : ਡਾਈਨੋਸੌਰ ਇਸ ਦੁਨੀਆ ਤੇ ਰਾਜ ਕਰਦੇ ਸਾਂ . . .। ਸਾਡੇ ਸਮੇਂ ਵਿੱਚ ਵੀ, ਲੜਾਈ ਕਦੇ ਵੀ ਰੁਕੀ ਨਹੀਂ ਸੀ ਜਾਪੀ , ਅਤੇ ਮੇਰੇ ਕਿੰਨੇ-ਸਾਰੇ ਮਿੱਤਰ, ਇੱਕ-ਤੋਂ-ਮਗਰੋਂ-ਇੱਕ, ਮਰ-ਮੁੱਕ ਗਏ। ਹੁਣ, ਉਹਨਾਂ 'ਚੋਂ ਹਰ ਕੋਈ, ਉਹ ਸਾਰੇ ਹੀ ਮਰ ਮੁੱਕ ਗਏ ਹਨ।" ਡਾਈਨੋਸੌਰ ਨੇ ਡੂੰਘੀ ਉਦਾਸੀ ਵਿੱਚ ਆਖਿਆ, "ਮੇਰੇ ਭਰਾ ਅਤੇ ਭੈਣਾਂ, ਮੇਰੇ ਮਿੱਤਰ . . . ਸਾਰੇ ਹੀ ਮਰ-ਖਪ ਗਏ ਹਨ।"

"ਉਹਨਾਂ ਸਾਥੀਆਂ ਨਾਲ ਲੜਨ ਅਤੇ ਉਹਨਾਂ ਨੂੰ ਮਾਰਨ ਤੋਂ ਮਗਰੋਂ ਜਿਹਨਾਂ ਨੂੰ ਹੁਣ ਮੈਂ ਮਿੱਤਰਾਂ ਵਾਂਗ ਨਹੀਂ ਸਾਂ ਸਮਝ ਸਕਦਾ, ਮੈਂ ਉਦੋਂ ਤੱਕ ਚੁਪ-ਸ਼ਾਂਤ ਰੇਗਿਸਤਾਨ ਦੇ ਹੇਠ ਸੌਣ ਦਾ ਫ਼ੈਸਲਾ ਕੀਤਾ, ਜਦ ਤੱਕ ਕਿ ਸਾਰੀ ਲੜਾਈ

ਖ਼ਤਮ ਨਹੀਂ ਹੋ ਜਾਂਦੀ। ਪਰ, ਹਾਂ, ਹੁਣ ਇਹ ਮਨੁੱਖ ਹਨ। ਇਹ ਦੁਖੀ ਨਿੱਕੇ ਦੋ-ਲੱਤੇ ਜੀਵ ! ਗਿਣਤੀ ਵਿੱਚ ਵਧੇਰੇ ਹੀ ਵਧੇਰੇ, ਹੱਤਾ ਕਿ ਉਹਨਾਂ ਨਾਲ ਸਾਰੀ ਧਰਤੀ ਭਰ ਗਈ ਅਤੇ ਹੁਣ ਉਹਨਾਂ ਏਥੇ-ਉੱਥੇ, ਹਰ ਥਾਂ ਲੜਨਾ ਸ਼ੁਰੂ ਕਰ ਦਿੱਤਾ ਹੈ। ਮੈਂ ਦੱਸ ਸਕਦਾ ਕਿ ਕੀ ਹੋਵੇਗਾ। ਜੇ ਉਹ ਇਉਂ ਹੀ ਕਰਦੇ ਰਹੇ, ਤਾਂ ਮਨੁੱਖ ਛੇਤੀ ਹੀ ਲੁਪਤ ਹੋ ਜਾਣਗੇ। ਕਿੰਨੇ ਅਫ਼ਸੋਸ ਦੀ ਗੱਲ ਹੈ!"

ਡਾਈਨੋਸੌਰ ਨੇ ਹੌਲੀ-ਹੌਲੀ ਆਪਣੀਆਂ ਅੱਖਾਂ ਮੀਚ ਲਈਆਂ ਅਤੇ ਉਸ ਵੱਡੇ ਸਾਰੇ ਡਕਾਰ ਨੂੰ ਰੋਕਿਆ ਜੋ ਉਸ ਦੇ ਬਹੁਤ ਵੱਡੇ ਸਾਰੇ ਢਿੱਡ ਦੀ ਕਿਸੇ ਡੂੰਘਾਈ 'ਚੋਂ ਸ਼ੁਰੂ ਹੋਇਆ ਸੀ ਅਤੇ ਫਿਰ ਆਪਣੀਆਂ ਵੱਡੀਆਂ-ਵੱਡੀਆ ਲਾਲ-ਲਾਲ ਅੱਖਾਂ ਖੋਲ੍ਹ ਕੇ, ਏਧਰ-ਓਧਰ ਘੁਮਾਈਆਂ। ਇੰਜ ਜਾਪ ਰਿਹਾ ਸੀ, ਜਿਵੇਂ ਉਹ ਅਤੀਤ ਵਿਚੋਂ ਕੁੱਝ ਚੇਤੇ ਕਰ ਰਿਹਾ ਹੋਵੇ!

ਉਸ ਦੀ ਅੱਖ ਵਿੱਚ ਇਕ ਬਹੁਤ ਵੱਡਾ ਸਾਰਾ, ਸਾਫ਼-ਸ਼ੱਫ਼ਾਫ਼ ਅੱਥਰੂ ਆਇਆ। ਫਿਰ ਵੱਡੇ ਸਾਰੇ ਡਾਈਨੋਸੌਰ ਨੇ ਇੱਕ ਡੂੰਘਾ, ਬਹੁਤ ਡੂੰਘਾ ਸਾਹ ਲਿਆ ਅਤੇ ਅਚਨਚੇਤੀ, ਉੱਚੀ ਦੇਣੀ, ਧੱਪ ਕਰ ਕੇ ਵੱਖੀ-ਪਰਨੇ, ਰੇਤ ਵਿੱਚ ਢਹਿ ਪਿਆ। ਕੁੱਝ ਕੁ ਮਿੰਟਾਂ 'ਚ ਹੀ, ਉਹ ਇੱਕ ਪਰਬਤਹਾਰ ਜੀਵ-ਪੱਥਰ ਵਿੱਚ ਬਦਲ ਗਿਆ।

ਉਸ ਵੇਲੇ, ਰੇਗਿਸਤਾਨ ਦੇ ਉੱਪਰ, ਸਰਘੀ ਦੇ ਆਕਾਸ਼ ਵਿੱਚ, ਇੱਕ ਅਸਚਰਜਤਾਜਨਕ ਸੱਤਰੰਗੀ ਪੀਂਘ ਵਿਖਾਈ ਦਿੱਤੀ, ਏਨੀ ਵੱਡੀ ਪੀਂਘ ਕਿ ਜਾਪਦਾ ਸੀ ਕਿ ਉਹਨੇ ਆਕਾਸ਼ ਨੂੰ ਅਤੇ ਉਸ ਦੇ ਸਾਰੇ ਤਾਰਿਆਂ ਨੂੰ ਨਿਗਲ ਲਿਆ ਹੈ।

"ਕੀ ਇਹ ਮ੍ਰਿਗ-ਤ੍ਰਿਸ਼ਨਾ ਸੀ?" ਇਹ ਸਰਸਰਾਹਟ, ਇਹ ਫੁਸਫੁਸਾਹਟ ਰੇਗਿਸਤਾਨ ਦੇ ਵਿਸ਼ਾਲ ਆਕਾਸ਼ ਦੇ ਆਰ-ਪਾਰ ਫੈਲ ਗਈ ਅਤੇ ਹਵਾ ਦੇ ਮੋਢਿਆਂ ਤੇ ਸਵਾਰ ਹੋ ਕੇ ਧਰਤੀ ਦੇ ਦੂਸਰੇ ਸਿਰੇ ਤੱਕ ਅਤੇ ਉਸ ਤੋਂ ਵੀ ਪਰੇ-ਪਰੇਡੇ ਪੁੱਜ ਗਈ।

---

# ਖ਼ਹਾਰ ਆਉਂਦੀ ਹੈ ਕਿੱਥੋਂ ?

ਇਸ ਵਰ੍ਹੇ, ਨੇੜੇ ਦੇ ਪਿੰਡ ਤੋਂ ਦੂਰ, ਬਾਂਦਰ-ਪਰਬਤ ਉੱਤੇ ਲਗਾਤਾਰ ਜ਼ੋਰ ਦੀ ਬਰਫ਼ ਪੈਂਦੀ ਰਹੀ, ਜਿਵੇਂ ਕਿ ਉਹ ਕਦੇ ਵੀ ਬੰਦ ਹੀ ਨਹੀਂ ਹੋਵੇਗੀ !

ਬਾਂਦਰ-ਪਰਬਤ ਦਾ ਮੁਖੀਆ, ਦਾਨਕੀਚੀ, ਠੰਡ ਨਾਲ ਕੰਬਣ ਲੱਗਾ, ਜਿਉਂ ਹੀ ਉਸ ਨੇ ਗੁਫਾ ਦੇ ਬੂਹੇ ਤੋਂ ਸਿਰ ਬਾਹਰ ਕੱਢਿਆ ਅਤੇ ਉਸ ਨੇ ਲੰਮੇ-ਚੌੜੇ ਆਕਾਸ਼ ਨੂੰ ਗਹੁ ਨਾਲ ਵੇਖਿਆ। ਦੂਰ, ਬਹੁਤ ਦੂਰ ਪਰ੍ਹੇ, ਬਰਫ਼ ਦੀ ਜ਼ੋਰਦਾਰ ਬੁਛਾੜ ਪੈ ਰਹੀ ਸੀ; ਜਿਵੇਂ ਅੰਬਰ ਵਿੱਚ ਬਹੁਤ ਉੱਚੀ ਚੱਲ ਰਹੀ ਆਤਸ਼ਬਾਜ਼ੀ 'ਚੋਂ, ਚਿੱਟੇ-ਚਿੱਟੇ ਚੰਗਿਆੜੇ ਕਿਰ ਰਹੇ ਹੋਣ, ਅਤੇ ਉਹ ਪਹਾੜੀਆਂ ਤੇ ਪੱਤਰ-ਹੀਣ ਰੁੱਖਾਂ ਅਤੇ ਸੁੱਕੇ ਘਾਹ ਦੇ ਮੈਦਾਨਾਂ ਨੂੰ ਕੱਜ ਰਹੀ ਸੀ।

ਇਸ ਦ੍ਰਿਸ਼ ਨੂੰ ਹੈਰਾਨੀ ਨਾਲ ਦੇਖਦਿਆਂ, ਦਾਨਕੀਚੀ ਨੇ ਆਪਣੇ ਹੀ ਅੰਦਰ, ਕਿਸੇ ਨੂੰ ਆਖਦਿਆਂ ਸੁਣਿਆ, "ਕਾਸ਼ ਕਿਧਰੇ, ਹਰ ਇੱਕ ਬਰਫ਼-ਗੋੜ੍ਹਾ, ਖਾਣ ਵਾਲੀ ਕੋਈ ਚੀਜ਼ ਹੁੰਦਾ . .!" ਜਿਉਂ ਹੀ, ਉਹਨੇ ਹੌਲੀ-ਹੌਲੀ ਆਪਣੀਆਂ ਉਂਗਲੀਆਂ ਤੇ ਗਿਣਤੀ ਸ਼ੁਰੂ ਕੀਤੀ।

"ਸੇਬ, ਅੰਗੂਰ, ਬਰਚਾ-ਫਲ, ਅਖ਼ਰੋਟ . . . ਹਾਂ, ਅਤੇ ਤੇਂਦੂ, ਸ਼ੱਕਰਕੰਦੀਆਂ . . . ਉਫ਼, ਇਸ ਪਿਛਲੇ ਇੱਕ ਮਹੀਨੇ ਦੇ ਦੌਰਾਨ, ਮੈਨੂੰ ਆਪਣੇ ਢਿੱਡ ਵਿੱਚ ਪਾਉਣ ਲਈ ਲੱਗ-ਭਗ ਕੁਝ ਵੀ ਨਹੀਂ ਮਿਲਿਆ। ਵਿਚਾਰਾ ਮੇਰਾ ਇਹ ਪੇਟ ! ਜਾਪਦਾ ਹੈ, ਜਿਵੇਂ ਉਹ ਮੇਰੀ ਕੰਗਰੋੜ ਨਾਲ ਹੀ ਜੁੜ ਗਿਆ ਹੋਵੇ, ਅਤੇ ਜੇ ਹਾਲਾਤ ਵਿੱਚ, ਛੇਤੀ ਹੀ ਕੋਈ ਸੁਧਾਰ ਨਾ ਹੋਇਆ, ਤਾਂ ਮੈਂ ਤੇ ਭੁੱਖਾ ਹੀ ਮਰ ਜਾਵਾਂਗਾ।"

ਬਾਂਦਰਾਂ ਦਾ ਆਗੂ ਬੁਰੀ ਤਰ੍ਹਾਂ ਕੰਬਣ ਲੱਗ ਪਿਆ ਸੀ ਅਤੇ ਉਸ ਦਾ ਦੰਦੋੜਿੱਕਾ ਵੱਜ ਰਿਹਾ ਸੀ। ਉਹਨੇ ਆਪਣੀਆਂ ਅੱਖਾਂ ਗੁਫਾ ਦੇ ਅੰਦਰ ਵਲ ਨੂੰ ਭੁਆਈਆਂ।

ਗੁਫ਼ਾ ਦੀ ਮੱਧਮ ਰੌਸ਼ਨੀ ਵਿੱਚ, ਦਾਨਕੀਚੀ ਦਾ ਸਾਰਾ 'ਬਾਂਦਰ-ਪਰਬਤ' ਕਬੀਲਾ, ਹਰੇਕ ਪਰਿਵਾਰ ਜਾਂ ਮਿੱਤਰਾਂ ਦਾ ਜੁੱਟ, ਨਿੱਘ ਲਈ ਗੁੱਛਮ-ਗੁੱਛਾ ਹੋਇਆ ਬੈਠਾ ਸੀ — ਬੱਚਾ-ਬਾਂਦਰ ਆਪਣੀਆਂ ਮਾਵਾਂ ਦੀਆਂ ਛਾਤੀਆਂ ਨਾਲ, ਬੁਰੀ ਤਰ੍ਹਾਂ ਚੰਬੜੇ ਹੋਏ ਸਨ। ਨਿੱਕੇ ਨਿੱਕੇ ਬਾਂਦਰ, ਇੱਕਠੇ ਹੋ ਕੇ ਨਿਰਾਸ਼ਾ ਨਾਲ, ਆਪਣੇ ਦੰਦ ਕਰੀਚ ਰਹੇ ਸਨ ਅਤੇ ਵੱਡੇ ਬਾਂਦਰ, ਆਪਣੇ ਸਿਰ, ਇੱਕ ਪਾਸੇ ਨੂੰ ਸੁੱਟੀ ਦੂਰ ਖ਼ਿਲਾਅ ਵਿੱਚ ਘੂਰ ਰਹੇ ਸਨ। ਇਹਨਾਂ ਪਤਲੇ ਤੇ ਮਾੜਕੂ ਜਿਹੇ ਬਾਂਦਰਾਂ ਵਿੱਚ. ਕੇਵਲ ਅੱਖਾਂ ਹੀ, ਜੀਵਨ-ਚਿਣਗ ਨਾਲ ਚਮਕ ਰਹੀਆਂ ਸਨ ਅਤੇ ਉਹ ਸਾਰੀਆਂ ਅੱਖਾਂ ਆਪਣੇ ਸਰਦਾਰ ਦਾਨਕੀਚੀ ਵਲ ਤੱਕ ਰਹੀਆਂ ਸਨ, ਚੁੱਪ-ਚਾਪ, ਖ਼ਾਮੋਸ਼, ਜਿਵੇਂ ਉਸ ਕੋਲ ਖਾਣ ਵਾਲੀ ਕਿਸੇ ਸ਼ੈਅ ਲਈ ਹਾੜ੍ਹੇ ਕੱਢ ਰਹੀਆਂ ਹੋਣ।

ਦਾਨਕੀਚੀ ਹੁਣ ਪਿਛਲੇ ਕਈ ਵਰ੍ਹਿਆਂ ਤੋਂ ਬਾਂਦਰ-ਪਰਬਤ ਦਾ ਮੁਖੀਆ ਸੀ। ਉਹ ਆਪਣੇ ਕਬੀਲੇ ਦਾ ਨਾ ਸਿਰਫ਼ ਸੱਭ ਤੋਂ ਤਾਕਤਵਰ ਬਾਂਦਰ ਹੀ ਸੀ, ਸਗੋਂ ਉਸ ਦੀ ਸੂਝ-ਸਿਆਣਪ, ਸੂਰਮਤਾਈ ਅਤੇ ਦਇਆ ਭਾਵਨਾ ਨੇ, ਉਸ ਲਈ, ਉਹਨਾਂ ਬਾਂਦਰਾਂ ਦਾ ਆਦਰ-ਸਤਿਕਾਰ ਵੀ ਪ੍ਰਾਪਤ ਕਰ ਲਿਆ ਸੀ, ਜਿਹਨਾਂ 'ਤੇ ਉਹ ਹਕੂਮਤ ਕਰਦਾ ਸੀ।

ਜਦ ਕਦੇ ਵੈਰੀ-ਬਾਂਦਰ ਹਮਲਾ ਕਰਦੇ, ਤਾਂ ਦਾਨਚੀਨੀ ਹਮੇਸ਼ਾ ਆਪਣੇ ਕਬੀਲੇ ਦੇ ਅੱਗੇ ਖੜ ਕੇ ਲੜਦਾ ਅਤੇ ਜਦ ਕਦੇ ਉਸ ਦੇ ਆਪਣੇ ਬਾਂਦਰਾਂ ਵਿਚਕਾਰ ਲੜਾਈ ਛਿੜ ਪੈਂਦੀ, ਤਾਂ ਉਹ ਅਮਨ ਦੀ ਬਹਾਲੀ ਲਈ ਝੱਟ-



ਪੱਟ ਵਿਚਾਲੇ ਕੁੱਦ ਪੈਂਦਾ। ਹਾਂ, ਤੇ ਉਹ ਬੜੇ ਹੀ ਧਿਆਨ ਲਾਲ ਬਿਰਧ ਬਾਂਦਰਾਂ, ਮਾਵਾਂ ਅਤੇ ਉਹਨਾਂ ਦੇ ਬੱਚਿਆਂ ਦੀ ਰੱਖਿਆ ਕਰਦਾ।

ਇਸ ਤਰ੍ਹਾਂ ਸਾਰੇ ਬਾਂਦਰਾਂ ਦੀਆਂ ਆਸਾ-ਉਮੀਦਾਂ ਦਾਨਕੀਚੀ ਦੇ ਮੋਢਿਆਂ 'ਤੇ ਟਿਕੀਆਂ ਹੋਈਆਂ ਸਨ। ਆਪਣੀਆਂ ਜ਼ਿੰਮੇਵਾਰੀਆਂ ਦੇ ਭਾਰ ਨੂੰ ਮਹਿਸੂਸਦਿਆਂ ਸਰਦਾਰ ਨੇ ਆਪਣੇ ਦੰਦ ਭਰੀੜੇ, ਆਪਣੀਆਂ ਅੱਖਾਂ ਮੀਚੀਆਂ, ਜਿਉਂ ਹੀ ਉਹਨੇ ਆਪਣੀ ਵੱਧ-ਤੋਂ-ਵੱਧ ਸਿਆਣਪ ਜੁਟਾਣ ਦਾ ਯਤਨ ਕੀਤਾ।

ਅੱਖਾਂ ਮੀਟ ਕੇ ਵੀ, ਭਾਵੇਂ ਉਹਨੇ ਸੋਚਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਇੱਕ ਨਿਸ਼ਚਿਤ ਦ੍ਰਿਸ਼ ਉਸ ਦੀਆਂ ਮਨ-ਅੱਖਾਂ ਅੱਗੇ ਨੱਚਦਾ ਰਿਹਾ। ਇਹ ਕੋਈ ਅਜਿਹੀ ਗੱਲ ਸੀ, ਜੋ ਇਸ ਪਿਛਲੇ ਸਾਲ ਦੇ ਗ਼ੈਰ ਮੰਨਣ-ਯੋਗ ਤੌਰ 'ਤੇ ਗਰਮ ਹੁਨਾਲ ਦੇ ਅਖ਼ੀਰ ਤੇ ਇੱਕ ਦਿਨ ਹੋਈ ਸੀ।

ਇਸ ਸਾਲ ਹੁਨਾਲ ਬਹੁਤ ਹੀ ਜ਼ਿਆਦਾ ਗਰਮ ਰਿਹਾ ਸੀ, ਕਿਸੇ ਵੀ ਉਸ ਹੁਨਾਲ ਨਾਲੋਂ ਵਧੇਰੇ ਗਰਮ, ਜੋ ਬਾਂਦਰ-ਪਰਬਤ ਦੇ ਬੁੱਢੇ ਬਾਂਦਰ ਨੇ ਵੇਖਿਆ-ਹੰਢਾਇਆ ਸੀ। ਤੇ-ਤਿੱਖਾ ਸੂਰਜ ਹੁਨਾਲ ਦੇ ਅਸਮਾਨ ਨੂੰ ਲੂਹ ਰਿਹਾ ਸੀ। ਖੇਤ ਅਤੇ ਪਰਬਤ ਭੁੱਜ ਕੇ ਸੁੱਕੇ-ਭੂਰੇ ਹੋ ਗਏ ਸਨ। ਅਸਮਾਨ ਵਿੱਚ, ਜਿਸ ਦੀ ਨੀਲੱਤਣ ਫਿੱਕੀ ਪੈ ਕੇ, ਲੱਗ-

ਭੌਗ ਚਿੱਟੀ-ਸਫ਼ੈਦ ਹੋ ਗਈ ਸੀ, ਬੱਦਲ ਏਧਰ-ਓਧਰ ਤਰ ਰਹੇ ਸਨ, ਵਰਖਾ ਦਾ ਸੰਕੇਤ ਲੱਗਦਾ ਸੀ, ਪਰ ਤ੍ਰਿਹਾਈ ਧਰਤੀ 'ਤੇ ਪਾਣੀ ਦੀ ਇੱਕ ਕਣੀ ਵੀ ਨਾ ਪਈ। ਏਨੀ ਗਰਮੀ 'ਚ ਪੈਲੀਆਂ ਦੀਆਂ ਫ਼ਸਲਾਂ ਝੱਟ-ਪੱਟ ਝਉਂ ਗਈਆਂ ਅਤੇ ਕੁਮਲਾ-ਮੁਰਝਾ ਗਈਆਂ।

ਪਿੰਡਾਂ ਦੇ ਲੋਕ ਬਹੁਤ ਹੀ ਘਬਰਾਏ ਹੋਏ ਸਨ। ਜੇ ਛੇਤੀ ਹੀ, ਕੁੱਝ ਨਾ ਹੋਇਆ, ਤਾਂ ਨਿਸ਼ਚੇ ਹੀ ਬਹੁਤ ਵੱਡਾ ਕਾਲ ਪੈ ਸਕਦਾ ਸੀ, ਜਿਸ ਤਰ੍ਹਾਂ ਦਾ ਕਿ ਉਹਨਾਂ ਕਦੇ ਸੁਣਿਆ ਵੀ ਨਹੀਂ ਸੀ। ਹਰ ਰੋਜ਼ ਹੀ ਕਿਸਾਨ ਲੋਕ, ਲੱਗ-ਭੱਗ ਸੁੱਕ ਚੁੱਕੇ ਦਰਿਆ 'ਚੋਂ, ਪਾਣੀ ਢੋ ਕੇ ਆਪਣੀਆਂ ਝੁਲੱਸੀਆਂ ਪੈਲੀਆਂ ਨੂੰ ਲਿਜਾਂਦੇ ਅਤੇ ਖ਼ੁਸ਼ਕ ਹੋ ਚੁੱਕੀ ਜਿੱਲ੍ਹਣ ਪੁੱਟ ਕੇ, ਉਸ ਵਿਚੋਂ ਪਾਣੀ ਕੱਢਣ ਦਾ ਪਰਿਆਸ ਕਰਦੇ। ਉਹ ਵਡਮੁੱਲੇ ਜੀਵਨ ਲਈ ਕੰਮ ਕਰਦੇ ਪਰ ਉਹਨਾਂ ਦੀਆਂ ਕੋਸ਼ਿਸ਼ਾਂ ਕਾਫ਼ੀ ਨਹੀਂ ਸਨ।

ਏਨੇ ਚਿਰ 'ਚ ਪੱਤਝੜ ਆ ਪੁੱਜੀ। ਧਾਨ ਦੇ ਪੌਦੇ ਪਹਿਲਾਂ ਹੀ ਝਉਂ ਕੇ ਧਰਤੀ ਤੇ ਵਿਛ ਗਏ ਸਨ, ਉਹਨਾਂ ਵਿੱਚ ਇੱਕ ਵੀ ਦਾਣਾ ਨਹੀਂ ਸੀ ਪਿਆ! ਸਬਜ਼ੀਆਂ ਦੇ ਬਗ਼ੀਚੇ ਵੀ ਸੱਖੇਣ ਪਏ ਸਨ ਅਤੇ ਚਰਾਂਦਾਂ ਤੇ ਪਹਾੜਾਂ ਦਾ ਜੰਗਲੀ ਘਾਹ ਤੇ ਰੁੱਖ ਵੀ ਢਹਿ-ਢੇਰੀ ਹੋ ਗਏ ਸਨ, ਮਰ-ਮੁੱਕ ਗਏ ਸਨ।

ਇੰਜ ਜਾਪਦਾ ਸੀ ਕਿ ਸਾਰਾ ਪਾਣੀ ਹੀ ਕਿਸੇ ਹੋਰ ਥਾਂ ਤੇ ਚਲਿਆ ਗਿਆ ਸੀ ਅਤੇ ਸਾਰੇ ਸਜੀਵ ਜੀਵਾਂ ਨੂੰ ਇਹ ਕਿਸ ਸਥਿਤੀ ਵਿਚ ਪਾ ਗਿਆ ਸੀ !

ਜਦੋਂ ਇਹ ਜਾਪਣ ਲੱਗ ਪਿਆ ਕਿ ਗਰਮੀ ਦਾ ਦੌਰ ਕਦੇ ਵੀ ਖ਼ਤਮ ਨਹੀਂ ਹੋਵੇਗਾ, ਬਾਂਦਰਾਂ ਦਾ ਆਗੂ, ਦਾਨਕੀਚੀ ਆਪ ਪਹਾੜ ਤੋਂ ਹੇਠਾਂ ਗਿਆ, ਇਹ ਵੇਖਣ ਲਈ ਕਿ ਉਥੇ ਕੀ ਹਾਲ ਸੀ, ਜਿੱਥੇ ਕਿ ਲੋਕ ਰਹਿੰਦੇ ਸਨ। ਇਸ ਵਰ੍ਹੇ ਬਾਂਦਰ-ਪਰਬਤ ਉੱਪਰਲੇ ਅਖ਼ਰੋਟਾਂ ਅਤੇ ਬਰਚੇ ਦੇ ਬਿਰਛਾਂ ਨੂੰ ਫਲ ਉੱਕਾ ਹੀ ਨਹੀਂ ਸੀ ਲੱਗੇ ਅਤੇ ਦਾਨਕੀਚੀ ਨੂੰ ਪਤਾ ਸੀ ਕਿ ਉਸ ਦੇ ਕਬੀਲੇ ਕੋਲ, ਆਉਂਦੇ ਸਿਆਲ ਲਈ ਕਾਫ਼ੀ ਭੋਜਨ ਨਹੀਂ ਹੋਵੇਗਾ ! ਹੁਣ ਉਹ ਹੇਠਾਂ ਜਾ ਰਿਹਾ ਸੀ, ਇਹ ਵੇਖਣ ਲਈ ਕਿ ਕੀ ਉਹ ਨਗਰ ਦੇ ਖੇਤਾਂ 'ਚੋਂ ਥੋੜ੍ਹਾ-ਜਿਹਾ ਅੰਨ ਚੋਰੀ ਕਰ ਕੇ ਲਿਆ ਸਕਦਾ ਹੈ ਜਾਂ ਨਹੀਂ।

ਹਾਂ, ਤੇ ਦਾਨਕੀਚੀ ਨੂੰ ਵਿਸ਼ਵਾਸ ਹੀ ਨਹੀਂ ਸੀ ਹੋ ਰਿਹਾ ਕਿ ਪਿੰਡ ਦੇ ਆਲੇ-ਦੁਆਲੇ ਹਾਲਤ ਕਿੰਨੀ ਮਾੜੀ ਸੀ ! ਖੇਤਾਂ ਦੀ ਜ਼ਮੀਨ ਖ਼ੁਸ਼ਕ ਹੋ ਚੁੱਕੀ ਸੀ ਅਤੇ ਉਸ ਵਿੱਚ ਤਰੇੜਾਂ ਪੈ ਚੁੱਕੀਆਂ ਸਨ। ਕਿਧਰੇ ਵੀ ਫ਼ਸਲਾਂ ਦਾ ਕੋਈ ਚਿੰਨ੍ਹ ਨਹੀਂ ਸੀ, ਸਿਰਫ਼ ਪੌਣ ਵਿੱਚ ਸੁੱਕੀ-ਸੜੀ ਧੂੜ ਨੱਚ ਰਹੀ ਸੀ!

ਉਹਨੇ ਕੁੱਝ ਹੋਰ ਹੀ ਵੇਖਿਆ। ਪਿੰਡਾਂ ਦੇ ਲੋਕ, ਗਰਮੀ ਅਤੇ ਭੁੱਖ ਦੇ ਮਾਰੇ, ਸੜਕ ਦੇ ਕਿਨਾਰੇ ਚੁੱਪ-ਚਾਪ ਨਿਢਾਲ ਪਏ ਸਨ ! ਉਹਨਾਂ ਦੀਆ ਸੱਖਣੀਆਂ ਨਿਰਜੋਤ ਅੱਖਾਂ ਮੌਤ ਨੂੰ ਬਿੱਟ-ਬਿੱਟ ਝਾਕ ਰਹੀਆਂ ਸਨ। ਇਸ ਗਰਮ ਤੇ ਖ਼ੁਸ਼ਕ ਥਾਂ ਤੇ ਕੋਈ ਵੀ ਅਜਿਹਾ ਆਦਮੀ ਨਹੀਂ ਸੀ ਜਾਪ ਰਿਹਾ, ਜਿਸ ਵਿੱਚ, ਏ ੀ ਸ਼ਕਤੀ ਹੋਵੇ ਕਿ ਬੇਤਰਸ ਧੁੱਪ ਵਿੱਚ ਪ੍ਰਾਣੀਆਂ ਨੂੰ ਉਸ ਥਾਂ ਤੋਂ ਹਟਾ ਕੇ ਲਾਂਭੇ ਕਰ ਸਕੇ, ਜਿੱਥੇ ਪਏ ਉਹ ਸੁੱਕ-ਸੜ ਰਹੇ ਸਨ। ਹੁਣ ਵੀ ਕੁੱਝ ਅਜਿਹੇ ਲੋਕ ਸਨ, ਜੋ ਬੌਂਦਲੇ ਹੋਏ, ਠੁੱਡੇ-ਠੇਡੇ ਖਾਂਦੇ, ਪਹਾੜਾਂ ਵਲ ਨੂੰ ਤੁਰੇ ਜਾ ਰਹੇ ਸਨ, ਪਰ ਲੱਗਦਾ ਨਹੀਂ ਸੀ ਕਿ ਉਹ ਬਹੁਤੀ ਦੂਰ ਤੱਕ ਜਾ ਸਕਣਗੇ।

ਦਾਨਕੀਚੀ ਇਹਨਾਂ ਗ਼ੈਰ ਵਿਸ਼ਵਾਸ-ਯੋਗ ਦ੍ਰਿਸ਼ਾਂ ਵਲ ਗਹੁ ਨਾਲ ਵੇਖਦਾ ਰਿਹਾ। ਉਹ ਕੰਬ ਉੱਠਿਆ ਅਤੇ ਦਿਲ ਹੀ ਦਿਲ ਵਿੱਚ ਰੋਣ ਲੱਗ ਪਿਆ! ਉਸ ਦਾ ਸਰੀਰ ਮੁੜ੍ਹਕੇ ਨਾਲ ਭਿੱਜ ਗਿਆ। "ਉਫ਼ ਇਹ ਤਾਂ ਹੱਦ ਹੀ ਹੋ ਗਈ ! ਵਿਚਾਰੇ ਇਹਨਾਂ ਲੋਕਾਂ ਲਈ ਕੇਹਾ ਭਿਆਨਕ ਕਾਲ ਪਿਆ ਹੈ ! ਇਸ ਤਰ੍ਹਾਂ ਘਬਰਾਹਟ ਵਿੱਚ ਠੇਡੇ-ਠੋਕਰਾਂ ਖਾਂਦਿਆਂ, ਡਿੱਗਦੇ-ਢਹਿੰਦਿਆਂ ਨੂੰ ਤਾਂ, ਉਹਨਾਂ ਦੇ ਆਪਣੇ ਹੀ ਸਾਕ-ਸੰਬੰਧੀ ਫੜ ਕੇ ਖਾ ਸਕਦੇ ਹਨ- ਉਫ਼, ਕਿੰਨਾ ਭਿਆਨਕ ਦ੍ਰਿਸ਼ ਹੈ !"

ਹੇਠਾਂ ਝੁਕ ਕੇ, ਤਾਂ ਜੋ ਝਾੜੀਆਂ ਉਸ ਨੂੰ ਲੁਕਾ ਲੈਣ, ਉਹ ਜਿੰਨਾ ਤੇਜ਼-ਤੋਂ-ਤੇਜ਼ ਹੋ ਸਕਦਾ ਸੀ. ਵਾਪਸ ਬਾਂਦਰ-ਪਰਬਤ ਵਲ ਦੌੜਨ ਲੱਗ ਪਿਆ। ਵਕਤ ਅਜਾਈਂ ਗੁਆਉਣ ਦਾ ਵੇਲਾ ਨਹੀਂ ਸੀ - ਉਹਨੇ ਆਪਣੇ ਕਬੀਲੇ ਨੂੰ, ਇਸ ਵੱਡੇ ਕਾਲ ਬਾਰੇ, ਉਸੇ ਵੇਲੇ ਹੀ ਦੱਸਣਾ ਸੀ।

ਜੇ ਇਨਸਾਨਾਂ ਵਿੱਚ ਹਾਲਤ ਏਨੀ ਖ਼ਰਾਬ ਸੀ, ਤਾਂ ਝੱਟ-ਪੱਟ ਹੀ ਬਾਂਦਰ-ਪਰਬਤ ਨੂੰ ਵੀ. ਸੰਭਵ ਤੌਰ ਤੇ ਅਜਿਹੀ ਔਕੜ ਅਤੇ ਅਫੜਾ-ਦਫੜੀ ਦਾ ਸਾਹਮਣਾ ਕਰਨਾ ਪੈ ਸਕਦਾ ਸੀ ! ਆਪਣੇ ਦੰਦ ਕਰੀਚਦਿਆਂ ਅਤੇ ਸਰਪਟ ਦੌੜਦਿਆਂ, ਦਾਨਕੀਚੀ ਨੇ, ਆਪਣੇ ਦਿਲ ਵਿੱਚ ਵਧ ਰਹੀ ਮਾਯੂਸੀ ਮਹਿਸੂਸ ਕੀਤੀ।

"ਉਫ਼, ਪਿਆਰੇ ! ਹਾਲੇ ਤਾਂ ਪਤੱਝੜ ਹੀ ਹੈ। ਅਸੀਂ ਲੰਮਾ ਸਿਆਲ ਕਿਵੇਂ ਕੱਟਾਂਗੇ ਜਦ ਕਿ ਠੰਡੀਆਂ ਯਖ਼ ਹਵਾਵਾਂ ਚੱਲਦੀਆਂ ਹਨ ਅਤੇ ਡੂੰਘੀ ਬਰਫ਼ ਸਾਨੂੰ ਦੁਨੀਆ ਤੋਂ ਅਲੱਗ ਕਰ ਦੇਂਦੀ ਹੈ . . . ਬੀਤ ਵਰ੍ਹਿਆਂ 'ਚ ਅਸੀਂ, ਪੱਤਝੜ ਦੇ ਅਖ਼ੀਰ ਤੇ ਪਿੰਡ 'ਚੋਂ ਅੰਨ ਚੋਰੀ ਕਰਨ ਲਈ, ਬਾਂਦਰ-ਪਰਬਤ ਤੋਂ ਹੇਠਾਂ ਚਲੇ ਜਾਇਆ ਕਰਦੇ ਸਾਂ, ਪਰ ਇਸ ਸਾਲ ਤਾਂ ਕੁਝ ਵੀ ਮਿਲਣ ਵਾਲਾ ਨਹੀਂ। ਇਹ ਤਾਂ ਸਮਝੋ ਨਿਰਾ-ਪੂਰਾ ਸੰਕਟ-ਕਾਲ ਹੀ ਆ ਪਿਆ!"

ਚਿੰਤਾ ਵਿੱਚ ਆਪਣਾ ਸਿਰ ਹਿਲਾਉਂਦਿਆਂ ਅਤੇ ਇਹ ਸੋਚਣ ਦੀ ਕੋਸ਼ਿਸ਼ ਕਰਦਿਆਂ ਕਿ ਕੀ ਕੀਤਾ ਜਾ ਸਕਦਾ ਹੈ, ਉਹ ਬਾਂਦਰ-ਪਰਬਤ ਵਲ ਨੂੰ, ਉੱਪਰ ਚੜ੍ਹਨ ਲੱਗ ਪਿਆ। ਅਚਨਚੇਤੀ ਦਾਨਕੀਚੀ ਦੇ ਕਦਮ ਵਿਚਾਲੇ ਹੀ ਰੁਕ ਗਏ। ਦਰਿਆ ਕਿਨਾਰੇ ਦੇ ਨੜਿਆਂ-ਕੱਨਿਆਂ ਵਿਚੋਂ, ਖੜ-ਖੜ ਦੀ ਆਵਾਜ਼ ਆਈ, ਜਿਵੇਂ ਕੋਈ ਕਿਸੇ ਕੰਮ ਵਿੱਚ ਲੱਗਾ ਹੋਇਆ ਹੋਵੇ। ਦਾਨਕੀਚੀ ਚੁੱਪ-ਚਾਪ, ਹੌਲੀ-ਹੌਲੀ ਉਸ ਆਵਾਜ਼ ਵਲ ਹੋ ਤੁਰਿਆ।

ਉਹਨੇ ਵੇਖਿਆ ਕਿ ਉਥੇ ਇੱਕ ਕਿਸਾਨ, ਜ਼ਮੀਨ ਉਤੋਂ ਕਾਹਲੀ-ਕਾਹਲੀ ਕੁੱਝ ਚੁਗ ਕੇ. ਆਪਣੇ ਹੱਥ ਵਿੱਚ ਫੜੇ ਡੱਬੇ ਵਿੱਚ ਪਾ ਰਿਹਾ ਸੀ।

"ਆਹਾ, ਇਹ ਤਾਂ ਕੋਈ ਖਾਣ ਵਾਲੀ ਚੀਜ਼ ਹੋ ਸਕਦੀ ਹੈ ?" ਜਿਉਂ ਹੀ ਦਾਨਕੀਚੀ ਚੁੱਪ-ਚਾਪ ਲੁਕ-ਛਿਪ ਕੇ ਮਲਕੜੇ ਜਿਹੇ ਕਿਸਾਨ ਦੇ ਪਿੱਛੇ ਜਾ ਕੇ, ਡੱਬੇ ਅੰਦਰ ਝਾਕਣ ਲੱਗਾ, ਤਾਂ ਉਹਨੇ ਸੋਚਿਆ। ਡੱਬਾ ਛਤਰੀ ਵਰਗੀਆਂ ਵੱਡੀਆਂ-ਵੱਡੀਆਂ, ਲਾਲ-ਲਾਲ ਲਿਸ਼ਕਦੀਆਂ ਖੁੰਮਾਂ ਨਾਲ ਲੱਗ-ਭੱਗ ਭਰਿਆ ਹੋਇਆ ਸੀ।

"ਹੁਣ ਜ਼ਰਾ, ਮਿੰਟ ਕੁ ਠਹਿਰ . . . " ਦਾਨਕੀਚੀ ਨੇ ਆਪਣੇ-ਆਪ ਨੂੰ ਆਖਿਆ, ਅਤੇ ਉਹਨੇ ਅਚੰਭੇ ਨਾਲ, ਕਿਸਾਨ ਦੇ ਚਿਹਰੇ ਵਲ ਤੱਕਿਆ। "ਛਤਰੀ ਵਰਗੀਆਂ, ਵੱਡੀਆਂ-ਵੱਡੀਆਂ ਲਾਲ-ਲਾਲ ਖੁੰਮਾਂ ਯਕੀਨਨ ਵਿਹ -ਹਸਾਊ ਖੁੰਮਾਂ ਹਨ ! ਵਿਹੁ-ਹਸਾਊ ਖੁੰਮ ਘਾਤਕ ਹੁੰਦੀ ਹੈ। ਜੋ ਕੋਈ ਵੀ ਉਹਨਾਂ 'ਚੋਂ ਇੱਕ ਵੀ ਖੁੰਮ ਖਾ ਲੈਂਦਾ ਹੈ. ਉਹ ਪਹਿਲਾਂ ਤਾਂ ਹੱਸਣ ਲਗ ਪੈਂਦਾ ਹੈ, ਅਤੇ ਜਦੋਂ ਸਾਂਭਿਆ ਨਾ ਜਾ ਸਕਣ ਵਾਲਾ ਹਾਸਾ, ਵਧੇਰੇ ਖ਼ਬਤੀ ਹੋ ਜਾਂਦਾ ਹੈ. ਤਾਂ ਖਾਣ ਵਾਲਾ ਪੂਰੀ ਤਰ੍ਹਾਂ ਪਾਗਲ ਹੋ ਜਾਂਦਾ ਹੈ ਅਤੇ ਮਰ ਜਾਂਦਾ ਹੈ। ਉਸ ਬਿਰਧ ਬਾਂਦਰ ਨੇ ਜੋ ਉਦੋਂ ਬਾਂਦਰ-ਪਰਬਤ ਦਾ ਸਰਦਾਰ ਸੀ, ਜਦੋਂ ਮੈਂ ਅਜੇ ਬਹੁਤ ਛੋਟਾ ਜਿਹਾ ਹੀ ਸਾਂ, ਇਹਨਾਂ ਖੁੰਮਾਂ 'ਚੋਂ ਇੱਕ ਵੀ ਨਾ ਖਾਣ ਲਈ, ਖ਼ਬਰਦਾਰ ਕੀਤਾ ਸੀ। ਨਿਸ਼ਚੇ ਹੀ, ਇਹ ਉਸੇ ਹੀ ਕਿਸਮ ਦੀਆਂ ਖੁੰਮਾਂ ਹਨ !"

ਦਾਨਕੀਚੀ ਨੇ ਆਪਣੇ ਚਿਹਰੇ ਤੋਂ ਚੋਂਦਾ ਪਸੀਨਾ ਪੂੰਝਿਆ ਅਤੇ ਆਪਣੇ-ਆਪ 'ਚ ਹੀ ਫੁਸਫੁਸਾਇਆ. "ਅਜੀਬ ਗੱਲ ਹੈ! ਜੇ ਇਹ ਕਿਸਾਨ ਏਥੇ ਕਿਤੇ ਨੇੜੇ ਰਹਿੰਦਾ ਹੈ, ਤਾਂ ਨਿਸ਼ਚੇ ਹੀ ਉਸ ਨੂੰ ਪਤਾ ਹੋਵੇਗਾ ਕਿ ਇਹਨਾਂ ਲਾਲ-ਲਾਲ ਲਿਸ਼ਕਦੀਆਂ ਖੁੰਮਾਂ ਵਿੱਚ ਮਾਰੂ ਜ਼ਹਿਰ ਹੁੰਦਾ ਹੈ। ਮੈਂ ਹੈਰਾਨ ਹਾਂ ਕਿ ਕੀ ਹੋ ਰਿਹੈ. . . "

ਕਿਸਾਨ ਨੇ ਝਾੜੀਆਂ ਵਿਚੋਂ, ਉਸ ਨੂੰ ਵੇਖ ਰਹੇ ਬਾਂਦਰ ਵਲ ਕੋਈ ਧਿਆਨ ਨਾ ਦਿੱਤਾ, ਸਗੋਂ ਵਿਹੁ-ਹਸਾਊ ਖੁੰਮਾਂ ਚੁਨਣ ਵਿੱਚ ਅਤੇ ਉਹਨਾਂ ਨੂੰ ਆਪਣੇ ਡੱਬੇ ਵਿੱਚ ਤੂਸਣ ਵਿੱਚ ਲੱਗਾ ਰਿਹਾ।

ਫਿਰ ਜਦੋਂ ਕਿਸਾਨ, ਆਪਣਾ ਖੁੰਮਾਂ ਨਾਲ ਭਰਿਆ ਹੋਇਆ ਡੱਬਾ ਲੈ ਕੇ, ਪਿੰਡ ਵਲ ਨੂੰ ਪਰਤਣ ਲੱਗਾ, ਦਾਨਕੀਚੀ

ਚੁੱਪ-ਚਾਪ ਉਸ ਦੇ ਪਿੱਛੇ-ਪਿੱਛੇ ਤੁਰ ਪਿਆ। ਸ਼ਾਇਦ ਇਸ ਕਿਸਾਨ ਨੂੰ ਪਤਾ ਸੀ ਕਿ ਖੁੰਮਾਂ 'ਚੋਂ ਜ਼ਹਿਰ ਕਿਵੇਂ ਖ਼ਤਮ ਕਰਨਾ ਹੈ ਤਾਂ ਜੋ ਉਹਨਾਂ ਨੂੰ ਖਾਧਾ ਜਾ ਸਕੇ।

ਹੌਲੀ-ਹੌਲੀ ਕਿਸਾਨ ਪਿੰਡ ਦੇ ਬਾਹਰਵਾਰ ਇੱਕ ਛੋਟੇ-ਜਿਹੇ ਘਰ ਪਾਸ ਪੁੱਜਾ ਅਤੇ ਅੰਦਰ ਚਲਾ ਗਿਆ। ਦਾਨਕੀਚੀ ਹੌਲੀ-ਹੌਲੀ ਤੁਰਦਾ ਹੋਇਆ ਇੱਕ ਨਿੱਕੀ-ਜਿਹੀ ਬਾਰੀ ਕੋਲ ਪੁੱਜ ਗਿਆ ਅਤੇ ਉਹਨੇ ਆਪਣਾ ਨੱਕ, ਘੁੱਟ ਕੇ ਉਸ ਬਾਰੀ ਨਾਲ ਲਾ ਲਿਆ।

ਕਿੰਨਾ ਆਰਾਮ-ਦੇਹ ਤੇ ਸਾਫ਼-ਸੁਥਰਾ ਛੋਟਾ-ਜਿਹਾ ਘਰ ਸੀ ! ਅਤੇ ਕਮਰੇ ਦੇ ਵਿਚਕਾਰ ਕਈ ਬੱਚੇ ਸਨ। ਦਾਨਕੀਚੀ ਆਪਣੀਆਂ ਉਂਗਲੀਆਂ 'ਤੇ ਗਿਣਤੀ ਕਰਨ ਲੱਗਾ, "ਇੱਕ, ਦੋ, ਤਿੰਨ, ਚਾਰ, ਪੰਜ, ਛੇ, ਸੱਤ. . . . ਵਾਹ, ਵਸਤਵ ਵਿੱਚ ਹੀ, ਸੱਤ ਛੋਟੇ-ਛੋਟੇ ਭਰਾ ਅਤੇ ਭੈਣਾਂ !' ਜਿਉਂ ਹੀ ਪਿਤਾ ਘਰ ਦੇ ਅੰਦਰ ਆਇਆ, ਬੱਚਿਆਂ ਨੇ ਨਿੱਕੀਆਂ-ਨਿੱਕੀਆਂ, ਪਿਆਰੀਆਂ-ਪਿਆਰੀਆਂ ਅਵਾਜ਼ਾਂ ਵਿੱਚ ਉਸ ਦਾ ਸੁਆਗਤ ਕੀਤਾ। ਉਹਨਾਂ ਕਿਸਾਨ ਦੇ ਹੱਥ ਵਿੱਚ ਫੜੇ ਡੱਬੇ ਨੂੰ, ਲੈਣ ਲਈ ਆਪਣੇ ਹੱਥ ਅੱਗੇ ਵਧਾਏ ਅਤੇ ਦਾਨਕੀਚੀ ਨੇ, ਜਦੋਂ ਇਹ ਵੇਖਿਆ ਕਿ ਉਹ ਹੱਥ ਤੇ ਬਾਹਵਾਂ ਕਿੰਨੀਆਂ ਪਤਲੀਆਂ ਤੇ ਕਮਜ਼ੋਰ ਹਨ, ਤਾਂ ਉਹਨੇ ਇੱਕ ਹਉਕਾ ਭਰਿਆ।

ਪਿਤਾ ਨੇ ਰਸੋਈ ਵਿਚੋਂ, ਆਪਣੀ ਪਤਨੀ ਨੂੰ ਅੰਦਰ ਬੁਲਾਇਆ ਅਤੇ ਉਸ ਦੇ ਕੰਨ ਵਿੱਚ ਕੁੱਝ ਖੁਸਰ-ਫੁਸਰ ਕੀਤੀ। ਪਰ ਬਾਰੀ ਦੇ ਬਾਹਰ, ਦਾਨਕੀਚੀ, ਸੁਣ ਨਾ ਸਕਿਆ ਕਿ ਉਸ ਨੇ ਕੀ ਆਖਿਆ ਹੈ, ਐਪਰ ਉਹਨੇ ਬੱਚਿਆਂ ਦੀ ਮਾਂ ਨੂੰ ਹੌਲੀ-ਹੌਲੀ ਸਿਰ ਹਿਲਾਉਂਦਿਆਂ ਵੇਖਿਆ ਅਤੇ ਜਿਉਂ ਹੀ ਉਹਨੇ ਆਪਣੇ ਪਤੀ ਦੀ ਗੱਲ ਸੁਣੀ, ਤਾਂ ਉਹ ਉਦਾਸ-ਉਪਰਾਮ ਜਾਪਣ ਲੱਗੀ!

ਮਾਂ ਨੇ ਡੱਬਾ ਬੱਚਿਆਂ ਕੋਲੋਂ ਲੈ ਲਿਆ ਅਤੇ ਜਿਉਂ ਹੀ ਉਹ ਰਸੋਈ ਦੇ ਅੰਦਰ ਵਾਪਸ ਗਈ, ਤਾਂ ਉਹਨੇ, ਉਹਨਾਂ ਨੂੰ ਕੁੱਝ ਕਿਹਾ।

ਜੋ ਕੁੱਝ ਉਹਨੇ ਆਖਿਆ, ਜਦੋਂ ਬੱਚਿਆਂ ਨੇ ਸੁਣਿਆ ਤਾਂ, ਉਹ ਅਚਨਚੇਤ ਏਨੇ ਜ਼ਿਆਦਾ ਖ਼ੁਸ਼ ਹੋਏ ਕਿ ਦਾਨਕੀਚੀ ਨੂੰ, ਆਪਣੀਆਂ ਅੱਖਾਂ 'ਤੇ ਇਤਬਾਰ ਨਾ ਆਇਆ। ਉੱਚੀ-ਉੱਚੀ ਰੌਲਾ-ਰੱਪਾ ਪਾਉਂਦੇ, ਆਪਣੇ ਪਤਲੇ-ਪਤਲੇ ਹੱਥ-ਪੈਰ ਹਿਲਾਉਂਦੇ, ਬੱਚੇ ਹੈਰਾਨੀ-ਜਨਕ ਸ਼ਕਤੀ ਨਾਲ ਕਮਰੇ ਦੇ ਏਧਰ-ਓਧਰ ਨੱਸਣ-ਟੱਪਣ ਤੇ ਕਲਾਬਾਜ਼ੀਆਂ ਲਾਉਣ ਲੱਗੇ।

ਅੰਦਰ ਰਸੋਈ ਵਿੱਚ, ਇੱਕ ਵੱਡੇ ਸਾਰੇ ਭਾਂਡੇ ਵਿੱਚ ਪਾਈਆਂ ਖੁੰਮਾਂ, ਜਦੋਂ ਲਪਕਦੀ-ਲਹਿਰਦੀ ਅੱਗ ਉੱਤੇ ਉਬਲ ਰਹੀਆਂ ਸਨ, ਤਾਂ ਉਹ ਇੱਕ ਬਹੁਤ ਹੀ ਮਿੱਠੀ-ਮਜ਼ੇਦਾਰ ਆਵਾਜ਼ ਪੈਦਾ ਕਰ ਰਹੀਆਂ ਸਨ।

"ਹੂੰ . . . ! ਮੇਰਾ ਨਹੀਂ ਖ਼ਿਆਲ ਕਿ ਉਹਨੇ, ਉਹਨਾਂ ਖੁੰਮਾਂ 'ਚੋਂ ਵਿਸ਼ ਬਾਹਰ ਕੱਢਣ ਲਈ, ਕੁੱਝ ਖ਼ਾਸ ਕੀਤਾ ਸੀ . . . ਏਥੇ ਕੀ ਹੋ ਰਿਹੈ? ਖ਼ੈਰ . . . " ਦਾਨਕੀਚੀ ਨੇ ਸੋਚਿਆ, ਜਦੋਂ ਉਹਨੇ ਉਥੋਂ ਚੁੱਪ-ਚਾਪ ਗਹੁ ਨਾਲ ਵੇਖਿਆ, ਜਿੱਥੇ ਕਿ ਉਹ ਬਾਰੀ ਦੇ ਬਾਹਰਵਾਰ ਖਲੋਤਾ ਸੀ।

ਬਹੁਤ ਚਿਰ ਨਹੀਂ ਸੀ ਬੀਤਿਆ ਕਿ ਖੁੰਮਾਂ ਦੇ ਸ਼ੋਰਬੇ ਨਾਲ ਭਰੇ ਛੋਟੇ-ਛੋਟੇ ਪਿਆਲੇ, ਇੱਕ-ਇੱਕ ਕਰ ਕੇ, ਸਤਾਂ ਹੀ ਬੱਚਿਆਂ ਨੂੰ ਫੜਾ ਦਿੱਤੇ ਗਏ। ਪਿਆਲਿਆਂ ਵਿਚੋਂ ਗਰਮ-ਗਰਮ ਭਾਫ਼ ਉੱਠ ਰਹੀ ਸੀ ਅਤੇ ਜਿਉਂ ਹੀ ਪਰਿਵਾਰ, ਸ਼ਾਮ ਦੇ ਖਾਣੇ ਦਾ ਆਨੰਦ ਮਾਨਣ ਲੱਗਾ, ਸਾਰਾ ਕਮਰਾ ਭਾਫ਼ ਨਾਲ ਭਰ ਗਿਆ। ਜਿਉਂ ਹੀ ਬੱਚੇ ਚਾਅ ਨਾਲ ਖਾਣ ਲੱਗੇ, ਉਹਨਾਂ ਦੀਆਂ ਅੱਖਾਂ ਚਮਕ ਉੱਠੀਆਂ। ਕਿਸਾਨ ਅਤੇ ਉਸ ਦੀ ਪਤਨੀ ਦੋਵੇਂ ਹੀ ਬੜੇ ਪਿਆਰ ਨਾਲ, ਆਪਣੇ ਬੱਚਿਆਂ ਨੂੰ ਵੇਖ ਰਹੇ ਸਨ ਅਤੇ ਹੌਲੀ ਹੌਲੀ ਉਹਨਾਂ ਆਪਣੇ ਚੀਨੀ-ਕਾਂਟੇ ਚੁੱਕ ਕੇ, ਆਪਣੇ ਮੂੰਹ ਵਲ ਵਧਾਏ।

"ਬਾਪੂ, ਬਾਪੂ, ਇਹ ਬਹੁਤ ਮਜ਼ੇਦਾਰ ਐ !"

"ਵਾਕਈ ? ਬਹੁਤ ਹੀ ਮਜ਼ੇਦਾਰ ਐ, ਇਸ ਲਈ ਜਿੰਨਾ ਜੀਅ ਕਰੇ, ਖਾਉ।"

"ਐਨਾ ਸੁਆਦਲਾ ਖਾਣਾ, ਮੈਂ ਪਹਿਲਾਂ ਕਦੇ ਨਹੀਂ ਖਾਧਾ !"

"ਮਾਂ, ਮੇਰਾ ਪਿਆਲਾ ਫਿਰ ਭਰ ਦੇ।"

"ਤੇਰੇ ਪਿਤਾ ਨੇ ਇਨ੍ਹਾਂ ਖੁੰਮਾਂ ਨੂੰ ਘਰ ਲਿਆਉਣ ਲਈ ਬੜੀ ਮਿਹਨਤ ਕੀਤੀ ਹੈ। ਇਸ ਲਈ ਸਾਰਾ ਸ਼ੋਰਬਾ ਖਤਮ ਕਰਨਾ ਪਵੇਗਾ।" ਮਾਂ ਨੇ ਕਿਹਾ।

ਹੱਸਦਿਆਂ ਅਤੇ ਆਪੋ ਵਿੱਚ ਗੱਲਾਂ ਕਰਦਿਆਂ, ਟੱਬਰ ਨੇ, ਖੁੰਮਾਂ ਦੇ ਸ਼ੋਰਬੇ ਦੇ ਕਈ ਪਿਆਲੇ ਖ਼ਤਮ ਕਰ ਦਿੱਤੇ। ਸੱਤੇ ਬੱਚੇ ਪਰਾਲੀ ਦੀ ਚਟਾਈ ਉਤੇ ਲੰਮੇ ਪੈ ਗਏ। ਉਹਨਾਂ ਦੇ ਮੂੰਹ ਉੱਤੇ ਤ੍ਰਿਪਤੀ ਦੀ ਮੁਸਕਾਨ ਸੀ !

ਦਾਨਕੀਚੀ ਚੁੱਪ-ਚਾਪ ਅਹਿੱਲ ਖਲੋਤਾ ਸੀ, ਹੈਰਾਨ-ਭੌਚੱਕਾ ਅਤੇ ਜਦੋਂ ਉਹਨੇ ਪਿਤਾ ਦੇ ਚਿਹਰੇ ਨੂੰ ਧਿਆਨ ਨਾਲ ਵੇਖਿਆ, ਤਾਂ ਉਸ ਨੂੰ ਇਹ ਪਤਾ ਨਹੀਂ ਸੀ ਲੱਗ ਰਿਹਾ ਕਿ ਅੱਗੋਂ ਕੀ ਹੋਵੇਗਾ ! ਜਦੋਂ ਕਿਸਾਨ ਨੇ ਆਪਣੇ ਬੱਚਿਆਂ ਨੂੰ ਆਪਣੇ ਚਿਹਰੇ 'ਤੇ ਖਿੜੀ ਮੁਸਕਰਾਹਟ ਨਾਲ ਵੀ ਤੱਕਿਆ ਸੀ, ਤਾਂ ਉਸ ਦੀਆਂ ਅੱਖਾਂ ਵਿੱਚ ਇੱਕ ਮੋਟਾ ਸਾਰਾ ਅੱਥਰੂ ਉਮੰਡ ਆਇਆ ਸੀ ਅਤੇ ਫਿਰ ਉਹ ਅੱਥਰੂ ਉਸ ਦੀ ਗੱਲ੍ਹ ਤੋਂ ਤਿਲਕਦਾ ਹੋਇਆ, ਉਸ ਦੇ ਸ਼ੋਰਬੇ ਵਾਲੇ ਸੱਖਣੇ ਪਿਆਲੇ ਵਿੱਚ ਡਿਗ ਪਿਆ ਸੀ।

ਫਿਰ, ਅਚਾਨਕ-

"ਆਹਾ, ਹਾ, ਹਾ, ! ਹਾ, ਹਾ, ਹਾ, ਹਾ !"

"ਹਾ, ਹਾ, ਹਾ, ਹਾ, . . . . . ਆ . . . . ਅ . . ' . . . . . !"

ਕਮਰਾ, ਛੇਤੀ ਹੀ ਹੱਸਦੇ ਬੋਲਾਂ ਦੀਆਂ ਆਵਾਜ਼ਾਂ ਨਾਲ ਭਰ ਗਿਆ, ਪਰ ਉਹ ਮਨੁੱਖੀ ਆਵਾਜ਼ਾਂ ਨਹੀਂ ਸਨ ਜਾਪ ਰਹੀਆਂ ! ਜਦੋਂ ਪਿਤਾ ਖਿੜ-ਖਿੜ ਹੱਸ ਰਿਹਾ ਸੀ, ਤਾਂ ਉਹਨੇ ਆਪਣੇ ਹੱਥ, ਆਪਣੇ ਢਿੱਡ 'ਤੇ ਰੱਖੇ ਹੋਏ ਸਨ। ਬਿੰਦ ਕੁ ਮਗਰੋਂ, ਉਸ ਦੀ ਪਤਨੀ ਅਤੇ ਸੱਤ ਪਿਆਰੇ-ਪਿਆਰੇ ਬੱਚੇ ਵੀ, ਉੱਚੀ-ਉੱਚੀ ਹੱਸਣ ਲੱਗ ਪਏ, ਇੱਕ ਨਾ ਮੰਨਣ-ਯੋਗ ਹਾਸਾ !

"ਹਾ, ਹਾ, ਹਾ, .............. ਹਾ, ਹਾ, ਹਾ, ............. ਹਾ, ਹਾ, ਹਾ !"

"ਹਾ, ਹਾ, ਹਾ, ........... ਉਹਾ, ਹਾ, ਹਾ, ਹਾ !"

ਉਹਨਾਂ ਸਭਨਾਂ ਨੇ ਆਪਣੇ ਢਿੱਡ ਫੜ ਲਏ ਅਤੇ ਆਪਣੇ ਮੂੰਹ ਅੱਡ ਲਏ, ਜਿਉਂ ਹੀ ਉਹ ਹਾਸੇ ਦੇ ਦੌਰੇ ਵਿੱਚ, ਫ਼ਰਸ਼ 'ਤੇ ਲੁੜ੍ਹਕਣ-ਲੇਟਣ ਲੱਗੇ ! ਇਹਦੇ ਵਿੱਚ ਵੱਜ, ਉਹਦੇ, ਵਿੱਚ, ਵੱਜ, ਕੰਧਾਂ ਉਤੋਂ ਦੀ ਭੁੜਕਦੇ-ਉੱਛਲਦੇ, ਉਹ ਉੱਚੀ-ਉੱਚੀ, ਹੋਰ ਉੱਚੀ-ਉੱਚੀ ਹੱਸਣ ਲੱਗ ਪਏ, ਉਹਨਾਂ ਦੇ ਚਿਹਰੇ ਮੁੜ-ਤੁੜ ਗਏ ਸਨ ਅਤੇ ਵਿੰਗੇ-ਟੇਢੇ ਹੋ ਕੇ, ਅਜੀਬ-ਅਜੀਬ ਸ਼ਕਲਾਂ ਅਖ਼ਤਿਆਰ ਕਰ ਗਏ ਸਨ !

ਜੋ ਕੁੱਝ ਬਾਅਦ ਵਿੱਚ ਹੋਇਆ, ਉਹ ਏਨਾ ਭਿਆਨਕ ਸੀ, ਕਿ ਉਸ ਦ੍ਰਿਸ਼ ਦੇ ਚੇਤੇ-ਮਾਤਰ ਨਾਲ ਹੀ, ਮਗਰੋਂ ਦਾਨਕੀਚੀ ਦੇ ਸਾਰੇ ਸਰੀਰ 'ਤੇ ਲੂੰਅ-ਕੰਡੇ ਖੜ੍ਹੇ ਹੋ ਗਏ ਅਤੇ ਸੀਤ ਦੀ ਇੱਕ ਲਹਿਰ, ਉਸ ਦੇ ਦਿਲ ਵਿੱਚ ਡੂੰਘੀ-ਡੂੰਘੀ ਲਹਿ ਗਈ।

ਜਿਉਂ ਹੀ ਹਾਸੇ ਦੀਆਂ ਅਵਾਜ਼ਾਂ ਅਜੀਬ ਜਿਹੇ ਵਿੰਨ੍ਹਵੇਂ ਵਿਰਲਾਪ ਵਿੱਚ ਬਦਲੀਆਂ ਵਟੀਆਂ ਉਹਨਾਂ ਦੇ ਚਿਹਰੇ -ਉਹ ਨਿੱਕੇ-ਨਿੱਕੇ ਪਿਆਰੇ-ਪਿਆਰੇ ਬਾਲ-ਚਿਹਰੇ ਉਦੇ-ਜਾਮਣੀ ਹੋਣ ਲੱਗ ਪਏ। ਫਿਰ, ਉਹਨਾਂ ਦੇ ਮੂੰਹਾਂ 'ਚੋਂ, ਖ਼ੂਨੀ ਝੱਗ ਆਉਣ ਲੱਗ ਪਈ ਅਤੇ ਉਹ ਫ਼ਰਸ਼ 'ਤੇ ਡਿੱਗਣ-ਢਹਿਣ ਲੱਗ ਪਏ। ਉਹਨਾਂ ਦੇ ਹੱਥ-ਪੈਰ ਕੰਬਣ ਲੱਗ ਪਏ। ਉਹ ਉਥੇ ਹੀ ਦਮ ਤੋੜ ਗਏ ਅਤੇ ਉਹਨਾਂ ਦਾ ਹਾਸਾ ਵੀ, ਉਹਨਾਂ ਦੇ ਨਾਲ ਹੀ ਦਮ ਤੋੜ ਗਿਆ।

ਦਾਨਕੀਚੀ ਉੱਥੇ ਖਲੋਤਾ ਬਿੱਟ-ਬਿੱਟ ਵੇਖਦਾ ਰਿਹਾ- ਉਸ ਦੀਆਂ ਅੱਖਾਂ ਤਸ਼ਤਰੀ ਜੇਡੀਆਂ ਵੱਡੀਆਂ ਹੋ ਗਈਆਂ ਸਨ ! ਉਸਦਾ ਚਿਹਰਾ ਨੀਲਾ ਪੈ ਗਿਆ ਸੀ ਅਤੇ ਸਰੀਰ ਕੰਬਣ ਲੱਗ ਪਿਆ ਸੀ। ਜਦੋਂ ਉਹ ਅਖ਼ੀਰ, ਮੁੜ ਹਿੱਲਣ ਦੇ ਯੋਗ ਹੋਇਆ, ਤਾਂ ਉਹ ਬਾਰੀ ਤੋਂ ਪਿੱਛੇ ਹਟਿਆ ਅਤੇ ਜਿੰਨੀ ਤੇਜ਼ੀ ਨਾਲ ਹੋ ਸਕਦਾ ਸੀ, ਉਹ ਬਾਂਦਰ–ਪਰਬਤ ਵਲ ਨੂੰ ਦੌੜਨ ਲੱਗ ਪਿਆ।

"ਉਫ਼, ਕੌਣ ਕਲਪਨਾ ਕਰ ਸਕਦਾ ਸੀ ............. ਮੈਨੂੰ ਤਾਂ ਇਸ 'ਤੇ ਯਕੀਨ ਨਹੀਂ ਆਉਂਦਾ ! ਉਹ ਸਾਰੇ ਮਰ ਗਏ ਹਨ .......... ! ਉਹ ਨਿੱਕੇ-ਨਿੱਕੇ, ਪਿਆਰੇ-ਪਿਆਰੇ ਬੱਚੇ ਵੀ ....... ਉਫ਼, ਪਰ ਇਸ ਭਿਆਨਕ ਕਾਲ ਦੇ ਦੌਰਾਨ ਹੌਲੀ ਹੌਲੀ ਦਰਦਨਾਕ ਢੰਗ ਨਾਲ ਮਰਨ ਦੀ ਬਜਾਏ, ਝੱਟ-ਪੱਟ ਸਾਰੇ ਇੱਕਠੇ ਹੀ ਮਰ ਜਾਣਾ, ਜਿਵੇਂ ਕਿ ਕਿਸਾਨ ਦਾ ਟੱਬਰ ਮਰਿਆ ਸੀ, ਕਿਵੇਂ ਨਾ ਕਿਵੇਂ ਬਿਹਤਰ ਹੈ ! ਘੱਟੋ-ਘੱਟ, ਅਖ਼ੀਰ ਵਿੱਚ ਉਹ ਭੋਜਨ ਨਾਲ ਆਪਣੇ ਪੇਟ ਤਾਂ ਭਰ ਸਕੇ ........... ਹਾਂ, ਹਾਂ, ਇਹ ਇਸੇ ਤਰ੍ਹਾਂ ਹੀ ....... ! ਨਹੀਂ, ਇਹ ਨਹੀਂ ਹੋ ਸਕਦਾ ! ਮਾਸੂਮ ਬੱਚਿਆਂ ਨੂੰ ਖ਼ੁਸ਼ ਕਰਨਾ ਅਤੇ ਫਿਰ ਉਹਨਾਂ ਨੂੰ ਮਾਰ ਦੇਣਾ- ਇਹ ਬੁਰਾਈ ਹੈ, ਇੱਕ ਅਜਿਹੀ ਚੀਜ਼, ਜੋ ਸ਼ੈਤਾਨ ਹੀ ਕਰ ਸਕਦਾ ਹੈ ..... ! ਉਫ਼, ਪਰ ਕੀ ਇਹ ਉਸ ਨਾਲੋਂ ਬਿਹਤਰ ਨਹੀਂ ਕਿ ਮਾਪਿਆ ਨੂੰ, ਆਪਣੇ ਬੱਚੇ, ਇੱਕ-ਇੱਕ ਕਰ ਕੇ ਮਰਦੇ ਵੇਖਣੇ ਪੈਂਦੇ ਜਾਂ ਫਿਰ ਮਾਂ-ਪਿਉ ਆਪ ਮਰ ਜਾਂਦੇ ਅਤੇ ਵਿਚਾਰੇ ਛੋਟੇ-ਛੋਟੇ ਬੱਚਿਆਂ ਨੂੰ ਭੁੱਖੇ ਮਰਨ ਲਈ ਇੱਕਲਿਆਂ ਛੱਡ ਜਾਂਦੇ ? ਮੈਂ ਪਹਿਲਾਂ ਕਦੇ ਅਜਿਹੀਆਂ ਡਰਾਉਣੀਆਂ ਚੀਜ਼ਾਂ ਬਾਰੇ ਸੋਚਿਆ ਵੀ ਨਹੀਂ ਸੀ, ਜਿਵੇਂ ਕਿ ਆਪਣੀ ਹੀ ਜ਼ਿੰਦਗੀ ਲੈ ਲੈਣੀ ਜਾਂ ਫਿਰ ਉਸ ਤੋਂ ਮਾੜੀ ਗੱਲ, ਆਪਣੇ ਹੀ ਬੱਚਿਆਂ ਨੂੰ ਮਾਰ ਦੇਣਾ ..... ਉਫ਼ ਲੋਕ ਕਈ ਭਿਆਨਕ ਗੱਲਾਂ ਕਰਦੇ ਹਨ !"

ਦਾਨਕੀਚੀ ਪਹਾੜਾਂ ਵਲ ਦੌੜਿਆ, ਉਸ ਦਾ ਚਿਹਰਾ, ਇੱਕ ਨਿਰਾਸ਼ਾ-ਭਰਪੂਰ ਭਾਵ ਨਾਲ ਯੱਖ ਹੋ ਗਿਆ ਸੀ ! ਉਹ ਅਚਾਨਕ ਰੁਕਿਆ ਅਤੇ ਉਹਨੇ ਖੱਬੇ-ਸੱਜੇ ਤੱਕਿਆ ਅਤੇ ਫਿਰ ਛੇਤੀ ਹੀ, ਇੱਕ ਨਿੱਕੇ-ਜਿਹੇ ਰਸਤੇ 'ਚ ਦਾਖ਼ਲ ਹੋਣ ਲਈ ਮੁੜਿਆ। ਦਰਿਆ ਦੇ ਕਿਨਾਰੇ-ਕਿਨਾਰੇ ਚੱਲਦਿਆਂ, ਉਹਨੇ ਉਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਜ਼ਹਿਰੀਲੀਆਂ ਲਾਲ-ਲਾਲ ਲਿਸ਼ਕਦੀਆਂ ਖੁੰਮਾਂ ਇੱਕਠੀਆਂ ਕਰ ਲਈਆਂ ਅਤੇ ਉਹਨਾਂ ਨੂੰ ਨੇੜੇ ਦੇ ਇੱਕ ਰੁੱਖ ਵਿਚਲੇ ਖੋੜ ਵਿੱਚ ਛੁਪਾ ਦਿੱਤਾ।

"ਮੈਂ ਉਹਨਾਂ ਜ਼ਹਿਰੀਲੀਆਂ ਖੁੰਮਾਂ ਦਾ ਇੱਕ ਢੇਰ ਦਾ ਢੇਰ ਇੱਕਠਾ ਕਰ ਲਿਆ ਅਤੇ ਉਹਨਾਂ ਨੂੰ ਉਸ ਰੁੱਖ ਦੇ ਇੱਕ ਖੋੜ ਵਿੱਚ ਤੂਸ ਦਿੱਤਾ ਸੀ, ਕੀ ਮੈਂ ਅਜਿਹਾ ਨਹੀਂ ਸੀ ਕੀਤਾ .........." ਜਿਉਂ ਹੀ ਬਾਂਦਰਾਂ ਦੇ ਸਰਦਾਰ, ਦਾਨਕੀਚੀ ਨੇ ਪਹਾੜਾਂ 'ਤੇ ਅਤੇ ਹੇਠਾਂ ਵਾਦੀਆਂ ਵਿੱਚ ਬਰਫ਼ ਪੈਂਦੀ ਵੇਖੀ, ਤਾਂ ਉਹਨੇ ਇੱਕ ਠੰਡਾ ਸਾਹ ਲਿਆ !

ਜਿਉਂ ਹੀ ਦਾਨਕੀਚੀ, ਆਪਣੇ ਗ਼ਾਰ ਦੇ ਦਰਵਾਜ਼ੇ 'ਤੇ ਆਪਣੀ ਆਮ ਵਰਗੀ ਸ਼ਾਨ ਨਾਲ ਬੈਠਾ, ਤਾਂ ਉਹ ਇਸ ਗੱਲ ਬਾਰੇ ਸਾਵਧਾਨ ਸੀ ਕਿ ਬਾਂਦਰਾਂ ਨੂੰ ਆਪਣੇ ਸਰਦਾਰ ਦੀ ਘਬਰਾਹਟ ਦਾ ਪਤਾ ਨਾ ਲੱਗੇ, ਜੋ ਉਹ ਆਪਣੇ-ਅੰਦਰ ਡੂੰਘੀ-ਡੂੰਘੀ ਮਹਿਸੂਸ ਕਰ ਰਿਹਾ ਸੀ।

"ਸਰਦਾਰਾ !" ਕੋਈ ਉੱਚੀ ਤਾਈਂ ਚਿੱਲਾਇਆ। ਦਾਨਕੀਚੀ ਅੱਸੇ-ਪੱਸੇ ਮੁੜਿਆ ਅਤੇ ਉਹਨੇ ਗੋਂਤਾ ਨੂੰ ਗਾਰ ਦੇ ਅੰਦਰ, ਆਪਣੇ ਪਿੱਛੇ ਖਲੋਤਿਆਂ ਤੱਕਿਆ, ਗੋਂਤਾ ਜੋ ਛੋਟੇ ਜਵਾਨ ਬਾਂਦਰਾਂ ਵਿਚੋਂ ਸੱਭ ਤੋਂ ਬਲ਼ਵਾਨ ਸੀ।

"ਗੋਂਤਿਆ, ਕੀ ਗੱਲ ਹੈ ? ਤੂੰ ਕਿਸੇ ਬਾਰੇ ਦੁਖੀ ਜਾਪਦਾ ਹੈਂ ? ਆ, ਏਥੇ ਬਹਿ ਜਾ, ਅਤੇ ਮੈਨੂੰ ਦੱਸ; ਕਿ ਤੇਰੇ ਦਿਲ ਵਿੱਚ ਕੀ ਹੈ।" ਜਵਾਨ ਬਾਂਦਰ ਦੀਆਂ ਲਹੂ-ਸਿੰਮਦੀਆਂ ਅੱਖਾਂ ਅਤੇ ਭਿਆਨਕ ਹਾਵ-ਭਾਵ ਵੇਖ ਕੇ, ਦਾਨਕੀਚੀ ਨੇ ਆਪਣੇ ਸਾਰੇ ਸਰੀਰ ਵਿੱਚ ਇੱਕ ਬਰਫ਼ੀਲਾ ਸੀਤ ਸੁਰਕਦਾ ਮਹਿਸੂਸ ਕੀਤਾ, ਪਰ ਫਿਰ ਵੀ ਉਹਨੇ ਕਿਸੇ-ਨਾ-ਕਿਸੇ

ਤਰ੍ਹਾਂ, ਟਿਕਵੀਂ ਅਤੇ ਨਰਮ ਆਵਾਜ਼ ਵਿੱਚ ਗੱਲ ਕੀਤੀ।

ਹਾਲੇ ਵੀ ਖੜ੍ਹੇ-ਖਲੋਤੇ ਗੌਤਾ ਨੇ ਗੱਲ ਸ਼ੁਰੂ ਕੀਤੀ. ਉਸ ਦੀ ਤਣਾਅ-ਭਰੀ ਆਵਾਜ਼ ਭੀਚਵੇਂ ਦੰਦਾਂ ਵਿਚੋਂ ਦੀ ਆ ਰਹੀ ਸੀ। "ਸਰਦਾਰਾ. ਅਸੀਂ ਹੁਣ ਇਹ ਹੋਰ ਨਹੀਂ ਸਹਿ ਸਕਦੇ ........ ! ਅਸੀਂ ਚਾਹਵਾਂਗੇ ਕਿ ਤੁਸੀਂ ਇੱਕ ਇਕਤੱਰਤਾ ਬੁਲਾਉ ਤਾਂ ਜੋ ਅਸੀ ਇਸ ਬਾਰੇ ਗੱਲ ਬਾਤ ਕਰ ਸਕੀਏ ਕਿ ਕੀ ਕੀਤਾ ਜਾਣਾ ਚਾਹੀਦੈ।"

"ਹਾਂ, ਸਮਾਂ ਆ ਗਿਐ।" ਦਾਨਕੀਚੀ ਨੇ ਜਵਾਬ ਦੇਂਦਿਆਂ ਸੋਚਿਆ, ਠੀਕ ਹੈ, ਇਕੱਲਾ ਤੂੰ ਹੀ ਨਹੀਂ. ਜਿਸ ਦੀਆਂ ਅੱਖਾਂ ਉਦਾਸੀ ਨਾਲ ਭਰੀਆਂ ਹੋਈਆਂ ਹਨ. ਮੈਂ ਇਹ ਚੀਜ਼, ਆਪਣੀ ਗੁਫਾ ਵਿਚਲੇ ਸਾਰੇ ਹੀ ਨੌਂ-ਉਮਰ ਬਾਂਦਰਾਂ ਦੀ ਤੱਕਣੀ ਵਿੱਚ ਵੇਖੀ ਹੈ। ਹੁਣ ਤੁਹਾਡੀਆਂ ਅੱਖਾਂ ਵਿਚਲੇ ਸਵਾਲਾਂ ਦੇ ਜਵਾਬ ਦੇਣ ਦਾ ਵਕਤ ਆ ਗਿਆ ਹੈ। ਵੱਡਿਆਂ ਅਤੇ ਆਗੂਆਂ ਨੂੰ ਇਕੱਠ ਕਰ ਲਉ। ਕਬੀਲੇ ਦੇ ਛੋਟੇ ਜੀਆਂ ਨੂੰ, ਬੋਲਣ ਦੀ ਇਜਾਜ਼ਤ ਨਹੀਂ, ਪਰ ਉਹਨਾਂ ਨੂੰ ਇਕਤੱਰਤਾ ਵਿੱਚ ਸ਼ਾਮਿਲ ਹੋਣ ਅਤੇ ਗੱਲ- ਬਾਤ ਸੁਣਨ ਦੀ ਆਗਿਆ ਹੋਵੇਗੀ।"

ਜਿਉਂ ਹੀ ਦਾਨਕੀਚੀ ਇਹ ਸ਼ਬਦ ਹਲਕੀ, ਟਿਕਵੀਂ ਆਵਾਜ਼ ਵਿੱਚ ਆਖ ਰਿਹਾ ਸੀ, ਗਾਰ ਵਿੱਚ ਚੁੱਪ- ਚਾਪ. ਤਣਾਅ ਦਾ ਇੱਕ ਵਾਤਾਵਰਨ ਵਧ ਰਿਹਾ ਸੀ।

ਮਾਂ-ਬਾਂਦਰੀਆ ਆਪਣੇ ਨਿੱਕੇ-ਨਿੱਕੇ ਕਮਜ਼ੋਰ ਕਾਂਗੜੂ ਜਿਹੇ ਬੱਚਿਆਂ ਨੂੰ ਆਪਣੀਆਂ ਛਾਤੀਆਂ ਨਾਲ ਘੁੱਟੀ ਅਤੇ ਰਤਾ ਕੁ ਵੱਡਿਆਂ ਨੂੰ ਚੁੱਪ -ਚਾਪ ਆਪਣੇ ਅੱਗੇ-ਅੱਗੇ ਤੁਰਨ ਲਈ ਆਖਦੀਆਂ. ਗੁਫਾ ਦੇ ਪਿੱਛਲੇ ਪਾਸੇ ਚਲੀਆਂ ਗਈਆਂ। ਫਿਰ ਬਿਰਧ ਬਾਂਦਰਾਂ ਨੇ ਆਪਣੇ ਅੰਗ ਪਸਾਰੇ, ਅਤੇ ਗੁਫਾ ਦੇ ਖੂੰਜਿਆਂ ਵਿਚੋਂ, ਜਿੱਥੇ ਉਹ ਲੇਟੇ ਹੋਏ ਸਨ, ਹੌਲੀ-ਹੌਲੀ ਉੱਠੇ ਅਤੇ ਕਬੀਲੇ ਦੇ ਆਮ ਛੋਟੀ ਉਮਰ ਦੇ ਬਾਂਦਰਾਂ ਤੋਂ ਪਰ੍ਹੇ ਚਲੇ ਗਏ, ਜੋ ਆਪਣੇ ਵਾਲਾਂ ਚੋਂ ਜੂੰਆਂ ਚੁਗ ਰਹੇ ਸਨ। ਘਿਸਰਦੇ ਪੈਰ, ਥੱਕੇ- ਟੁੱਟੇ ਸਰੀਰਾਂ ਨੂੰ, ਸਹਿਜੇ-ਸਹਿਜੇ ਗੁਫਾ ਦੇ ਬੂਹੇ ਵਲ ਲੈ ਗਏ। ਹਰੇਕ ਚਿਹਰੇ ਚੋਂ ਇਹ ਚੇਤਨਾ ਝਾਕ ਰਹੀ ਸੀ ਕਿ ਉਹ ਬਹਿਸ ਕਿੰਨੀ ਸੰਜੀਦਾ ਹੋਵੇਗੀ ! ਉਦਾਸ-ਉਪਰਾਮ ਚਿਹਰਿਆਂ ਦੇ ਵਿਚਕਾਰ, ਕੇਵਲ ਅੱਖਾਂ ਹੀ ਚਮਕ ਰਹੀਆਂ ਸਨ !

"ਹੁਣ, ਮੇਰਾ ਖਿਆਲ ਹੈ ਕਿ ਤੁਸੀਂ ਸਾਰੇ ਇਹ ਜਾਣਦੇ ਹੋ ਕਿ ਅਸੀਂ ਏਥੇ ਕਿਉਂ ਇਕੱਠੇ ਹੋਏ ਹਾਂ। ਗਰਮੀ ਤੇ ਅੰੜ ਦੇ ਇੱਕ ਹਨਾਲ ਅਤੇ ਪੱਤਝੜ ਤੋਂ ਪਿੱਛੋਂ, ਅਸੀਂ ਪਾਇਆ ਹੈ ਕਿ ਇਸ ਸਿਆਲ ਵਿੱਚ ਸਾਡੇ ਪਾਸ ਖਾਣ ਵਾਸਤੇ ਕੁੱਝ ਵੀ ਨਹੀਂ ! ਜਿਵੇਂ ਕਿ ਤੁਸੀਂ ਜਾਣਦੇ ਹੀ ਹੋ. ਕਿ ਬਰਚੇ ਅਤੇ ਅਖ਼ਰੋਟ ਦੇ ਰੁੱਖਾਂ ਦੇ ਪੱਤੇ, ਬਗੈਰ ਕਿਸੇ ਫਲ ਪੈਦਾ ਕਰਨ ਦੇ ਹੀ ਝੜ ਗਏ ਹਨ ! ਹੇਠਾਂ ਵਾਦੀ ਵਿੱਚ ਵੀ, ਖੇਤ ਅਤੇ ਬਾਗ ਸੱਭ ਸੁੱਕ ਗਏ ਹਨ ਅਤੇ ਜਿਹੜੇ ਲੋਕ ਉਥੇ ਰਹਿੰਦੇ ਸਨ. ਉਹ ਬਹੁਤ ਚਿਰ ਪਹਿਲਾਂ ਮਰ-ਮੁੱਕ ਗਏ ਹਨ ! ਇਹ ਇੱਕ ਅਜਿਹੀ ਚੀਜ਼ ਹੈ, ਜੋ ਅਸੀਂ ਪਹਿਲਾ ਕਦੇ ਵੀ ਨਹੀਂ ਸੀ ਵੇਖੀ-ਅਨੁਭਵੀ। ਕਿਸੇ-ਨਾ-ਕਿਸੇ ਤਰ੍ਹਾਂ ਅਸੀਂ ਏਨਾ ਕੁ ਅੰਨ ਇਕੱਠਾ ਕਰ ਲਿਆ ਸੀ ਜੋ ਹੁਣ ਤੱਕ ਜੀਵਿਤ ਰਹਿ ਸਕੇ ਹਾਂ. ਪਰ ਜਾਪਦਾ ਹੈ, ਜਿਵੇਂ ਇਹ ਬਰਫ਼ ਹਮੇਸ਼ਾ ਹੀ ਪੈਂਦੀ ਰਹੇਗੀ ! ਹਾਂ, ਤਾਂ ਫਿਰ ਕੀ ਸਾਡੇ ਵਿੱਚ ਏਨੀ ਕੁ ਸਿਆਣਪ ਵੀ ਨਹੀਂ, ਜੋ ਸਾਨੂੰ ਦੱਸ ਸਕੇ ਕਿ ਕੀ ਕਰਨਾ ਚਾਹੀਦੈ ?"

ਦਾਨਕੀਚੀ, ਦੇ ਆਖ਼ਰੀ ਸ਼ਬਦ ਅਜੇ ਖ਼ਤਮ ਨਹੀਂ ਸਨ ਹੋਏ ਕਿ ਜਵਾਨ ਗੌਤਾ ਉੱਠ ਖਲੋਤਾ। ਇੱਕ ਲੰਮਾ ਸਾਹ ਲੈਣ ਲਈ, ਆਪਣੇ ਮੋਢਿਆਂ ਨੂੰ ਪਿੱਛੇ ਵਲ ਨੂੰ ਝਟਕਦਿਆਂ ਅਤੇ ਆਪਣੇ ਸੰਘਣੇ ਭਰਵੱਟਿਆਂ ਨੂੰ. ਤੇਜ਼ੀ ਨਾਲ ਹੇਠਾਂ-ਉੱਪਰ ਕਰਦਿਆਂ, ਉਹਨੇ ਆਖਣਾ ਸ਼ੁਰੂ ਕੀਤਾ। "ਅਸੀਂ ਕਬੀਲੇ ਦੇ ਜਵਾਨ ਜੀਆਂ ਨੇ ਇਹ ਫ਼ੈਸਲਾ ਕੀਤਾ ਹੈ ਕਿ ਬਾਂਦਰ-ਪਰਬਤ ਦੀਆਂ ਲਹੂ ਰੇਖਾਵਾਂ ਦੀ ਰੱਖਿਆ ਕਰਨੀ ਸੱਭ ਤੋਂ ਜ਼ਰੂਰੀ ਹੈ। ਆਉਣ ਵਾਲੀਆਂ ਪੀੜ੍ਹੀਆਂ ਦੀ ਖ਼ਾਤਰ, ਬਲਵਾਨਾਂ ਨੂੰ ਜ਼ਰੂਰ ਜੀਵਿਤ ਰਹਿਣਾ ਚਾਹੀਦਾ ਹੈ ਅਤੇ ਮਾੜਿਆਂ 'ਤੇ ਅੰਨ ਬਰਬਾਦ ਕਰਨਾ ਬੰਦ ਕਰ ਦੱਈਏ, ਤਾਂ ਬਲਵਾਨ ਵਧੇਰੇ ਚਿਰ ਤੱਕ ਜੀਵਿਤ ਰਹਿ ਸਕਦੇ ਹਨ।"

"ਕੀਅ ... ਈ ......... ਕੀ......... ਕੀ........ !" ਇੱਕ ਬਿਰਧ ਬਾਂਦਰ ਦੀ ਤਿੱਖੀ-ਚੀਖ਼ਵੀਂ ਆਵਾਜ਼ ਆਈ, ਜੋ ਆਪਣੀਆਂ ਪਤਲੀਆਂ-ਪਤਲੀਆਂ ਬਾਹਾਂ, ਥੋੜ੍ਹੀ ਤੇਜ਼ੀ ਨਾਲ ਏਧਰ-ਉਧਰ ਹਿਲਾ ਰਿਹਾ ਸੀ, ਬਾਹਾਂ ਜਿਹੜੀਆਂ ਸੁੱਕੀਆਂ ਖਿੰਗਰੀਆਂ ਵਰਗੀਆਂ ਵਧੇਰੇ ਜਾਪ ਰਹੀਆਂ ਸਨ !

"ਚੁੱਪ, ਖ਼ਾਮੋਸ਼ ! ਤੁਹਾਨੂੰ ਬੱਚਿਆਂ ਨੂੰ ਏਥੇ ਬੋਲਣ ਦਾ ਕੋਈ ਹੱਕ ਨਹੀਂ !"

"ਕੀ ? ! " ਇੱਕ ਨਿੱਕਾ ਜਿਹਾ ਬਾਂਦਰ ਉੱਛਲ ਕੇ ਖੜਾ ਹੋ ਗਿਆ ਅਤੇ ਆਪਣੇ ਚਿਹਰੇ 'ਤੇ ਇੱਕ ਧਮਕੀ-ਭਰੀ ਘੂਰੀ ਪਾ ਕੇ, ਬਿਰਧ ਬਾਂਦਰ ਵਲ ਵਧਿਆ।

"ਬੰਦ ਕਰੋ — ਬਹੁਤ ਹੋ ਗਿਐ," ਦਾਨਕੀਚੀ ਨੇ ਹੁਕਮ ਦਿੱਤਾ।

"ਇਸ ਵੇਲੇ ਸਾਨੂੰ ਵਿਚਾਰਾਂ ਦੀ ਲੋੜ ਹੈ, ਹਿੰਸਾ ਦੀ ਨਹੀਂ। ਅਸੀਂ ਛੋਟੇ ਬਾਂਦਰਾਂ ਨੂੰ ਵੀ ਬੋਲਣ ਦੀ ਆਗਿਆ ਦੇਵਾਂਗੇ। ਠੀਕ ਹੈ, ਗੌਂਤਾ, ਤੂੰ ਆਪਣੇ ਵਿਚਾਰ ਏਥੇ ਸੱਭ ਦੇ ਸਾਹਮਣੇ ਦੱਸ।"

"ਗੱਲ ਇਉਂ ਹੈ ਕਿ ਇਸ ਦੀ ਬਜਾਏ ਕਿ ਅਸੀਂ ਸਾਰੇ ਭੁੱਖ ਨਾਲ ਮਰ ਜਾਈਏ, ਉਹ,............. ਦੇਖੋ .......ਸਾਡੇ ਵਿਚੋਂ ਉਹ ਚੋਣਵੇਂ : ਜਵਾਨ ਤੇ ਬਲਵਾਨ ਜੀਅ ਜੋ ਕਬੀਲੇ ਲਈ ਸੱਭ ਤੋਂ ਵੱਧ ਕੰਮ ਦੇ ਹਨ, ਇੱਕ ਵੀ ਦਿਨ ਵਧੇਰੇ ਜੀਊ ਸਕਣ, ਇਹ ਗੱਲ ਸਾਨੂੰ ਮਾੜਿਆਂ ਉੱਤੇ ਛੱਡ ਦੇਣੀ ਚਾਹੀਦੀ ਹੈ....... "

"ਮੂਰਖ ਬੱਚੇ, ਮੇਰਾ ਅਨੁਮਾਨ ਹੈ ਕਿ ਤੈਨੂੰ ਅਜਿਹੇ ਸ਼ਬਦ ਆਖਣ ਦੀ ਇਜਾਜ਼ਤ ਦੇ ਦਿੱਤੇ ਜਾਣ 'ਚ, ਕੋਈ ਖ਼ਾਸ ਝਰਨਾਟ ਮਹਿਸੂਸ ਹੋ ਰਹੀ ਹੈ !" ਇੱਕ ਬਿਰਧ ਬਾਂਦਰ ਆਪਣਾ ਮੁੱਕਾ, ਕਰੋਧ ਵਿੱਚ ਹਿਲਾਉਂਦਿਆਂ ਉੱਚੀ ਤਾਈਂ ਚਿੱਲਾਇਆ।

ਦਾਨਕੀਚੀ ਨੇ ਗਰਮ-ਸੁਭਾਅ ਦੇ ਬਾਂਦਰਾਂ ਨੂੰ ਫਿਰ ਸ਼ਾਂਤ ਕੀਤਾ ਅਤੇ ਆਖਿਆ,"ਤਾਂ ਫਿਰ ਤੂੰ ਇਹ ਆਖ ਰਿਹਾ ਏਂ ਕਿ ਜੇ ਸਾਨੂੰ ਭੋਜਨ ਮਿਲ ਜਾਵੇ ਤਾਂ ਸਾਨੂੰ ਉਹ ਮਾੜੇ ਬਾਂਦਰਾਂ ਨੂੰ ਉੱਕਾ ਹੀ ਨਹੀਂ ਦੇਣਾ ਚਾਹੀਦਾ, ਸਗੋਂ ਉਸ ਦੀ ਥਾਂ 'ਤੇ, ਉਹਨਾਂ ਨੂੰ ਆਪਣੀਆਂ ਅੱਖਾਂ ਅੱਗੇ ਮਰਦਿਆਂ ਵੇਖਣਾ ਚਾਹੀਦੈ ?"

"ਉਹ ............ ਹਾਂ ............ "

"ਇਹ ਬਾਂਦਰ-ਪਰਬਤ ਦੇ ਕਾਨੂੰਨਾਂ ਦੇ ਵਿਰੁੱਧ ਹੈ ! ਹਾਂ, ਇਹ ਗੈਰ-ਕਾਨੂੰਨੀ ਹੈ" ! ਇੱਕ ਹੋਰ ਬਿਰਧ ਦੀ ਭਰੜਾਈ ਹੋਈ ਆਵਾਜ਼ ਗੁੜਗੁੜਾਈ। ਵਿਰੋਧ ਦੀ ਘੁਰ-ਘੁਰ ਨੂੰ ਚੁੱਪ ਕਰਾਉਣ ਲਈ, ਦਾਨਕੀਚੀ ਨੂੰ ਇੱਕ ਵਾਰ ਹੋਰ ਬੋਲਣਾ ਪਿਆ।"ਇਹ ਕਾਇਦੇ-ਕਾਨੂੰਨਾਂ 'ਤੇ ਬਹਿਸ ਕਰਨ ਦਾ ਵੇਲਾ ਨਹੀਂ। ਜੇਕਰ ਸਾਨੂੰ ਮਾੜੇ ਬਾਂਦਰਾਂ ਨੂੰ ਖਾਣਾ ਵੀ ਪੈ ਜਾਵੇ, ਬਲਵਾਨ ਅਤੇ ਵਧੀਆ ਬਾਂਦਰਾਂ ਦਾ ਜੀਉਂਦੇ ਰਹਿਣਾ ਜ਼ਰੂਰੀ ਹੈ, ਨਹੀਂ ਤਾਂ ਬਾਂਦਰ-ਪਰਬਤ ਦੀਆਂ ਲਹੂ-ਰੇਖਾਵਾਂ ਸਾਡੀ ਪੀੜ੍ਹੀ ਨਾਲ ਹੀ ਖ਼ਤਮ ਹੋ ਜਾਣਗੀਆਂ।"

"ਲਹੂ-ਰੇਖਾਵਾਂ ਦੀ ਇਹ ਸਾਰੀ ਗੱਲ ਹੈ ਕੀ ? ! ਉਹਨਾਂ ਨੂੰ ਹਰ ਕੀਮਤ 'ਤੇ ਸੁਰੱਖਿਅਤ ਰੱਖਣ ਦੀ ਲੋੜ ਕਿਉਂ ਹੈ ? ਹਾਂ, ਛੋਟੇ ਬਾਂਦਰ ਜੋ ਆਖ ਰਹੇ ਹਨ, ਉਹ ਇਹ ਹੈ ਕਿ ਉਹਨਾਂ ਨੂੰ ਵੀ ਜੀਉਂਦੇ ਰਹਿਣਾ ਚਾਹੀਦੈ, ਦੂਸਰਿਆਂ 'ਤੇ ਧਿਆਨ ਦਿੱਤੇ ਬਗੈਰ ! ਹੂਹ .......... ਹੂ !!"

ਸਾਰੀ ਗੁਫਾ ਵਿੱਚ ਅਫ਼ੜਾ-ਦਫ਼ੜੀ ਦਾ ਵਾਤਾਵਰਨ ਫੈਲ ਗਿਆ। ਭੁੱਖ ਤੇ ਨਿਰਾਸ਼ਾ ਨਾਲ ਬੁਝੀਆਂ-ਬੁਝੀਆਂ ਅੱਖਾਂ, ਦੂਸਰੀਆਂ ਅੱਖਾਂ ਵਲ ਤੱਕ ਰਹੀਆਂ ਸਨ, ਜਦ ਕਿ ਬਾਂਦਰ, ਲੜਾਈ ਸ਼ੁਰੂ ਹੋਣ ਦੀ ਉਡੀਕ ਕਰ ਰਹੇ ਸਨ, ਉਹ ਲੜਾਈ, ਜੋ ਗੱਲ ਦਾ ਫ਼ੈਸਲਾ, ਬਲਵਾਨਾਂ ਦੇ ਹੱਕ ਵਿੱਚ ਕਰੇਗੀ।

ਦਾਨਕੀਚੀ ਆਪਣੀਆਂ ਅੱਖਾਂ ਅੱਧੀਆਂ ਮੀਚੀ ਬੈਠਾ ਸੀ। ਉਹ ਗੁਫਾ ਦੇ ਬਾਹਰ ਵੇਖ ਰਿਹਾ ਸੀ ਅਤੇ ਆਪਣੇ-ਆਪ ਵਿੱਚ ਹੀ ਘੁਰ-ਘੁਰ ਕਰ ਰਿਹਾ ਸੀ, "ਜੇ ਏਥੇ ਲੜਾਈ ਛਿੜ ਪਈ, ਤਾਂ ਮਾੜੇ ਮਾਰੇ ਜਾਣਗੇ ਅਤੇ ਉਹਨਾਂ

ਦਾ ਮਾਸ ਸੁਕਾ ਲਿਆ ਜਾਵੇਗਾ। ਇਹ ਤਾਂ ਇੰਨ-ਬਿੰਨ ਪੁਰਾਤਨ ਕਥਾ "ਬਾਂਦਰ ਦਾ ਸੁਕਾਇਆ ਮਾਸ" ਵਾਲੀ ਗੱਲ ਹੋਵੇਗੀ। ਇੱਕ ਵਾਰੀ ਦੂਸਰੇ ਭੁੱਖੇ ਮਰਦੇ ਬਾਂਦਰਾਂ ਨੇ, ਉਸ ਮਾਸ ਦਾ ਸੁਆਦ ਚੱਖ ਲਿਆ, ਤਾਂ ਉਹ, ਉਸ ਸੁਆਦ ਨੂੰ ਕਦੇ ਨਹੀਂ ਭੁੱਲਣਗੇ। ਨਾਲੇ ਖਾਧੇ ਗਏ ਬਾਂਦਰਾਂ ਦੇ ਪਰਿਵਾਰ, ਹਮੇਸ਼ਾ ਹੋਰਨਾਂ ਲਈ ਕਿੜ ਰੱਖਣਗੇ ਅਤੇ ਲੜਾਈ ਕਦੇ ਵੀ ਮੁੱਕੇਗੀ ਨਹੀਂ। ਫਿਰ ਮਰਨ-ਮਾਰਨ ਉਦੋਂ ਤੱਕ ਚੱਲਦਾ ਰਹੇਗਾ, ਜਦ ਕੇਵਲ ਇੱਕ ਬਾਂਦਰ ਹੀ ਬਾਕੀ ਬਚੇਗਾ ਅਤੇ ਉਹ ਸਾਡੇ ਕਬੀਲੇ ਦਾ ਅੰਤ ਹੋਵੇਗਾ ! ਆਹ, ਮੈਂ ਬਾਂਦਰ-ਪਰਬਤ ਅਤੇ ਕਬੀਲੇ ਨੂੰ ਇਸ ਤਰ੍ਹਾਂ ਖ਼ਤਮ ਨਹੀਂ ਹੋਣ ਦੇਵਾਂਗਾ ! ਅਜਿਹਾ ਹੁੰਦਾ ਵੇਖਣ ਨਾਲੋਂ ਤਾਂ ਮੈਂ ਮਰ ਹੀ ਜਾਵਾਂਗਾ !"

ਬਰਫ਼ ਪੈਂਦੀ ਰਹੀ, ਤੇਜ਼-ਤੇਜ਼, ਹੋਰ ਵਧੇਰੇ ਤੇਜ਼-ਤੇਜ਼ ਅਤੇ ਉਹਨੇ ਉਸ ਪਹਾੜ ਨੂੰ ਪੂਰੀ ਤਰ੍ਹਾਂ ਢੱਕ-ਕੱਜ ਲਿਆ, ਜਿਸ ਉੱਤੇ ਕਿ ਦਾਨਕੀਚੀ ਨੇ ਕਿੰਨੇ ਹੀ ਵਰ੍ਹੇ ਰਾਜ ਕੀਤਾ ਸੀ !

"ਵਿਹੁ-ਹਸਾਊ ਖੁੰਮਾਂ ! ਹਾਂ, ਮੈਂ ਇਹ ਕੁੱਝ ਹੀ ਕਰਾਂਗਾ। ਮੈਂ ਉਸ ਰੁੱਖ ਦੇ ਖੋੜ੍ਹ ਵਿੱਚ ਛੁਪਾਈਆਂ ਉਹ ਖੁੰਮਾਂ ਲਿਆਵਾਂਗਾ ਅਤੇ ਹਰ ਕੋਈ ਖ਼ੂਬ, ਜੀਅ ਭਰ ਕੇ ਖਾ ਸਕੇਗਾ ਅਤੇ ਹੱਸਦਾ ਹੋਇਆ ਮਰ ਜਾਵੇਗਾ। ਇਹ ਸਾਰੇ ਇੱਕ-ਦੂਸਰੇ ਨੂੰ ਮਾਰ-ਮੁਕਾਉਣ, ਇਸ ਨਾਲੋਂ ਤਾਂ ਉਹ ਬਿਹਤਰ ਹੈ।"

ਜਿਉਂ ਹੀ ਉਸ ਨੇ ਆਪਣੇ-ਆਪ 'ਚ ਇਹ ਸੋਚਿਆ, ਉਸ ਦੀਆਂ ਅੱਖਾਂ ਸਾਹਮਣੇ ਉਹਨਾਂ ਸੱਤਾਂ ਬੱਚਿਆਂ ਦੇ, ਅਚੇਤ ਹੀ ਮਰ ਜਾਣ ਦਾ ਦ੍ਰਿਸ਼ ਆ ਗਿਆ ਅਤੇ ਉਹਨਾਂ ਦੇ ਊਦੇ-ਜਾਮਣੀ, ਹਫ਼ਦੇ-ਹੌਂਕਦੇ ਚਿਹਰੇ ਘੁੰਮ ਗਏ।

"ਉਫ਼, ਇਸ ਨਾਲ ਕੰਮ ਨਹੀਂ ਚੱਲੇਗਾ ! ਨਿਸ਼ਚੇ ਹੀ ਨਹੀਂ ! ਸਾਰਿਆਂ ਨੂੰ ਮਾਰਨਾ, ਅੱਲ੍ਹੜ-ਮਾਸੂਮ, ਬਾਲ-ਬਾਂਦਰਾਂ ਨੂੰ ਵੀ, ਬਹੁਤ ਭਿਆਨਕ ਹੋਵੇਗਾ, ਇਹ ਇੱਕ ਅਜਿਹੀ ਚੀਜ਼ ਹੈ, ਜੋ ਮੈਂ ਨਹੀਂ ਕਰ ਸਕਾਂਗਾ! ਅਸੀਂ ਇਨਸਾਨਾਂ ਵਰਗੇ ਨਹੀਂ" !

ਵਿਚਾਰੇ ਦਾਨਕੀਚੀ ਨੇ ਆਪਣੇ ਦਿਲ ਵਿੱਚ ਏਨਾ ਦੁੱਖ ਮਹਿਸੂਸ ਕੀਤਾ ਕਿ ਪੀੜ ਦੀ ਇੱਕ ਚੀਕ, ਵਦੋ-ਵਦੀ ਉਸ ਦੇ ਸੰਘ ਵਿਚੋਂ ਨਿਕਲ ਗਈ।

"ਇਸ ਵਰ੍ਹੇ ਬਹਾਰ ਕਿਉਂ ਨਹੀਂ ਆਉਂਦੀ ? !!"

ਗੁਫਾ ਦੇ ਅੰਦਰ ਸੱਭ ਚੁੱਪ-ਚਾਂ ਅਤੇ ਸ਼ਾਂਤ-ਖ਼ਾਮੋਸ਼ ਸੀ !

"ਮਾਂ, ਬਹਾਰ ਕਿੱਥੋਂ ਆਉਂਦੀ ਹੈ ?" ਗੁਫਾ ਦੇ ਪਿਛਲੇ ਪਾਸਿਉਂ, ਆਪਣੀ ਮਾਂ ਦੀ ਛਾਤੀ ਨਾਲ ਚੰਬੜੇ ਇੱਕ ਛੋਟੇ-ਜਿਹੇ ਬਾਂਦਰ ਦੀ ਮਿੱਠੀ ਆਵਾਜ਼ ਆਈ।

ਗੁਫਾ ਦੇ ਅੰਦਰਲੀ ਤਣਾਅ - ਭਰਪੂਰ ਹਾਲਤ, ਅਚਨਚੇਤੀ ਨਰਮ ਹੋ ਗਈ ਅਤੇ ਸਾਰੇ ਬਾਂਦਰ ਆਪੋ-ਵਿੱਚ ਮਿਲ ਕੇ, ਗੱਲਾਂ-ਗੱਪਾਂ ਮਾਰਨ ਲੱਗੇ।

"ਬਹਾਰ ਏਥੋਂ ਦੂਰ, ਬਹੁਤ ਦੂਰ ਦੇ ਕਿਸੇ ਸਥਾਨ ਤੋਂ ਆਉਂਦੀ ਹੈ।" ਛੋਟੇ-ਜਿਹੇ ਬਾਂਦਰ ਦੀ ਮਾਂ ਨੇ ਉੱਤਰ ਦਿੱਤਾ।

"ਉਹ ਦੂਰ ਦਾ ਸਥਾਨ ਕਿੱਥੇ ਹੈ ?"

"ਉਹ ਬਰਫ਼ ਨਾਲ ਢੱਕੇ ਉਸ ਚਿੱਟੇ ਪਹਾੜ ਦੇ ਦੂਸਰੇ ਪਾਸੇ ਹੈ। ਯਕੀਨਨ ਬਹਾਰ ਪਹਾੜ ਦੇ ਦੂਸਰੇ ਪੱਸੇ ਆ ਗਈ ਹੈ। ਉਥੇ, ਬਰਫ਼ ਪਿਘਲ ਗਈ ਹੈ ਅਤੇ ਹੋ ਸਕਦਾ ਹੈ ਕਿ ਫੁੱਲ ਵੀ, ਪਹਿਲਾਂ ਹੀ ਖਿੜ ਪਏ ਹੋਣ !"

ਦਾਨਕੀਚੀ ਨੇ ਆਪਣੇ ਸੀਨੇ ਦੇ ਅੰਦਰ ਇੱਕ ਨਿੱਘਾ ਭਖਾਅ ਮਹਿਸੂਸ ਕੀਤਾ। "ਆਹ, ਹਾਲਾਤ ਕਿੰਨੇ ਵੀ ਮਾੜੇ ਕਿਉਂ ਨਾ ਹੋਣ, ਕੋਈ ਫ਼ਰਕ ਨਹੀਂ ਪੈਂਦਾ ! ਇਹਨਾਂ ਨਿੱਕੇ-ਨਿੱਕੇ ਪਿਆਰੇ-ਪਿਆਰੇ ਬਾਂਦਰਾਂ 'ਚ, ਜੀਊਂਦੇ ਰਹਿਣ ਦੀ ਰੀਝ, ਹਮੇਸ਼ਾ ਹੀ ਮਚਲਦੀ ਰਹਿੰਦੀ ਹੈ, ਇੰਨ-ਬਿੰਨ ਜਿਵੇਂ ਫੁੱਲ, ਸੂਰਜ ਵਲ ਮੂੰਹ ਕਰ ਲੈਂਦੇ ਹਨ। ਮੈਂ ਕਦੇ ਵੀ ਅਜਿਹੇ

ਜੀਵਾਂ ਦਾ ਜੀਵਨ ਨਹੀ ਸਾਂ ਲੈ ਸਕਦਾ, ਜੋ ਹਰ ਤਰ੍ਹਾਂ ਦੀਆਂ ਮੁਸ਼ਕਿਲਾਂ-ਮੁਸੀਬਤਾਂ ਵਿੱਚ ਜੀਊਂਦੇ ਰਹਿਣ ਦਾ ਯਤਨ ਕਰਦੇ ਹਨ। ਉਹਨਾਂ ਨੂੰ ਜੀਉਂਦੇ ਰਹਿਣ ਦੇਣਾ ਚਾਹੀਦਾ ਹੈ। ਉਹਨਾਂ ਨੂੰ ਜੀਉਂਦੇ ਰਹਿਣਾ ਚਾਹੀਦੈ ........"

"ਇਸ ਵਰ੍ਹੇ ਬਹਾਰ ਕਿਸੇ ਵੀ ਵੇਲੇ ਆਵੇਗੀ ! ਹੈ ਨਾ ? ਪਰ ਮਾਂ, ਮੈਂ ਹੋਰ ਉਡੀਕ ਨਹੀਂ ਕਰ ਸਕਦਾ। ਜੇ ਬਹਾਰ ਸਾਡੇ ਕੋਲ ਨਹੀਂ ਆਵੇਗੀ, ਤਾਂ ਚਲੋ, ਅਸੀਂ ਸਾਰੇ ਉਸ ਨੂੰ ਲੱਭਣ ਚੱਲੀਏ !"

"ਇਹ ਨਿੱਕਾ ਜਿਹਾ ਗਾਲੜੀ ਬੱਚਾ ਕੇਹੀਆਂ ਝੱਲੀਆਂ ਗੱਲਾਂ ਕਰ ਰਿਹੈ !"

ਇੱਕ ਬਿਰਧ ਬਾਂਦਰ ਨੇ ਖਿਝ ਕੇ ਕਿਹਾ, ਬਹਾਰ ਨੂੰ ਮਿਲਣ ਜਾਣ ਦੀ ਗੱਲ, ਮੈਂ ਤਾਂ ਕਦੇ ਨਹੀਂ ਸੁਣੀ ! ਅਸੀਂ ਤਾਂ ਪੁਰਾਣੇ ਵਕਤਾਂ ਤੋਂ ਹੀ ਏਥੇ ਬਾਂਦਰ-ਪਰਬਤ 'ਤੇ ਹੀ ਬਹਾਰ ਦੇ ਆਉਣ ਦੀ ਉਡੀਕ ਕਰਦੇ ਆਏ ਹਾਂ ਅਤੇ ਉਹ ਹਮੇਸ਼ਾ ਹੀ ਆਉਂਦੀ ਰਹੀ ਹੈ। ਸਮਝੇ, ਪੁੱਤਰਾ ? ਬੱਸ, ਅਸੀਂ ਉਡੀਕ ਹੀ ਕਰ ਸਕਦੇ ਹਾਂ"।

"ਕਿਉਂ ਭਲਾ ? ਜੇ ਬਹਾਰ ਸਾਡੇ ਪਾਸ ਨਹੀਂ ਆਉਂਦੀ, ਤਾਂ ਸਾਨੂੰ ਉਸ ਨੂੰ ਮਿਲਣ ਲਈ ਉਸ ਦੇ ਕੋਲ ਜਾਣਾ ਚਾਹੀਦੈ। ਮੈਂ ਤਾਂ ਜਾ ਰਿਹਾਂ। ਮੈਂ ਇਸ ਪਰਬਤ ਤੋਂ ਹੇਠਾਂ ਜਾਵਾਂਗਾ ਅਤੇ ਬਹਾਰ ਨੂੰ 'ਖ਼ੁਸ਼-ਆਮਦੀਦ' ਆਖਣ ਲਈ ਉਥੇ ਅੱਪੜਾਂਗਾ।"

"ਜਾ, ਇਸ ਪਹਾੜ ਤੋਂ ਹੇਠਾਂ ਜਾ !" ਦਾਨਕੀਚੀ ਹੈਰਾਨੀ ਨਾਲ, ਆਪਣੇ ਪੈਰਾਂ 'ਤੇ ਹੀ ਉੱਛਲਿਆ। "ਜੇ ਅਸੀਂ ਬਾਂਦਰ-ਪਰਬਤ ਨੂੰ ਛੱਡ ਦਿਆਂਗੇ ਤਾਂ ਕੀ ਅਸੀਂ ਉਹ ਸੱਭ ਕੁੱਝ ਗੁਆ ਨਹੀਂ ਬੈਠਾਂਗੇ, ਜੋ ਏਥੇ ਸਾਡੇ ਪਾਸ ਹੈ ? ! ਕਦਾ-ਚਿਤ ਨਹੀਂ !"

ਫਿਰ ਦਾਨਕੀਚੀ ਦੀਆਂ ਝਲਕਦੀਆਂ ਅੱਖਾਂ ਦੇ ਐਨ ਅੱਗੇ, ਉਹ ਨਿੱਕਾ-ਜਿੰਨਾ ਬਾਂਦਰ, ਜਿਹਨੇ ਉਹ ਗੱਲ ਕੀਤੀ ਸੀ, ਆਪਣੀ ਮਾਂ ਦੀਆਂ ਬਾਹਾਂ ਵਿਚੋਂ ਨਿਕਲਿਆ ਅਤੇ ਗੁਫਾ ਦੇ ਫ਼ਰਸ਼ ਤੇ ਦੁੜੰਗੇ ਮਾਰਦਾ ਹੋਇਆ, ਦਰਵਾਜ਼ੇ ਵਲ ਵਧਿਆ। ਫਿਰ ਉੱਤੋ-ੜਿੱਤੀ ਹੋਰ ਨਿੱਕੇ-ਨਿੱਕੇ ਬਾਂਦਰ ਵੀ ਉਸ ਦੇ ਪਿੱਛੇ ਭੱਜ ਉੱਠੇ। ਉਹ ਬਾਹਰ ਵਲ ਨੂੰ ਦੌੜੇ ਅਤੇ ਦੂਰ, ਦੂਰ ਪਰ੍ਹੇ ਦੇ ਉਸ ਪਹਾੜ ਵਲ ਵਧਣ ਲੱਗੇ, ਜਿਸ ਵਲ ਉਸ ਨਿੱਕੇ-ਜਿਹੇ ਬਾਂਦਰ ਦੀ ਮਾਂ ਨੇ ਇਸ਼ਾਰਾ ਕੀਤਾ ਸੀ। ਉਹਨਾਂ ਦੀਆਂ ਨਿੱਕੀਆਂ-ਨਿੱਕੀਆਂ ਲੱਤਾਂ, ਪਹਾੜ ਦੇ ਪੱਸਿਆਂ 'ਤੇ ਪਈ ਬਰਫ਼ ਵਿੱਚ ਧੱਸਦੀਆਂ-ਖੁੱਭਦੀਆਂ ਜਾ ਰਹੀਆਂ ਸਨ। ਐਨ ਉਹਨਾਂ ਦੇ ਪਿੱਛੇ-ਪਿੱਛੇ ,ਉਹਨਾਂ ਦੀਆਂ ਮਾਵਾਂ ਪਿੱਛਾ ਕਰਦੀਆਂ ਜਾ ਰਹੀਆਂ ਸਨ।

ਦਾਨਕੀਚੀ ਆਪਣੇ ਚਿਹਰੇ 'ਤੇ ਇੱਕ ਖ਼ਾਲੀ-ਖ਼ਾਲੀ ਭਾਵ ਲਈ, ਉਹਨਾਂ ਨੂੰ ਗਹੁ ਨਾਲ ਵੇਖ ਰਿਹਾ ਸੀ। ਫਿਰ ਉਸ ਨੇ ਅਚਾਨਕ ਇੱਕ ਗੇੜਾ ਕੱਢਿਆ ਅਤੇ ਗੁਫਾ ਵਿਚ, ਸਾਰਿਆਂ ਨੂੰ ਉੱਚੀ-ਉੱਚੀ ਆਖਿਆ।

"ਠੀਕ ਹੈ, ਤੁਸੀਂ ਸਾਰੇ, ਆਉ, ਹੁਣ ਪਹਾੜ ਤੋਂ ਹੇਠਾਂ ਵਲ ਨੂੰ ਚੱਲੀਏ ! ਅਸੀਂ ਬਹਾਰ ਨੂੰ ਮਿਲਣ ਲਈ ਜਾਵਾਂਗੇ ! ਸੱਭ ਤੋਂ ਪਹਿਲਾਂ, ਅਸੀਂ ਉਹ ਅਗਲਾ ਪਹਾੜ ਪਾਰ ਕਰਾਂਗੇ।"

ਛੇਤੀ ਹੀ, ਸਾਰੇ ਬਾਂਦਰ ਗੁਫਾ ਦੇ ਬੂਹੇ 'ਤੇ ਜਮ੍ਹਾ ਹੋ ਗਏ।

ਛੋਟੇ ਬਾਂਦਰ, ਮਾਂ-ਬਾਂਦਰੀਆਂ ਮਗਰ ਕਤਾਰ ਬਣਾਈ ਖੜੇ ਸਨ। ਫਿਰ ਆਏ ਕਬੀਲੇ ਦੇ ਆਗੂ ਅਤੇ ਬਿਰਧ ਬਾਂਦਰ ਵੀ ਜੁਲੂਸ ਵਿੱਚ ਸ਼ਾਮਿਲ ਹੋ ਗਏ।

ਜਿਉਂ ਹੀ ਉਸ ਨੂੰ ਪੱਕ ਹੋ ਗਿਆ ਕਿ ਆਖ਼ਰੀ ਬਾਂਦਰ ਗ਼ਾਰ ਵਿਚੋਂ ਬਾਹਰ ਚਲਾ ਗਿਆ ਹੈ, ਤਾਂ ਦਾਨਕੀਚੀ ਸਾਰੇ ਕਬੀਲੇ ਕੋਲੋਂ ਦੀ, ਦੌੜਦਾ ਹੋਇਆ, ਅੱਗੇ ਪੁੱਜ ਗਿਆ, ਜੁਲੂਸ ਦੇ ਮੁਹਰੇ ਆਪਣਾ ਸਥਾਨ ਲੈਣ ਵਾਸਤੇ ਅਤੇ ਡੂੰਘੀ ਬਰਫ਼ ਵਿੱਚ ਬੁਰੀ ਤਰ੍ਹਾਂ ਧੱਸਦਾ-ਖੁੱਭਦਾ, ਆਪਣਾ ਰਾਹ ਬਣਾਉਂਦਾ, ਅੱਗੇ ਵਧਣ ਲੱਗਾ।

ਦਾਨਕੀਚੀ ਅਤੇ ਬਾਂਦਰਾਂ ਦਾ ਉਸ ਦਾ ਕਬੀਲਾ, ਵਾਦੀ ਵਿਚੋਂ ਦੀ ਲੰਘਿਆ, ਉਹਨਾਂ ਇੱਕ ਯੱਖ਼ ਹੋਇਆ ਦਰਿਆ ਪਾਰ ਕੀਤਾ ਅਤੇ ਇੱਕ ਕੱਕਰੀਲੇ ਵਣ ਵਿਚੋਂ ਦੀ ਘਿਸਟਦੇ ਹੋਏ ਅੱਗੇ ਵਧੇ।



ਬਹੁਤਾ ਸਮਾਂ ਨਹੀਂ ਸੀ ਬੀਤਿਆ ਕਿ ਬਾਂਦਰਾਂ ਦੀ ਕਤਾਰ ਫੈਲਰਦੀ ਗਈ, ਪਰ ਫਿਰ ਵਧੇਰੇ ਤਕੜੇ ਜਵਾਨ ਬਾਂਦਰਾਂ ਨੇ, ਬਾਲ-ਬਾਂਦਰਾਂ ਨੂੰ, ਉਹਨਾਂ ਦੀਆਂ ਥੱਕੀਆਂ ਹਾਰੀਆਂ ਮਾਵਾਂ ਦੀਆਂ ਬਾਹਵਾਂ ਵਿਚੋਂ ਆਪਣੇ ਕੋਲ ਲੈ ਲਿਆ ਅਤੇ ਉਹਨਾਂ ਨੂੰ ਆਪਣੀਆਂ ਪਿੱਠਾਂ 'ਤੇ ਬਿਠਾ ਕੇ ਤੁਰਨ ਲੱਗੇ, ਡਗਮਗਾਉਂਦੇ ਲੜਖੜਾਉਂਦੇ ਬਿਰਧ ਬਾਂਦਰਾਂ ਨੂੰ, ਜਵਾਨ ਬਾਂਦਰਾਂ ਨੇ ਰਾਹ ਵਿੱਚ, ਉਹਨਾਂ ਦੀ ਮਦਦ ਕਰਨ ਲਈ, ਬਾਹਵਾਂ ਤੋਂ ਫੜ ਲਿਆ।

ਫਿਰ ਵੀ, ਤੁਸੀਂ ਕਲਪਨਾਂ ਨਹੀਂ ਕਰ ਸਕਦੇ ਕਿ ਕਬੀਲੇ ਨੂੰ, ਆਪਣੇ ਸਫ਼ਰ ਵਿੱਚ ਕਿੰਨੀਆਂ ਤਕਲੀਫ਼ ਦਾ ਸਾਹਮਣਾ ਕਰਨਾ ਪਿਆ ਅਤੇ ਕਿੰਨੇ ਬਾਂਦਰ, ਬਰਫ਼ ਵਿੱਚ ਥੱਕ-ਟੁੱਟ ਕੇ ਢਹਿ ਪਏ ! ਤਾਂ ਵੀ, ਜਲੂਸ ਰੁਕੇ ਬਗੈਰ ਅੱਗੇ ਵੱਧਦਾ ਗਿਆ, ਇੱਕ ਵਾਰੀ ਪਿੱਛੇ ਮੁੜ ਕੇ ਵੇਖੇ ਬਿਨਾਂ, ਬਹਾਰ ਵਲ, ਨਵ-ਜੀਵਨ ਵਲ, ਹਮੇਸ਼ਾ ਅੱਗੇ ਹੀ ਅੱਗੇ ............

...................

ਭਲਾ ਇਸ ਨੂੰ ਕਿੰਨਾ ਸਮਾਂ ਲੱਗਾ ? ਕੁੱਝ ਨੂੰ ਇਉਂ ਜਾਪਿਆ ਕਿ ਇਹ ਸਦਾ-ਸਦਾ ਲਈ ਹੈ, ਹੋਰਨਾਂ ਲਈ, ਜਿਵੇਂ ਸਮੇਂ ਦੇ ਸੱਭ ਅਰਥ ਹੀ ਗੁੰਮ-ਗੁਆਚ ਗਏ ਹੋਣ !

ਇੱਕ ਦਿਨ, ਇੱਕ ਛੋਟਾ-ਜਿਹਾ ਬਾਂਦਰ ਚਿੱਲਾਇਆ, "ਹੈਂ ਜੀ, ਮੈਨੂੰ ਅਹੁ ਅੱਗੇ ਵਾਲੇ ਪਹਾੜ 'ਤੇ ਇੱਕ ਸਾਫ਼ ਥਾਂ ਵਿਖਾਈ ਦੇ ਰਹੀ ਹੈ— ਇਉਂ ਜਾਪਦਾ ਹੈ ਕਿ ਉਥੇ ਬਰਫ਼ ਬਿੱਲਕੁਲ ਨਹੀਂ ! ਅਤੇ ਵਾਹ, ਹਵਾ ਵਿਚੋਂ ਕੇਹੀ ਸੱਜਰੀ ਸੁਗੰਧ ਆ ਰਹੀ ਹੈ !"

ਇਹ ਸੁਣ ਕੇ ਦਾਨਕੀਚੀ ਨੂੰ ਅਚਨਚੇਤੀ, ਆਪਣਾ ਜਿਸਮ ਢਿੱਲਾ-ਢਿੱਲਾ, ਹਲਕਾ-ਹਲਕਾ ਮਹਿਸੂਸ ਹੋਇਆ। "ਆਹ, ਇਹ ਤਾਂ ਨਿਰਸੰਦੇਹ ਹੀ ਬਹਾਰ ਦੀ ਸਮੀਰ ਹੈ" !

ਨਰਮ-ਨਰਮ, ਨਿੱਘੀ-ਨਿੱਘੀ ਸਮੀਰ ਨੇ ਦਾਨਕੀਚੀ ਦੀਆਂ ਗੱਲ੍ਹਾਂ ਨੂੰ ਸਹਿਲਾਇਆ-ਸਪਰੱਸ਼ਾਇਆ, ਤਾਂ ਉਹ, ਜਿਸ ਨੇ, ਦਿਨ-ਰਾਤ ਆਪਣੇ ਕਬੀਲੇ ਦੀ ਰਾਹ-ਨੁਮਾਈ ਕੀਤੀ ਸੀ, ਡੂੰਘੀ ਬਰਫ਼ ਵਿਚੋਂ ਦੀ ਰਾਹ ਬਣਾਉਂਦਾ ਹੋਇਆ, ਮਹਿਸੂਸ ਕਰਨ ਲੱਗਾ ਕਿ ਉਸ ਦੀ ਸੱਤਾ, ਉਸ ਨੂੰ ਜਵਾਬ ਦੇ ਰਹੀ ਹੈ ਅਤੇ ਜਿਉਂ ਹੀ ਉਸਦੇ ਗੋਡੇ ਮੁੜੇ, ਉਹ ਬਰਫ਼ ਵਿੱਚ ਢਹਿ ਪਿਆ।

"ਇਹ ਬਹਾਰ ਹੈ ! ਇਹ ਬਹਾਰ ਹੈ !"

"ਹਾਂ ਜੀ, ਅਸੀਂ ਬਹਾਰ ਕੋਲ ਪਹੁੰਚ ਗਏ ਹਾਂ !"

ਨਿੱਕੇ-ਨਿੱਕੇ ਬਾਂਦਰਾਂ ਦੇ ਬੋਲ, ਖ਼ੁਸ਼ੀ ਨਾਲ ਗੂੰਜਣ ਲੱਗੇ, ਜਿਉਂ ਹੀ ਉਹ ਥੱਲੇ ਡਿੱਗੇ ਹੋਏ ਦਾਨਕੀਚੀ ਦੀ ਪਿੱਠ 'ਤੇ ਹੌਲੀ-ਹੌਲੀ ਚੜ੍ਹਨ ਲੱਗੇ ਅਤੇ ਅੱਗੇ ਵਲ ਨੂੰ ਛਾਲਾਂ ਮਾਰਨ ਡਿੱਗਣ-ਉੱਠਣ ਲੱਗੇ। ਜਵਾਨ ਅਤੇ ਬਿਰਧ ਬਾਂਦਰ, ਦੋਵੇਂ ਹੀ ਬਰਾਬਰ, ਆਪਣੇ ਆਗੂ ਦੇ ਉਤੋਂ ਦੀ ਟੱਪਣ ਲੱਗੇ ਅਤੇ ਜਿੰਨੀ ਤੇਜ਼ੀ ਨਾਲ ਉਹਨਾਂ ਦੀਆਂ ਹੰਭੀਆਂ-ਹੁੱਟੀਆਂ ਲੱਤਾਂ ਉਹਨਾਂ ਨੂੰ ਲਿਜਾ ਸਕਦੀਆਂ ਸਨ, ਉਹ ਅੱਗੇ-ਤੋਂ-ਅੱਗੇ ਦੌੜਦੇ ਗਏ। ਬਰਫ਼ ਵਿੱਚ ਇਕੱਲਾ ਰਹਿ ਗਿਆ ਦਾਨਕੀਚੀ, ਖ਼ੁਸ਼ੀ ਵਿੱਚ ਚਾਂਗਰਾਂ ਮਾਰਨ ਲੱਗਾ। ਛੋਟੇ-ਛੋਟੇ ਬਾਂਦਰਾਂ ਦੇ ਖ਼ੁਸ਼-ਖ਼ੁਸ਼ ਬੋਲ ਸੁਣ ਕੇ, ਉਹਨੇ ਆਪਣੀਆਂ ਮਨ-ਅੱਖਾਂ 'ਚੋਂ ਉਹ ਆਨੰਦ-ਦਾ ਇਕ ਦ੍ਰਿਸ਼ ਵੇਖਿਆ, ਜਿਸ ਵਿੱਚ ਕਿ ਨਿੱਕੇ-ਨਿੱਕੇ ਬਾਂਦਰ, ਬਹਾਰ ਦੇ ਮੌਸਮ ਦੇ, ਖਿੜੇ-ਫੁੱਲਾਂ ਨਾਲ ਖੇਤ ਵਿਚੋਂ ਦੀ, ਨੱਚਦੇ-ਟੱਪਦੇ, ਦੌੜਦੇ ਭੱਜਦੇ ਜਾ ਰਹੇ ਸਨ।

"ਜੀਉਂਦੇ ਰਹੋ, ਨਿੱਕੇ-ਨਿੱਕੇ ਤਕੜੇ ਤੇ ਤੰਦਰੁਸਤ ਬਾਂਦਰੋ ..............."

ਸਹਿਜੇ-ਸਹਿਜੇ ਇਹ ਸ਼ਬਦ ਫੁਸਫੁਸਾਉਂਦਿਆਂ ਦਾਨਕੀਚੀ ਨੇ, ਉਥੇ ਹੀ ਸੁਆਸ ਛੱਡ ਦਿੱਤੇ ਅਤੇ ਸਦਾ ਲਈ ਖ਼ਾਮੋਸ਼ ਹੋ ਗਿਆ !

"ਜੇ ਬਹਾਰ ਸਾਡੇ ਪਾਸ ਨਹੀਂ ਆਉਂਦੀ, ਤਾਂ ਸਾਨੂੰ ਬਹਾਰ ਨੂੰ ਮਿਲਣ ਜਾਣਾ ਚਾਹੀਦਾ ਹੈ।"

Indian Insti... Advance...
116220
23/11/2004
SHIMLA

I. I. A. S. LIBRARY

Acc. No.

This book was issued from the library on the date last stamped. It is due back within one month of its date of issue, if not recalled earlier.

CP&SHPS—519.I.I.A.S./2004-25-6-2004-20000.

ਵਰਤਮਾਨ ਯੁੱਗ ਦੇ ਤਰਕਹੀਣ ਵਿਕਾਸ ਦੀ ਪਛਾਣ ਹੋਣ ਲੱਗ ਪਈ ਹੈ — ਆਪਸੀ ਅਵਿਸ਼ਵਾਸ, ਸਵਾਰਥ, ਲਾਲਚ ਅਤੇ ਟੱਕਰਾਅ। ਆਪਣੀ ਸੰਵੇਦਨਾ ਅਤੇ ਹਮਦਰਦੀ ਦੇ ਬਾਵਜੂਦ ਪੁਰਾਣੀ ਅਤੇ ਪਿਛਲੀ ਪੀੜ੍ਹੀ ਆਪਣੀਆਂ ਗਲਤੀਆਂ ਨੂੰ ਦੋਹਰਾਉਂਦੀ ਰਹੀ ਹੈ। ਇਸੇ ਪਿੱਠਭੂਮੀ ਵਿਚ ਲਿਖੀ, ਤਾਜੀਮਾ ਸ਼ਿਨਜ਼ੀ ਦੀ ਇਸ ਪੁਸਤਕ ਵਿਚ ਸੰਕਲਿਤ ਪੰਜੋ ਕਹਾਣੀਆਂ ਮਨੁੱਖੀ ਹੋਂਦ ਅਤੇ ਆਦਰਸ਼ ਦੇ ਵੱਖ-ਵੱਖ ਪੱਖਾਂ ਨੂੰ ਪੇਸ਼ ਕਰਦੀਆਂ ਹਨ ਕਿ ਮਨੁੱਖੀ ਜੀਵਨ ਦਾ ਮਨੋਰਥ ਸਿਰਫ ਭੌਤਿਕ ਸਫਲਤਾ ਪ੍ਰਾਪਤ ਕਰਨਾ ਹੀ ਨਹੀਂ। ਕੋਈ ਵੀ ਚਾਹ ਜਾਂ ਸੱਧਰ, ਜਿਸ ਨੂੰ ਪਿਆਰ ਨਾਲ ਸਤੁਲਿਤ ਨਾ ਕੀਤਾ ਜਾਵੇ, ਆਤਮਾ ਦਾ ਘਾਤ ਕਰ ਦਿੰਦੀ ਹੈ। ਮਨੁੱਖੀ ਜੀਵਨ ਨੂੰ ਖ਼ੂਬਸੂਰਤ ਬਣਾਉਣ ਵਾਲੀ ਜੀਵਨ ਦੀ ਸਮਗ੍ਰੱਤਾ 'ਤੇ ਧਿਆਨ ਦਿੱਤੇ ਬਗੈਰ, ਸੁਪਨਿਆਂ ਨੂੰ ਸਾਕਾਰ ਕਰਨ ਦਾ ਯਤਨ ਸਾਡਾ ਸਭਨਾਂ ਦਾ ਵਿਨਾਸ਼ ਕਰ ਸਕਦਾ ਹੈ।

ਅੱਜ ਜਦ ਕਿ ਅਸਹਿਣਸ਼ੀਲਤਾ, ਹਿੰਸਾ, ਮਾਰ-ਧਾੜ ਅਤੇ ਯੁੱਧ, ਸਾਨੂੰ ਉਹਨਾਂ ਮਨੁੱਖੀ ਆਦਰਸ਼ਾਂ ਅਤੇ ਗੁਣਾਂ ਤੋਂ ਲਾਂਭੇ ਲਿਜਾ ਰਹੇ ਹਨ— ਜੋ ਸਾਡੇ ਜੀਵਨ ਨੂੰ ਖ਼ੂਬਸੂਰਤ ਤੇ ਜੀਊਣ-ਯੋਗ ਬਣਾਉਂਦੇ ਰਹੇ ਹਨ, ਇਹ ਕਹਾਣੀਆਂ ਦੱਸਦੀਆਂ ਹਨ ਕਿ ਸਾਨੂੰ ਆਪਣੇ ਜੀਵਨ ਨੂੰ ਸੁੰਦਰ ਬਣਾਉਣ ਦੇ ਰਾਹ ਵਿਚ ਪੇਸ਼ ਆਉਣ ਵਾਲੀਆਂ ਰੋਕਾਂ-ਰੁਕਾਵਟਾਂ ਉਤੇ ਜਿੱਤ ਪ੍ਰਾਪਤ ਕਰਨੀ ਹੋਵੇਗੀ ਅਤੇ ਸੰਘਰਸ਼ ਦੇ ਨਾਲ, ਆਪਣਾ ਵਚਨ ਨਿਭਾਉਣ ਦੀ ਪੂਰੀ ਤਿਆਰੀ ਕਰਨੀ ਹੋਵੇਗੀ।

ਇਹ ਪੁਸਤਕ ਸਮਰਪਿਤ ਹੈ, ਉਹਨਾਂ ਬਚਿਆਂ ਅਤੇ ਵੱਡਿਆਂ ਨੂੰ, ਜੋ ਅਵਿਸ਼ਵਾਸ ਅਤੇ ਮੁਸ਼ਕਿਲਾਂ ਦੇ ਬਾਵਜੂਦ ਇਕੀਵੀਂ ਸਦੀ ਵਲ ਆਸ਼ਾ ਅਤੇ ਦ੍ਰਿੜ੍ਹਤਾ ਨਾਲ ਵਧ ਰਹੇ ਹਨ।



ISBN 81-7201-525-9

Library IIAS, Shimla
P 028.5 Sh 63 A
00116220

30 ਰੁਪਏ